18-FEB-PAGE-1.qxd add.qxd 2/17/2023 9:15 PM Page 1

ਸ਼ਨੀਵਾਰ, 18 ਫਰਵਰੀ, 2023
6 ਫੱਗਣ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 259

# ਨਵਾਂ ਜ਼ਮਾਨਾ

DAILY NAWAN ZAMANA • SATURDAY, 18 FEBRUARY, 2023

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

## 10 ਸੰਵੇਦਨਸ਼ੀਲ ਅਦਾਰੇ ਆਮ ਲੋਕਾਂ ਲਈ ਬੰਦ

**ਨਵੀਂ ਦਿੱਲੀ :** ਰਾਜਾਂ ਅਤੇ ਇਕ ਕੇਂਦਰ ਸ਼ਾਸਤ ਪ੍ਰਦੇਸ਼ ਵਿਚ 10 ਸੰਵੇਦਨਸ਼ੀਲ ਅਦਾਰਿਆਂ ਨੂੰ ਆਮ ਜਨਤਾ ਲਈ ਬੰਦ ਕਰਨ ਦਾ ਐਲਾਨ ਕੀਤਾ ਗਿਆ ਹੈ। ਕੇਂਦਰ ਨੇ ਕਿਹਾ ਕਿ ਇਨ੍ਹਾਂ ਸੰਵੇਦਨਸ਼ੀਲ ਅਦਾਰਿਆਂ ਦੇ ਅਹਾਤੇ ਵਿੱਚ ਕੀਤੀਆਂ ਜਾਣ ਵਾਲੀਆਂ ਕੁਝ ਗਤੀਵਿਧੀਆਂ 'ਤੇ ਭਾਰਤ ਦੇ ਦੁਸ਼ਮਣਾਂ ਦੀ ਅੱਖ ਹੋ ਸਕਦੀ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਅਧਿਕਾਰਤ ਸੀਕਰੇਟਸ ਐਕਟ ਤਹਿਤ ਨੋਟੀਫਿਕੇਸ਼ਨ ਵਿੱਚ ਕਿਹਾ ਕਿ ਤਿਲੰਗਾਨਾ, ਰਾਜਸਥਾਨ, ਛੱਤੀਸਗੜ੍ਹ, ਮੱਧ ਪ੍ਰਦੇਸ਼, ਬਿਹਾਰ, ਕੇਰਲ ਅਤੇ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਵਿੱਚ ਇਹ ਸੰਵੇਦਨਸ਼ੀਲ ਅਦਾਰੇ ਹਨ।

## ਸ਼ੌਕ ਦਾ ਮੁੱਲ ਨਹੀਂ

**ਸ਼ਿਮਲਾ :** ਰਜਿਸਟ੍ਰੇਸ਼ਨ ਅਤੇ ਲਾਇਸੈਂਸਿੰਗ ਅਥਾਰਟੀ ਕੋਟਖਾਈ ਨੂੰ ਸਕੂਟੀ ਲਈ ਫੈਂਸੀ ਰਜਿਸਟ੍ਰੇਸ਼ਨ ਨੰਬਰ (ਐੱਚ ਪੀ 99-9999) ਲਈ 1.12 ਕਰੋੜ ਰੁਪਏ ਦੀ ਆਨਲਾਈਨ ਬੋਲੀ ਪ੍ਰਾਪਤ ਹੋਈ ਹੈ। ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਬੋਲੀ ਲਈ ਰਾਖਵੀਂ ਕੀਮਤ 1,000 ਰੁਪਏ ਸੀ ਅਤੇ ਇਸ ਨੰਬਰ ਲਈ 26 ਵਿਅਕਤੀਆਂ ਨੇ ਬੋਲੀ ਲਗਾਈ ਸੀ। ਹੁਣ ਤੱਕ ਸਭ ਤੋਂ ਵੱਧ ਬੋਲੀ 1,12,15,500 ਰੁਪਏ ਦੀ ਹੈ, ਜੋ ਆਨਲਾਈਨ ਪ੍ਰਾਪਤ ਹੋਈ ਹੈ। ਸ਼ੁੱਕਰਵਾਰ ਬੋਲੀ ਦਾ ਆਖਰੀ ਦਿਨ ਸੀ।

## ਪਾਸਪੋਰਟ ਲਈ ਨਵੀਂ ਐਪ

**ਨਵੀਂ ਦਿੱਲੀ :** ਵਿਦੇਸ਼ ਮੰਤਰਾਲੇ ਨੇ ਪਾਸਪੋਰਟ ਜਾਰੀ ਕਰਨ ਦੀ ਪੁਲਸ ਤਸਦੀਕ ਦੀ ਪ੍ਰਕਿਰਿਆ ਨੂੰ ਸੁਚਾਰੂ ਅਤੇ ਤੇਜ਼ ਕਰਨ ਲਈ ਐੱਮਪਾਸਪੋਰਟ ਪੁਲਸ ਐਪ (mPassport Police App) ਲਾਂਚ ਕੀਤੀ ਹੈ। ਦਿੱਲੀ ਦੇ ਖੇਤਰੀ ਪਾਸਪੋਰਟ ਅਫਸਰ ਅਭਿਸ਼ੇਕ ਦੂਬੇ ਨੇ ਦੱਸਿਆ ਕਿ ਟੈਬਲੇਟਾਂ ਦੀ ਵਰਤੋਂ ਨਾਲ ਤਸਦੀਕ ਕਰਨ ਨਾਲ ਤਸਦੀਕ ਦਾ ਸਮਾਂ 15 ਦਿਨਾਂ ਤੋਂ ਘਟ ਕੇ ਪੰਜ ਦਿਨ ਹੋ ਜਾਵੇਗਾ, ਜਿਸ ਨਾਲ ਪਾਸਪੋਰਟ ਜਾਰੀ ਕਰਨ ਦਾ ਸਮਾਂ ਦਸ ਦਿਨਾਂ ਤੱਕ ਘਟੇਗਾ।

## ਕਟੜਾ 'ਚ ਭੁਚਾਲ ਦੇ ਝਟਕੇ

**ਜੰਮੂ :** ਰਿਆਸੀ ਜ਼ਿਲ੍ਹੇ ਦੇ ਕਟੜਾ ਇਲਾਕੇ 'ਚ ਸ਼ੁੱਕਰਵਾਰ ਸਵੇਰੇ 3.6 ਦੀ ਸ਼ਿੱਦਤ ਨਾਲ ਭੁਚਾਲ ਆਇਆ, ਪਰ ਕਿਸੇ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਸੂਚਨਾ ਨਹੀਂ ਮਿਲੀ। ਭੁਚਾਲ ਸਵੇਰੇ 5.01 ਵਜੇ 10 ਕਿਲੋਮੀਟਰ ਦੀ ਡੂੰਘਾਈ 'ਤੇ ਆਇਆ। ਭੁਚਾਲ ਦਾ ਕੇਂਦਰ ਕਟੜਾ ਤੋਂ 97 ਕਿਲੋਮੀਟਰ ਪੂਰਬ ਵੱਲ ਸੀ।

# ਅਮਰੀਕੀ ਖਰਬਪਤੀ ਵੱਲੋਂ ਮੋਦੀ ਦੇ ਕਮਜ਼ੋਰ ਪੈਣ ਦੀ ਭਵਿੱਖਬਾਣੀ

**ਨਵੀਂ ਦਿੱਲੀ :** ਕੇਂਦਰੀ ਮੰਤਰੀ ਸਿਮਰਤੀ ਈਰਾਨੀ ਨੇ ਅਮਰੀਕਾ ਦੇ ਖਰਬਪਤੀ ਕਾਰੋਬਾਰੀ ਜਾਰਜ ਸੋਰੋਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਬਿਆਨ ਨੂੰ ਵਿਦੇਸ਼ੀ ਸਾਜ਼ਿਸ਼ ਕਰਾਰ ਦਿੱਤਾ ਹੈ। ਸੋਰੋਸ ਨੇ ਵੀਰਵਾਰ ਰਾਤ ਮਿਊਨਿਖ ਸਕਿਉਰਟੀ ਕਾਨਫਰੰਸ ਵਿਚ ਕਿਹਾ ਸੀ ਕਿ ਭਾਰਤ ਜਮਹੂਰੀ ਦੇਸ਼ ਹੈ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਮਹੂਰੀ ਨਹੀਂ ਹਨ। ਉਨ੍ਹਾ ਦੇ ਤੇਜ਼ੀ ਨਾਲ ਵੱਡਾ ਆਗੂ ਬਣਨ ਦੀ ਅਹਿਮ ਵਜ੍ਹਾ ਮੁਸਲਮਾਨਾਂ 'ਤੇ ਕੀਤੀ ਗਈ ਹਿੰਸਾ ਹੈ। ਸਿਮਰਤੀ ਨੇ ਕਿਹਾ ਕਿ ਵਿਦੇਸ਼ੀ ਧਰਤੀ ਤੋਂ ਭਾਰਤ ਦੇ ਜਮਹੂਰੀ ਢਾਂਚੇ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਇਹ ਭਾਰਤ ਦੀ ਜਮਹੂਰੀਅਤ ਵਿਚ ਦਖਲ ਦੇਣ ਦੀ ਕੋਸ਼ਿਸ਼ ਹੈ। ਉਨ੍ਹਾ ਦੋਸ਼ ਲਾਇਆ ਕਿ ਸੋਰੋਸ ਪ੍ਰਧਾਨ ਮੰਤਰੀ ਨੂੰ ਹੀ ਨਹੀਂ, ਭਾਰਤੀ ਜਮਹੂਰੀ ਸਿਸਟਮ 'ਤੇ ਵੀ ਹਮਲਾ ਕਰ ਰਹੇ ਹਨ। ਉਹ ਹਿੰਦੁਸਤਾਨ ਵਿਚ ਅਜਿਹੀ ਵਿਵਸਥਾ ਬਣਾਉਣਾ ਚਾਹੁੰਦੇ ਹਨ, ਜਿਸ ਵਿਚ ਸਰਕਾਰ ਚਲਾਉਣ ਵਾਲੇ ਉਨ੍ਹਾ ਦੀ ਪਸੰਦ ਦੇ ਹੋਣਗੇ। ਭਾਰਤ ਵਿਰੁੱਧ ਅਜਿਹੀ ਜੰਗ ਛੇੜੀ ਗਈ ਹੈ, ਜਿਸ ਦੇ ਕੇਂਦਰ ਵਿਚ ਮੋਦੀ ਹਨ। ਹਰ ਭਾਰਤੀ ਨੂੰ ਇਸ ਦਾ ਮੂੰਹ-ਤੋੜ ਜਵਾਬ ਦੇਣਾ ਚਾਹੀਦਾ ਹੈ। ਸੋਰੋਸ ਨੇ ਭਾਰਤ ਤੇ ਹੋਰਨਾਂ ਜਮਹੂਰੀ ਪ੍ਰਬੰਧਾਂ ਵਿਚ ਦਖਲ ਦੇਣ ਲਈ ਇਕ ਅਰਬ ਅਮਰੀਕੀ ਡਾਲਰ ਦਾ ਫੰਡ ਕਾਇਮ ਕੀਤਾ ਹੈ। ਮਿਊਨਿਖ ਸਕਿਉਰਟੀ ਕਾਨਫਰੰਸ ਵਿਚ ਬੋਲਦਿਆਂ ਸੋਰੋਸ ਨੇ ਕਿਹਾ ਕਿ ਭਾਰਤ ਕਵਾਡ ਦਾ ਮੈਂਬਰ ਹੈ, ਜਿਸ ਵਿਚ ਆਸਟਰੇਲੀਆ, ਅਮਰੀਕਾ ਤੇ ਜਾਪਾਨ ਵੀ ਉਸ ਦੇ ਨਾਲ ਹਨ। ਇਸ ਦੇ ਬਾਵਜੂਦ ਭਾਰਤ ਰੂਸ ਤੋਂ ਵੱਡੇ ਡਿਸਕਾਊਂਟ 'ਤੇ ਤੇਲ ਖਰੀਦ ਕੇ ਮੁਨਾਫਾ ਕਮਾ ਰਿਹਾ ਹੈ। ਉਨ੍ਹਾ ਇਹ ਵੀ ਕਿਹਾ—ਸਟਾਕ ਮਾਰਕਿਟ ਵਿਚ ਅਡਾਨੀ ਦੇ ਸ਼ੇਅਰ ਤਾਸ਼ ਦੇ ਪੱਤਿਆਂ ਦੀ



ਤਰ੍ਹਾਂ ਬਿਖਰ ਗਏ। ਮੋਦੀ ਤੇ ਅਡਾਨੀ ਇਕ-ਦੂਜੇ ਦੇ ਸਹਿਯੋਗੀ ਹਨ। ਅਡਾਨੀ ਨੇ ਸਟਾਕ ਮਾਰਕਿਟ ਰਾਹੀਂ ਫੰਡ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਨਾਕਾਮ ਰਹੇ। ਮੋਦੀ ਇਸ ਬਾਰ ਚੁੱਪ ਹਨ, ਪਰ ਉਨ੍ਹਾ ਨੂੰ ਵਿਦੇਸ਼ੀ ਨਿਵੇਸ਼ਕਾਂ ਤੇ ਸੰਸਦ ਵਿਚ ਉੱਠੇ ਸਵਾਲਾਂ ਦਾ ਜਵਾਬ ਦੇਣਾ ਪਵੇਗਾ, ਜਿਸ ਨਾਲ ਸਰਕਾਰ 'ਤੇ ਉਨ੍ਹਾ ਦੀ ਪਕੜ ਕਮਜ਼ੋਰ ਹੋਵੇਗੀ। ਮੈਂ ਅਨਾੜੀ ਹੋ ਸਕਦਾ ਹਾਂ, ਪਰ ਮੈਂ ਭਾਰਤ ਵਿਚ ਫਿਰ ਤੋਂ ਜਮਹੂਰੀਅਤ ਦੇ ਆਉਣ ਦੀ ਉਮੀਦ ਕਰ ਰਿਹਾ ਹਾਂ।

ਸੋਰੋਸ ਨੇ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਤੇ ਕਸ਼ਮੀਰ ਵਿਚ ਧਾਰਾ 370 ਖਤਮ ਕਰਨ 'ਤੇ ਵੀ ਮੋਦੀ ਦੀ ਅਲੋਚਨਾ ਕੀਤੀ ਸੀ। ਉਨ੍ਹਾ ਕਿਹਾ ਸੀ ਕਿ ਭਾਰਤ ਹਿੰਦੂ ਰਾਸ਼ਟਰ ਬਣਨ ਵੱਲ ਵਧ ਰਿਹਾ ਹੈ।

92 ਸਾਲ ਦੇ ਸੋਰੋਸ ਯਹੂਦੀ ਹਨ, ਜਿਸ ਕਰਕੇ ਦੂਜੀ ਸੰਸਾਰ ਜੰਗ ਵੇਲੇ ਉਨ੍ਹਾ ਨੂੰ ਆਪਣਾ ਦੇਸ਼ ਹੰਗਰੀ ਛੱਡਣਾ ਪਿਆ ਸੀ। ਉਹ 1947 ਵਿਚ ਲੰਡਨ ਪੁੱਜੇ, ਜਿਥੇ ਉਨ੍ਹਾ ਲੰਡਨ ਸਕੂਲ ਆਫ ਇਕਨਾਮਿਕਸ ਵਿਚ ਫਿਲਾਸਫੀ ਦੀ ਪੜ੍ਹਾਈ ਕੀਤੀ।

ਸੋਰੋਸ ਨੇ ਦਾਵੋਸ ਵਿਚ ਵਰਲਡ ਇਕਨਾਮਿਕ ਫੋਰਮ ਵਿਚ ਕਿਹਾ ਸੀ ਕਿ ਦੁਨੀਆ ਵਿਚ ਰਾਸ਼ਟਰਵਾਦ ਤੇਜ਼ੀ ਨਾਲ ਵਧ ਰਿਹਾ ਹੈ। ਇਸ ਦਾ ਸਭ ਤੋਂ ਖਤਰਨਾਕ ਨਤੀਜਾ ਭਾਰਤ ਵਿਚ ਦੇਖਣ ਨੂੰ ਮਿਲਿਆ ਹੈ, ਜਿਥੇ ਜਮਹੂਰੀ ਢੰਗ ਨਾਲ ਚੁਣੇ ਆਗੂ ਨਰਿੰਦਰ ਮੋਦੀ ਇਕ ਹਿੰਦੂ ਰਾਸ਼ਟਰਵਾਦੀ ਦੇਸ਼ ਬਣਾ ਰਹੇ ਹਨ। ਉਹ ਕਸ਼ਮੀਰ 'ਤੇ ਸਖਤ ਪਾਬੰਦੀਆਂ ਲਾ ਰਹੇ ਹਨ।

## ਸੁਪਰੀਮ ਕੋਰਟ ਵੱਲੋਂ ਅਡਾਨੀ ਮਾਮਲੇ 'ਚ ਕੇਂਦਰ ਦੀ ਕਮੇਟੀ ਰੱਦ, ਆਪਣੀ ਬਣਾਏਗੀ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਅਡਾਨੀ-ਹਿੰਡਨਬਰਗ ਮਾਮਲੇ ਦੀ ਜਾਂਚ ਲਈ ਮਾਹਰਾਂ ਦੇ ਨਾਂਅ ਸੀਲਬੰਦ ਲਿਫਾਫੇ ਵਿਚ ਲੈਣ ਤੋਂ ਸ਼ੁੱਕਰਵਾਰ ਇਨਕਾਰ ਕਰ ਦਿੱਤਾ। ਪਿਛਲੀ ਸੁਣਵਾਈ ਵਿਚ ਕੋਰਟ ਦੇ ਕਹਿਣ 'ਤੇ ਕੇਂਦਰ ਸਰਕਾਰ ਮਾਹਰਾਂ ਦੀ ਕਮੇਟੀ ਬਣਾਉਣ ਲਈ ਰਾਜ਼ੀ ਹੋ ਗਈ ਸੀ ਤੇ ਸੀਲਬੰਦ ਲਿਫਾਫੇ ਵਿਚ ਮਾਹਰਾਂ ਦੇ ਨਾਂਅ ਦੇਣ ਦੀ ਗੱਲ ਕਹੀ ਸੀ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਉਹ ਜਾਂਚ ਵਿਚ ਪਾਰਦਰਸ਼ਤਾ ਚਾਹੁੰਦੀ ਹੈ, ਲਿਹਾਜ਼ਾ ਕੇਂਦਰ ਦੇ ਸੁਝਾਅ ਨੂੰ ਨਹੀਂ ਮੰਨਿਆ ਜਾ ਸਕਦਾ। ਕੋਰਟ ਨੇ ਕਿਹਾ—ਤੁਸੀਂ ਜਿਹੜੇ ਨਾਂਅ ਸੌਂਪੇ ਹਨ, ਉਹ ਦੂਜੇ ਪੱਖ ਨੂੰ ਨਾ ਦਿੱਤੇ ਗਏ ਤਾਂ ਪਾਰਦਰਸ਼ਤਾ ਨਹੀਂ ਰਹੇਗੀ। ਇਸ ਲਈ ਅਸੀਂ ਆਪਣੇ ਵੱਲੋਂ ਕਮੇਟੀ ਬਣਾਵਾਂਗੇ।

## ਦਿੱਲੀ ਦੇ ਮੇਅਰ ਦੀ ਚੋਣ ਲਈ ਚੌਵੀ ਘੰਟਿਆਂ 'ਚ ਨੋਟਿਸ ਜਾਰੀ ਕਰਨ ਦਾ ਹੁਕਮ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਸ਼ੁੱਕਰਵਾਰ ਹੁਕਮ ਦਿੱਤਾ ਕਿ ਦਿੱਲੀ ਨਗਰ ਨਿਗਮ ਦੇ ਮੇਅਰ ਦੀ ਚੋਣ ਪਹਿਲੀ ਮੀਟਿੰਗ ਵਿਚ ਕਰਵਾਈ ਜਾਵੇ ਤੇ ਇਸ ਲਈ 24 ਘੰਟਿਆਂ ਵਿਚ ਨੋਟਿਸ ਜਾਰੀ ਕੀਤਾ ਜਾਵੇ। ਕੋਰਟ ਨੇ ਨਾਲ ਹੀ ਕਿਹਾ ਕਿ ਨਾਮਜ਼ਦ ਮੈਂਬਰ ਵੋਟ ਨਹੀਂ ਪਾ ਸਕਣਗੇ। ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਟਵੀਟ ਕੀਤਾ—ਸੁਪਰੀਮ ਕੋਰਟ ਦਾ ਹੁਕਮ ਜਮਹੂਰੀਅਤ ਦੀ ਜਿੱਤ ਹੈ। ਸੁਪਰੀਮ ਕੋਰਟ ਦਾ ਬਹੁਤ-ਬਹੁਤ ਸ਼ੁਕਰੀਆ। ਢਾਈ ਮਹੀਨੇ ਬਾਅਦ ਦਿੱਲੀ ਨੂੰ ਮੇਅਰ ਮਿਲੇਗਾ। ਇਹ ਸਾਬਤ ਹੋ ਗਿਆ ਕਿ ਉਪ ਰਾਜਪਾਲ ਤੇ ਭਾਜਪਾ ਮਿਲ ਕੇ ਆਏ ਦਿਨ ਦਿੱਲੀ ਵਿਚ ਕਿਵੇਂ ਗੈਰ-ਕਾਨੂੰਨੀ ਤੇ ਅਸੰਵਿਧਾਨਕ ਹੁਕਮ ਪਾਸ ਕਰ ਰਹੇ ਹਨ। ਉਪ ਰਾਜਪਾਲ ਵੱਲੋਂ 6 ਨਾਮਜ਼ਦ ਮੈਂਬਰਾਂ ਨੂੰ ਵੋਟ ਪਾਉਣ ਦੀ ਆਗਿਆ ਦੇਣ 'ਤੇ 6 ਜਨਵਰੀ, 24 ਜਨਵਰੀ ਤੇ 6 ਫਰਵਰੀ ਦੀਆਂ ਮੀਟਿੰਗਾਂ ਵਿਚ ਹੰਗਾਮੇ ਕਾਰਨ ਮੇਅਰ ਦੀ ਚੋਣ ਨਹੀਂ ਹੋ ਸਕੀ ਸੀ। ਇਸ ਤੋਂ ਬਾਅਦ ਆਮ ਆਦਮੀ ਪਾਰਟੀ ਦੀ ਮੇਅਰ ਦੀ ਅਹੁਦੇਦਾਰ ਸ਼ੈਲੀ ਓਬਰਾਇ ਨਾਮਜ਼ਦ ਮੈਂਬਰਾਂ ਨੂੰ ਵੋਟ ਦਾ ਅਧਿਕਾਰ ਦੇਣ ਵਿਰੁੱਧ ਸੁਪਰੀਮ ਕੋਰਟ ਚਲੇ ਗਈ ਸੀ।

## ਧਾਰਾ 370 ਦੇ ਖਾਤਮੇ ਖਿਲਾਫ ਸੁਣਵਾਈ ਛੇਤੀ ਸੰਭਵ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਸ਼ੁੱਕਰਵਾਰ ਕਿਹਾ ਕਿ ਉਹ ਜੰਮੂ-ਕਸ਼ਮੀਰ ਨੂੰ ਖਾਸ ਦਰਜਾ ਦੇਣ ਵਾਲੀ ਧਾਰਾ 370 ਦੀਆਂ ਵਿਵਸਥਾਵਾਂ ਨੂੰ ਰੱਦ ਕਰਨ ਦੇ ਕੇਂਦਰ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਦੀ ਛੇਤੀ ਸੁਣਵਾਈ ਬਾਰੇ ਫੈਸਲਾ ਕਰੇਗੀ। ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਪੀ ਐੱਸ ਨਰਸਿਮ੍ਹਾ ਅਤੇ ਜਸਟਿਸ ਜੇ ਬੀ ਪਾਰਦੀਵਾਲਾ ਦੀ ਬੈਂਚ ਨੇ ਇਕ ਧਿਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਾਜੂ ਰਾਮਚੰਦਰਨ ਦੀਆਂ ਦਲੀਲਾਂ ਦਾ ਨੋਟਿਸ ਲਿਆ ਕਿ ਇਨ੍ਹਾਂ ਪਟੀਸ਼ਨਾਂ ਦੀ ਫੌਰੀ ਸੁਣਵਾਈ ਜ਼ਰੂਰੀ ਹੈ। ਇਸ 'ਤੇ ਚੀਫ ਜਸਟਿਸ ਨੇ ਕਿਹਾ—ਠੀਕ ਹੈ, ਮੈਂ ਇਸ 'ਤੇ ਫੈਸਲਾ ਕਰਾਂਗਾ।

# 17 ਹੋਰ ਰੇਤ ਖੱਡਾਂ ਲੋਕ ਅਰਪਿਤ



ਜਲੰਧਰ/ਮਾਓ ਸਾਹਿਬ (ਸੁਰਿੰਦਰ ਕੁਮਾਰ, ਸ਼ੈਲੀ ਐਲਬਰਟ, ਨਿਰਮਲ, ਵਿਜੇ ਕੁਮਾਰ)

ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਨੂੰ ਐਲਾਨ ਕੀਤਾ ਕਿ ਪਿੱਟ ਹੈੱਡ ਤੋਂ 5.50 ਰੁਪਏ ਪ੍ਰਤੀ ਕਿਊਬਿਕ ਫੁੱਟ ਰੇਤ ਦੀ ਸਪਲਾਈ ਯਕੀਨੀ ਬਣਾਉਣ ਲਈ ਜਲਦੀ ਹੀ 150 ਜਨਤਕ ਰੇਤ ਖੱਡਾਂ ਲੋਕਾਂ ਨੂੰ ਸਮਰਪਿਤ ਕੀਤੀਆਂ ਜਾਣਗੀਆਂ। ਇੱਥੇ 17 ਹੋਰ ਜਨਤਕ ਖੱਡਾਂ ਲੋਕਾਂ ਨੂੰ ਸਮਰਪਿਤ ਕਰਨ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹੁਣ ਤੱਕ 14 ਜ਼ਿਲ੍ਹਿਆਂ ਵਿੱਚ 33 ਰੇਤ ਖੱਡਾਂ ਲੋਕਾਂ ਨੂੰ ਸਮਰਪਿਤ ਕੀਤੀਆਂ ਗਈਆਂ ਹਨ ਅਤੇ ਸੂਬਾ ਸਰਕਾਰ ਲੋਕਾਂ ਦੀ ਸਹੂਲਤ ਲਈ

● ਬਾਕੀ ਸਫ਼ਾ 2 'ਤੇ

## ਸੁਖਵਿੰਦਰ ਸੁੱਖੀ ਨੂੰ ਸਦਮਾ, ਪਤੀ ਦੇਹਾਂਤ

**ਜਲੰਧਰ (ਰਾਜੇਸ਼ ਥਾਪਾ)-** ਨਵਾਂ ਜ਼ਮਾਨਾ ਪਰਵਾਰ



ਦੀ ਮੈਂਬਰ ਸੁਖਵਿੰਦਰ ਕੌਰ ਸੁੱਖੀ ਨੂੰ ਉਸ ਸਮੇਂ ਭਾਰੀ ਸਦਮਾ ਪਹੁੰਚਿਆ ਜਦੋਂ ਉਨ੍ਹਾ ਦੇ ਪਤੀ ਰਵਿੰਦਰ ਸਿੰਘ ਰੇਲ ਕੋਚ ਫੈਕਟਰੀ ਕਪੂਰਥਲਾ ਤੋਂ ਕੰਮ ਕਰਕੇ ਘਰ ਪਰਤੇ ਤਾਂ ਆਉਂਦਿਆਂ ਹੀ ਅਚਾਨਕ ਉਹਨਾਂ ਨੂੰ ਦਿਲ ਦਾ ਦੌਰਾ ਪੈ ਗਿਆ। ਜਲਦੀ ਨਾਲ ਉਨ੍ਹਾ ਨੂੰ ਹਸਪਤਾਲ ਪਹੁੰਚਾਇਆ ਗਿਆ

● ਬਾਕੀ ਸਫ਼ਾ 2 'ਤੇ

## ਐੱਸ ਸੀ ਸਕਾਲਰਸ਼ਿਪ 'ਚ 39 ਕਰੋੜ ਦੇ ਘੁਟਾਲੇ 'ਚ ਸ਼ਾਮਲ 6 ਅਧਿਕਾਰੀ ਬਰਖਾਸਤ

**ਚੰਡੀਗੜ੍ਹ :** ਮੁੱਖ ਮੰਤਰੀ ਭਗਵੰਤ ਮਾਨ ਦੀ ਪੰਜਾਬ ਵਿੱਚ ਪਾਰਦਰਸ਼ੀ ਅਤੇ ਭ੍ਰਿਸ਼ਟਾਚਾਰ ਮੁਕਤ ਸਿਸਟਮ ਪ੍ਰਦਾਨ ਕਰਨ ਦੀ ਵਚਨਬੱਧਤਾ 'ਤੇ ਕੰਮ ਕਰਦਿਆਂ ਸੂਬਾ ਸਰਕਾਰ ਨੇ ਪਿਛਲੀ ਸਰਕਾਰ ਦੌਰਾਨ 39 ਕਰੋੜ ਰੁਪਏ ਦੇ ਪੋਸਟ ਮੈਟ੍ਰਿਕ ਅਨੁਸੂਚਿਤ ਜਾਤੀ ਸਕਾਲਰਸ਼ਿਪ ਘੁਟਾਲੇ ਵਿੱਚ ਸ਼ਾਮਲ ਛੇ ਅਧਿਕਾਰੀਆਂ ਨੂੰ ਬਰਖਾਸਤ ਕਰ ਦਿੱਤਾ। ਪੰਜਾਬ ਦੇ ਸਮਾਜਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨਾਲ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ, ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਇੱਕ

● ਬਾਕੀ ਸਫ਼ਾ 2 'ਤੇ

# ਗਦਰੀਆਂ ਦੀਆਂ ਕੁਰਬਾਨੀਆਂ ਨਾਲ ਆਜ਼ਾਦ ਹੋਏ ਦੇਸ਼ ਨੂੰ ਕੇਂਦਰ ਸਰਕਾਰ ਫਿਰ ਗੁਲਾਮੀ ਵੱਲ ਧੱਕ ਰਹੀ

## ■ ਬਾਬਾ ਰੂੜ ਸਿੰਘ ਚੂਹੜ ਚੱਕ ਦੀ 73ਵੀਂ ਬਰਸੀ ਮਨਾਈ



**ਮੋਗਾ (ਨਵਾਂ ਜ਼ਮਾਨਾ ਸਰਵਿਸ)**

ਗਦਰੀ ਦੇਸ਼ ਭਗਤ ਬਾਬਾ ਰੂੜ ਸਿੰਘ ਚੂਹੜ ਚੱਕ ਦੀ 73ਵੀਂ ਬਰਸੀ ਕਾਮਰੇਡ ਬਿੱਕਰ ਸਿੰਘ ਦੀ ਪ੍ਰਧਾਨਗੀ ਹੇਠ ਪਿੰਡ ਚੂਹੜ ਚੱਕ ਵਿਖੇ ਮਨਾਈ ਗਈ। ਇਸ ਮੌਕੇ ਬੋਲਦਿਆਂ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ, ਕੌਮੀ ਕੌਂਸਲ ਮੈਂਬਰ ਜਗਰੂਪ ਸਿੰਘ ਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਬਾਬਾ ਰੂੜ ਸਿੰਘ ਚੂਹੜ ਚੱਕ ਗਦਰ ਪਾਰਟੀ ਦੇ ਮੋਢੀਆਂ ਵਿਚੋਂ ਸਨ।

● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਚਰਚਾ ਵਿੱਚ ਵਿਧਾਇਕ ਹੈ ਇੱਕ ਆਇਆ,
ਭ੍ਰਿਸ਼ਟਾਚਾਰ ਦੀ ਖਬਰ ਫਿਰ ਆਈ ਮੀਆਂ।
ਮਾਇਆ ਹੱਥੀਂ ਤੇ ਫੜੀ ਨਹੀਂ ਆਪ ਉਸ ਨੇ,
ਮਿੱਤਰ ਨੂੰ ਕਹਿੰਦੇ ਆ ਗਈ ਫੜਾਈ ਮੀਆਂ।
ਪਾਰਟੀ ਰੱਖੇ ਜਾਂ ਕੱਢ ਦਏ ਬਾਹਰ ਉਸ ਨੂੰ,
ਬਦਨਾਮੀ ਕਾਫੀ ਆ ਓਸ ਕਰਵਾਈ ਮੀਆਂ।
ਰੱਖਿਆ ਉਹਨੂੰ ਤਾਂ ਹੋਰਾਂ ਵੀ ਸੁਧਰਨਾ ਨਹੀਂ,
ਜਾਣੀ ਬੱਸ ਇਹੋ ਜਿਹੀ ਖੇਹ ਉਡਾਈ ਮੀਆਂ।
ਹਰ ਇੱਕ ਨਜ਼ਰ ਹੀ ਲੱਗੀ ਪਈ ਪੈਂਤੜੇ 'ਤੇ,
ਕੱਢਣਾ ਏ ਬਾਹਰ ਜਾਂ ਝਿੜਕ ਬਚਾਵਣਾ ਈ।
ਕਰੀ ਗਈ ਢਿੱਲ ਤਾਂ ਜਾਣੇ ਨੇ ਵਿਗੜ ਬਾਕੀ,
ਮੁਸ਼ਕਲ ਹੋਊ ਫਿਰ ਲੋਕਾਂ ਕੋਲ ਜਾਵਣਾ ਈ।

-ਤੀਸ ਮਾਰ ਖਾਂ

## ਮਜੀਠੀਆ ਕੋਲ 'ਆਪ' ਸਰਕਾਰ 'ਤੇ ਸਵਾਲ ਚੁੱਕਣ ਦਾ ਨੈਤਿਕ ਅਧਾਰ ਨਹੀਂ : ਕੰਗ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਆਮ ਆਦਮੀ ਪਾਰਟੀ ਨੇ ਵਿਰੋਧੀ ਧਿਰ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਦੀ ਭ੍ਰਿਸ਼ਟਾਚਾਰ ਪ੍ਰਤੀ ਜ਼ੀਰੋ ਟਾਲਰੈਂਸ ਦੀ ਨੀਤੀ ਹੈ। ਭ੍ਰਿਸ਼ਟਾਚਾਰ ਵਿੱਚ ਸ਼ਾਮਲ ਕਿਸੇ ਵੀ ਅਧਿਕਾਰੀ ਜਾਂ ਆਗੂ ਨੂੰ ਬਖਸ਼ਿਆ ਨਹੀਂ ਜਾਵੇਗਾ। ਮੀਡੀਆ ਨੂੰ ਬਿਆਨ ਜਾਰੀ ਕਰਦਿਆਂ ਪਾਰਟੀ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਮਾਨ ਸਰਕਾਰ ਨੇ ਭ੍ਰਿਸ਼ਟਾਚਾਰ ਪ੍ਰਤੀ ਜ਼ੀਰੋ ਟਾਲਰੈਂਸ ਦੀ ਨੀਤੀ 'ਤੇ ਚਲਦਿਆਂ ਭ੍ਰਿਸ਼ਟਾਚਾਰ ਵਿੱਚ ਲਿਪਤ ਆਪਣੀ ਹੀ ਪਾਰਟੀ ਦੇ ਆਗੂਆਂ ਵਿਰੁੱਧ ਵੀ ਕਾਰਵਾਈ ਕੀਤੀ ਹੈ। ਉਨ੍ਹਾ ਕਿਹਾ, 'ਭਾਵੇਂ ਉਹ ਸਾਡਾ ਆਪਣਾ ਮੰਤਰੀ

● ਬਾਕੀ ਸਫ਼ਾ 2 'ਤੇ



# ਘੁਰਗਸ਼ੋਰ ਦੀ ਰਿਹਾਈ ਲਈ ਮੁਜ਼ਾਹਰਾ



**ਮਹਿਤਪੁਰ (ਰਾਜਾ)**

ਪੇਂਡੂ ਮਜ਼ਦੂਰ ਯੂਨੀਅਨ ਅਤੇ ਕਿਰਤੀ ਕਿਸਾਨ ਯੂਨੀਅਨ ਵੱਲੋਂ ਮਜ਼ਦੂਰ ਆਗੂ ਕਸ਼ਮੀਰ ਸਿੰਘ ਘੁਗਸ਼ੋਰ ਦੀ ਬਿਨਾਂ ਸ਼ਰਤ ਰਿਹਾਈ ਲਈ ਜ਼ਿਲ੍ਹੇ ਭਰ ਵਿੱਚ ਕੀਤੇ ਗਏ ਮੁਜ਼ਾਹਰਿਆਂ ਦੀ ਕੜੀ ਵਜੋਂ ਮਹਿਤਪੁਰ ਵਿਖੇ ਪੰਜਾਬ ਸਰਕਾਰ ਦੀਆਂ ਅਰਥੀ ਸਾੜ ਕੇ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਰਜਿੰਦਰ ਮੰਡ, ਕਸ਼ਮੀਰ ਸਿੰਘ ਮੰਡਿਆਲਾ ਅਤੇ ਇਸਤਰੀ ਜਾਗ੍ਰਿਤੀ ਮੰਚ ਦੇ ਆਗੂ ਅਨੀਤਾ ਸੰਧੂ ਨੇ ਕਿਹਾ ਕਿ ਕਸ਼ਮੀਰ ਸਿੰਘ ਘੁਗਸ਼ੋਰ ਦੀ ਗ੍ਰਿਫਤਾਰੀ ਸਾਜ਼ਿਸ਼ ਤਹਿਤ ਕੀਤੀ ਗਈ ਹੈ, ਕਿਉਂਕਿ ਪੰਜਾਬ ਦੀ ਆਪ ਸਰਕਾਰ ਲਤੀਫਪੁਰਾ 'ਚ ਲੋਕਾਂ ਦਾ ਉਜਾੜਾ ਕਰਕੇ ਬੁਰੀ ਤਰ੍ਹਾਂ ਫਸੀ ਹੋਈ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਸਿੰਘ, ਉਦੋ, ਬਚਨ ਸਿੰਘ ਤੇ ਸਰਪੰਚ ਸੁਖਦੇਵ ਸਿੰਘ ਆਦਿ ਨੇ ਸੰਬੋਧਨ ਕੀਤਾ।

# ਭ੍ਰਿਸ਼ਟਾਚਾਰੀ ਨਹੀਂ ਛੱਡਣੇ, ਭਾਵੇਂ ਕਿਸੇ ਵੀ ਪਾਰਟੀ ਦੇ ਹੋਣ : ਮਾਨ

## ਬ੍ਰਿਗੇਡੀਅਰ ਚਾਂਦਪੁਰੀ ਦੇ ਬੁੱਤ ਤੋਂ ਪਰਦਾ ਹਟਾਇਆ




**ਚਾਂਦਪੁਰ ਰੁੜਕੀ (ਅਵਤਾਰ ਕਲੇਰ)**

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਵੱਲੋਂ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਦਿਖਾਈ ਬਹਾਦਰੀ ਨੌਜਵਾਨਾਂ ਨੂੰ ਦੇਸ਼ ਦੀ ਸੇਵਾ ਲਈ ਆਪਾ ਵਾਰਨ ਵਾਸਤੇ ਪ੍ਰੇਰਿਤ ਕਰੇਗੀ। ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਦੇ ਬੁੱਤ ਤੋਂ ਪਰਦਾ ਹਟਾਉਣ ਮੌਕੇ ਹੋਏ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ 1971 ਦੀ ਭਾਰਤ-ਪਾਕਿ ਜੰਗ ਦੇ ਇਸ ਨਾਇਕ ਨੇ ਪਾਕਿਸਤਾਨ ਵਿਰੁੱਧ ਦੇਸ਼ ਦੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਉਨ੍ਹਾਂ ਚੇਤੇ ਕੀਤਾ ਕਿ 1971 ਵਿੱਚ ਪਾਕਿਸਤਾਨ ਨੇ ਭਾਰਤ ਵਿੱਚ ਦਾਖ਼ਲ ਹੋਣ ਲਈ ਲੌਂਗੇਵਾਲਾ ਨੂੰ ਆਸਾਨ ਸ਼ਿਕਾਰ ਸਮਝਿਆ ਸੀ, ਕਿਉਂਕਿ ਉੱਥੇ ਤਾਇਨਾਤ ਬ੍ਰਿਗੇਡੀਅਰ ਚਾਂਦਪੁਰੀ ਕੋਲ ਸਿਰਫ਼ 120 ਫੌਜੀਆਂ ਦੀ ਕੰਪਨੀ ਸੀ। ਮਾਨ ਨੇ ਕਿਹਾ ਕਿ ਹਾਲਾਤ ਭਾਰਤ ਦੇ ਪੱਖ ਵਿੱਚ ਨਾ ਹੋਣ ਦੇ ਬਾਵਜੂਦ ਬ੍ਰਿਗੇਡੀਅਰ ਚਾਂਦਪੁਰੀ ਵੱਲੋਂ ਦਿਖਾਈ ਬਹਾਦਰੀ ਨਾਲ ਦੇਸ਼ ਜਿੱਤ ਦੇ ਰਾਹ ਉਤੇ ਪੈ ਸਕਿਆ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਮਹਾਨ ਸ਼ਹੀਦਾਂ ਵੱਲੋਂ ਦੇਖੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਸੂਬਾ ਸਰਕਾਰ ਵਚਨਬੱਧ ਹੈ। ਮੁੱਖ ਮੰਤਰੀ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਜਨਤਕ ਫੰਡ ਖ਼ੁਰਦ-ਬੁਰਦ ਕੀਤੇ ਹਨ, ਉਨ੍ਹਾਂ ਨੂੰ ਆਪਣੇ ਗੁਨਾਹਾਂ ਦੀ ਸਜ਼ਾ ਭੁਗਤਣੀ ਪਵੇਗੀ। ਕਈ ਭ੍ਰਿਸ਼ਟ ਲੀਡਰਾਂ ਨੂੰ ਪਹਿਲਾਂ ਹੀ ਜੇਲ੍ਹਾਂ ਦੀਆਂ ਸਲਾਖਾਂ ਪਿੱਛੇ ਪਹੁੰਚਾ ਦਿੱਤਾ ਹੈ ਅਤੇ ਅਜਿਹੇ ਘਿਨਾਉਣੇ ਅਪਰਾਧ ਦੇ ਬਾਕੀ ਦੋਸ਼ੀ ਵੀ ਬਖ਼ਸ਼ੇ ਨਹੀਂ ਜਾਣਗੇ। ਉਹਨਾ ਕਿਹਾ ਕਿ ਭ੍ਰਿਸ਼ਟਾਚਾਰੀ ਭਾਵੇਂ ਸੱਤਾਧਾਰੀ ਪਾਰਟੀ ਨਾਲ ਸੰਬੰਧਤ ਹੋਵੇ ਜਾਂ ਹੋਰ ਪਾਰਟੀ ਨਾਲ, ਉਸ ਨਾਲ ਕੋਈ ਲਿਹਾਜ਼ ਨਹੀਂ ਵਰਤਿਆ ਜਾਵੇਗਾ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਇਲਾਕੇ ਦੇ ਕਿਸਾਨਾਂ ਦੀ ਸਹੂਲਤ ਲਈ ਕੰਢੀ ਨਹਿਰ ਨੂੰ ਛੇਤੀ ਹੀ ਚਾਲੂ ਕੀਤਾ ਜਾਵੇਗਾ। ਉਹਨਾ ਪਿੰਡ ਵਾਸੀਆਂ ਦੀ ਮੰਗ ਨੂੰ ਪ੍ਰਵਾਨ ਕਰਦੇ ਹੋਏ ਡੱਲੇਵਾਲ ਤੋਂ ਚਾਂਦਪੁਰ ਰੁੜਕੀ ਸੜਕ ਨੂੰ 18 ਫੁੱਟੀ ਸੜਕ ਵਜੋਂ ਅੱਪਗ੍ਰੇਡ ਕਰਨ ਦਾ ਐਲਾਨ ਵੀ ਕੀਤਾ। ਇਸ ਦੌਰਾਨ ਮੁੱਖ ਮੰਤਰੀ ਨੇ ਵੱਖ-ਵੱਖ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ। ਮੁੱਖ ਮੰਤਰੀ ਇਤਿਹਾਸਕ ਗੁਰਦੁਆਰਾ ਬਾਬਾ ਗੁਰਦਿੱਤਾ ਜੀ ਵਿਖੇ ਵੀ ਨਤਮਸਤਕ ਹੋਏ। ਮੁੱਖ ਮੰਤਰੀ ਨੇ ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਦੇ ਨਾਂਅ ਉਤੇ ਬਣੇ ਪਾਰਕ ਦਾ ਉਦਘਾਟਨ ਕੀਤਾ। ਉਹ ਮਿਊਜ਼ੀਅਮ ਵਿਖੇ ਵੀ ਗਏ, ਜਿੱਥੇ ਲੌਂਗੇਵਾਲਾ ਜੰਗ ਦੀ ਸੂਰਮਗਤੀ ਅਤੇ ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਦੀਆਂ ਦੁਰਲੱਭ ਤਸਵੀਰਾਂ ਨੂੰ ਦਰਸਾਇਆ ਗਿਆ ਹੈ। ਇਸ ਮੌਕੇ ਰਾਜ ਸਭਾ ਮੈਂਬਰ ਰਾਘਵ ਚੱਢਾ, ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ, ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਰੋੜੀ ਤੇ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।

# ਲਿੰਚਿੰਗ ਮਾਮਲੇ 'ਚ ਬਜਰੰਗ ਦਲ ਦੇ ਆਗੂ ਸਣੇ 5 ਨਾਮਜ਼ਦ



ਮੋਨੂੰ ਮਾਨੇਸਰ ਦੀ ਪੁਲਸ ਅਧਿਕਾਰੀ ਨਾਲ ਪੁਰਾਣੀ ਤਸਵੀਰ।

**ਜੈਪੁਰ** : ਰਾਜਸਥਾਨ ਪੁਲਸ ਨੇ ਭਰਤਪੁਰ ਜ਼ਿਲ੍ਹੇ ਤੋਂ ਕਥਿਤ ਤੌਰ 'ਤੇ ਅਗਵਾ ਕੀਤੇ ਦੋ ਮੁਸਲਿਮ ਨੌਜਵਾਨਾਂ ਦੀਆਂ ਲਾਸ਼ਾਂ ਦੇ ਸੰਬੰਧ 'ਚ ਪੁੱਛ-ਪੜਤਾਲ ਲਈ ਕੁਝ ਵਿਅਕਤੀਆਂ ਨੂੰ ਹਿਰਾਸਤ 'ਚ ਲਿਆ ਹੈ। ਇਹ ਲਾਸ਼ਾਂ ਹਰਿਆਣਾ ਦੇ ਭਿਵਾਨੀ ਜ਼ਿਲ੍ਹੇ ਤੋਂ ਮਿਲੀਆਂ ਸਨ।

ਇਸ ਘਟਨਾ ਦੀ ਨਿੰਦਾ ਕਰਦੇ ਹੋਏ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਪੁਲਸ ਨੂੰ ਸਖ਼ਤ ਕਾਰਵਾਈ ਕਰਨ ਲਈ ਕਿਹਾ ਹੈ। ਮੁੱਖ ਮੰਤਰੀ ਨੇ ਸ਼ੁੱਕਰਵਾਰ ਸਵੇਰੇ ਟਵੀਟ ਕੀਤਾ—ਭਰਤਪੁਰ ਦੇ ਘਾਟਮੀਕਾ ਨਿਵਾਸੀ ਦੋ ਵਿਅਕਤੀਆਂ ਦੀ ਹੱਤਿਆ ਨਿੰਦਣਯੋਗ ਹੈ। ਰਾਜਸਥਾਨ ਅਤੇ ਹਰਿਆਣਾ ਪੁਲਸ ਤਾਲਮੇਲ ਨਾਲ ਕਾਰਵਾਈ ਕਰ ਰਹੀਆਂ ਹਨ।

ਪੁਲਸ ਨੇ ਦੱਸਿਆ ਕਿ ਜਿਨ੍ਹਾਂ ਨੌਜਵਾਨਾਂ ਦੀਆਂ ਲਾਸ਼ਾਂ ਮਿਲੀਆਂ ਹਨ, ਉਨ੍ਹਾਂ 'ਚੋਂ ਜੁਨੈਦ ਦਾ ਪਸ਼ੂਆਂ ਦੀ ਤਸਕਰੀ ਦਾ ਪੁਰਾਣਾ ਅਪਰਾਧਿਕ ਰਿਕਾਰਡ ਸੀ। ਉਸ ਖਿਲਾਫ ਪੰਜ ਕੇਸ ਦਰਜ ਹਨ। ਨੌਜਵਾਨਾਂ ਦੇ ਰਿਸ਼ਤੇਦਾਰਾਂ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਕਿਹਾ ਹੈ ਕਿ ਉਨ੍ਹਾਂ ਨੂੰ ਅਗਵਾ ਕਰਨ ਵਾਲੇ ਵਿਅਕਤੀ 'ਬਜਰੰਗ ਦਲ' ਨਾਲ ਸੰਬੰਧਤ ਸਨ। ਪੁਲਸ ਨੇ ਦੱਸਿਆ ਕਿ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਨੌਜਵਾਨਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕਰਕੇ ਹੱਤਿਆ ਕੀਤੀ ਗਈ ਜਾਂ ਗੱਡੀ 'ਚ ਹੀ ਜ਼ਿੰਦਾ ਸਾੜ ਦਿੱਤਾ ਗਿਆ। ਪੁਲਸ ਮੁਤਾਬਕ ਭਰਤਪੁਰ ਜ਼ਿਲ੍ਹੇ ਦੀ ਪਹਾੜੀ ਤਹਿਸੀਲ ਦੇ ਘਾਟਮੀਕਾ ਪਿੰਡ ਦੇ ਰਹਿਣ ਵਾਲੇ ਨਸੀਰ (25) ਅਤੇ ਜੁਨੈਦ ਉਰਫ ਜੂਨਾ (35) ਨੂੰ ਬੁੱਧਵਾਰ ਕਥਿਤ ਤੌਰ 'ਤੇ ਅਗਵਾ ਕਰ ਲਿਆ ਗਿਆ ਸੀ ਅਤੇ ਵੀਰਵਾਰ ਸਵੇਰੇ ਭਿਵਾਨੀ ਦੇ ਲੋਹਾਰੂ ਤੋਂ ਉਨ੍ਹਾਂ ਦੀਆਂ ਲਾਸ਼ਾਂ ਸੜੀ ਹੋਈ ਗੱਡੀ ਵਿੱਚੋਂ ਮਿਲੀਆਂ। ਭਰਤਪੁਰ ਰੇਂਜ ਦੇ ਆਈ ਜੀ ਗੌਰਵ ਸ੍ਰੀਵਾਸਤਵ ਨੇ ਦੱਸਿਆ ਕਿ ਫੜੇ ਗਏ ਲੋਕ ਬਜਰੰਗ ਦਲ ਨਾਲ ਸੰਬੰਧਤ ਹਨ, ਪਰ ਅਜੇ ਇਹ ਪਤਾ ਲਾਇਆ ਜਾਣਾ ਹੈ ਕਿ ਕੀ ਉਨ੍ਹਾਂ ਹੀ ਜੁਰਮ ਕੀਤਾ। ਪਰਵਾਰ ਦੀ ਸ਼ਿਕਾਇਤ 'ਤੇ ਗੋਪਾਲਗੜ੍ਹ ਥਾਣੇ ਵਿਚ ਅਨਿਲ, ਸ੍ਰੀਕਾਂਤ, ਰਿੰਕ ਸੈਣੀ, ਲੋਕੇਸ਼ ਸਿੰਗਲਾ ਤੇ ਮੋਨੂੰ ਖਿਲਾਫ ਐੱਫ ਆਈ ਆਰ ਦਰਜ ਕੀਤੀ ਗਈ ਹੈ। ਮੋਨੂੰ ਮਾਨੇਸਰ ਬਜਰੰਗ ਦਲ ਦੀ ਗਊ ਰੱਖਿਆ ਕਮੇਟੀ ਦਾ ਸੂਬਾ ਪ੍ਰਧਾਨ ਹੈ।

## ਪੈਨਸ਼ਨਰ ਭਲਕੇ ਚੰਡੀਗੜ੍ਹ ਰੈਲੀ 'ਚ ਕਰਨਗੇ ਸ਼ਮੂਲੀਅਤ : ਕਾਲੜਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੈਨਸ਼ਨਰ ਜਥੇਬੰਦੀ ਮਾਛੀਵਾੜਾ ਦੀ ਮੀਟਿੰਗ ਪ੍ਰਧਾਨ ਰਾਮ ਸਿੰਘ ਕਾਲੜਾ ਦੀ ਪ੍ਰਧਾਨਗੀ ਹੇਠ ਹੋਈ। ਪ੍ਰਧਾਨ ਕਾਲੜਾ ਨੇ ਦੱਸਿਆ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਫਰੰਟ ਦੇ ਸੱਦੇ 'ਤੇ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ ਪੈਨਸ਼ਨਰਜ਼ ਵੱਡੀ ਗਿਣਤੀ ਵਿੱਚ 19 ਫਰਵਰੀ ਨੂੰ ਚੰਡੀਗੜ੍ਹ ਰੈਲੀ ਵਿੱਚ ਸਰਕਾਰ ਨੂੰ ਬਣਦੇ ਬਕਾਏ 1-1-16 ਤੋਂ 30-06-2021 ਦੇ ਬਕਾਏ ਕਿਸ਼ਤਾਂ 'ਚ ਦੇਣ, 2.59 ਗੁਣਾਂਕ ਨਾਲ ਪੈਨਸ਼ਨ ਸੋਧਣ ਤੇ ਡੀ ਏ ਦੀ ਕਿਸ਼ਤ ਦੇਣ ਦੇ ਵਾਅਦੇ ਲਾਗੂ ਕਰਵਾਉਣ ਲਈ ਪੁੱਜਣਗੇ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕੁਲਵੰਤ ਸਿੰਘ ਨੇ ਕਿਹਾ ਕਿ ਪੈਨਸ਼ਨਰਾਂ 'ਚ ਰੈਲੀ ਲਈ ਬੜਾ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਜੇ ਜੁਡੀਸ਼ੀਅਲ ਅਧਿਕਾਰੀਆਂ ਤੇ ਆਈ.ਏ.ਐੱਸ. ਅਧਿਕਾਰੀਆਂ ਦੀ ਤਰਜ਼ 'ਤੇ ਮੰਗਾਂ ਨਾ ਮੰਨੀਆਂ ਗਈਆਂ ਤਾਂ ਸਰਕਾਰ ਨੂੰ ਜਲੰਧਰ ਦੀ ਜ਼ਿਮਨੀ ਚੋਣ ਅਤੇ ਨਗਰ ਨਿਗਮ ਤੇ ਨਗਰ ਕੌਂਸਲ ਚੋਣਾਂ ਵਿੱਚ ਇਸ ਦਾ ਨਤੀਜਾ ਭੁਗਤਣਾ ਪਵੇਗਾ। ਤਰਲੋਚਨ ਸਿੰਘ ਨੇ ਦੱਸਿਆ ਕਿ ਚੰਡੀਗੜ੍ਹ ਜਾਣ ਲਈ ਬੱਸ 9.30 ਮਾਛੀਵਾੜਾ ਦਫਤਰ ਤੋਂ ਚੱਲੇਗੀ। ਇਸ ਮੌਕੇ ਲਖਵਿੰਦਰ ਸਿੰਘ, ਅਮੋਲਕ ਸਿੰਘ, ਹਰਜਿੰਦਰ ਸਿੰਘ, ਮਨੋਹਰ ਚੰਦ, ਸੁਰਜੀਤ ਸਿੰਘ ਨਰੂਲਾ, ਸੁਰਿੰਦਰ ਸਿੰਘ ਗਿੱਲ, ਹਰਨੇਕ ਪਾਲ, ਸੋਹਣ ਲਾਲ, ਦਿਲਬਾਗ ਸਿੰਘ, ਧਰਮ ਪਾਲ, ਮੋਹਣ ਸਿੰਘ, ਰਾਮ ਸਿੰਘ ਕਾਲੜਾ, ਤਰਲੋਚਨ ਸਿੰਘ, ਕੁਲਵੰਤ ਸਿੰਘ ਤੇ ਮਹਿੰਦਰ ਸਿੰਘ ਆਦਿ ਹਾਜ਼ਰ ਸਨ।

# ਜਗਸੀਰ ਕਾਲੇਕੇ ਬਾਘਾ ਪੁਰਾਣਾ ਹਲਕੇ 'ਚ ਕਰ ਰਹੇ ਹਨ ਵਧੀਆ ਕੰਮ : ਰਾਜਾ ਵੜਿੰਗ

## ਕਾਲੇਕੇ ਨੇ ਪੰਜਾਬ ਪ੍ਰਧਾਨ ਰਾਜਾ ਵੜਿੰਗ ਨਾਲ ਮੁਲਾਕਾਤ ਕਰਕੇ ਪਾਰਟੀ ਦੀ ਮਜ਼ਬੂਤੀ ਲਈ ਕੀਤੀਆਂ ਵਿਚਾਰਾਂ



ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਸਾਬਕਾ ਚੇਅਰਮੈਨ ਜਗਸੀਰ ਕਾਲੇਕੇ ਗੱਲਬਾਤ ਕਰਦੇ।

**ਬਾਘਾ ਪੁਰਾਣਾ (ਮਨੀ ਸਿਗਲਾ)**-ਮਾਰਕਿਟ ਕਮੇਟੀ ਦੇ ਸਾਬਕਾ ਚੇਅਰਮੈਨ ਜਗਸੀਰ ਸਿੰਘ ਕਾਲੇਕੇ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਮੁਲਾਕਾਤ ਕੀਤੀ ਅਤੇ ਆਉਣ ਵਾਲੀਆਂ ਨਗਰ ਕੌਂਸਲ ਦੀਆਂ ਚੋਣਾਂ ਤੇ ਪਾਰਟੀ ਦੀ ਮਜ਼ਬੂਤੀ ਬਾਰੇ ਵਿਚਾਰ ਵਿਟਾਂਦਰਾ ਕੀਤਾ।

ਪ੍ਰਧਾਨ ਰਾਜਾ ਵੜਿੰਗ ਨੇ ਕਿਹਾ ਕਿ ਨਗਰ ਕੌਂਸਲ ਚੋਣਾਂ ਵਿੱਚ ਪਾਰਟੀ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਵਾਲੇ ਮਿਹਨਤੀ ਵਰਕਰਾਂ ਨੂੰ ਟਿਕਟਾਂ ਦਿੱਤੀਆਂ ਜਾਣਗੀਆਂ ਤੇ ਕਾਂਗਰਸ ਪਾਰਟੀ ਪੰਜਾਬ ਵਿੱਚ ਕੌਂਸਲ ਚੋਣਾਂ 'ਚ ਸ਼ਾਨ ਨਾਲ ਜਿੱਤ ਪ੍ਰਾਪਤ ਕਰੇਗੀ। ਸਾਬਕਾ ਚੇਅਰਮੈਨ ਕਾਲੇਕੇ ਨੇ ਕਿਹਾ ਕਿ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਬੂਥ ਪੱਧਰ 'ਤੇ ਸਰਗਰਮੀਆਂ ਤੇਜ਼ ਕੀਤੀਆਂ ਗਈਆਂ ਹਨ ਤੇ ਹਲਕੇ ਦੇ ਪਿੰਡਾਂ ਵਿੱਚ ਪਾਰਟੀ ਨੂੰ ਵੱਡਾ ਹੁੰਗਾਰਾ ਮਿਲ ਰਿਹਾ ਹੈ। ਜਗਸੀਰ ਕਾਲੇਕੇ ਨੇ ਕਿਹਾ ਕਿ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਦੇਸ਼ ਦੀ ਅਗਵਾਈ ਕਰ ਸਕਦੀ ਹੈ ਤਾਂ ਕਾਂਗਰਸ ਪਾਰਟੀ ਰਾਹੁਲ ਗਾਂਧੀ ਦੀ ਅਗਵਾਈ ਹੇਠ ਹੀ ਕਰ ਸਕਦੀ ਹੈ। ਕਾਲੇਕੇ ਨੇ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੇਸ਼ ਵਿੱਚ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਕੇਂਦਰ ਵਿੱਚ ਸਰਕਾਰ ਬਣਾਏਗੀ, ਕਿਉਂਕਿ ਦੇਸ਼ ਦੇ ਲੋਕ ਕਾਂਗਰਸ ਪਾਰਟੀ ਦੀਆਂ ਨੀਤੀਆਂ ਤੋਂ ਖ਼ੁਸ਼ ਹਨ ਤੇ ਵਿਰੋਧੀ ਪਾਰਟੀਆਂ ਦਾ ਸਫ਼ਾਇਆ ਹੋ ਜਾਵੇਗਾ। ਇਸ ਮੌਕੇ ਹਰਦੀਸ਼ ਸਿੰਘ ਸੇਖਾ ਬਲਾਕ ਪ੍ਰਧਾਨ, ਸਰਪੰਚ ਗਗਨ ਨਿਗਾਹਾਂ, ਸੀਪਾ ਰਾਜਿਆਣਾ, ਸੁੱਖਾ ਲੰਗੇਆਣਾ ਤੇ ਹੋਰ ਹਾਜ਼ਰ ਸਨ।

## ਐੱਸ ਸੀ ਵਿਦਿਆਰਥੀਆਂ ਤੋਂ ਫੀਸ ਮੰਗਣ ਵਿਰੁੱਧ ਪ੍ਰਦਰਸ਼ਨ



**ਪਟਿਆਲਾ** : ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਪ੍ਰਾਪਤ ਵਿਦਿਆਰਥੀਆਂ ਤੋਂ ਪ੍ਰੀਖਿਆ ਫੀਸ ਮੰਗਣ ਦੇ ਵਿਰੋਧ ਵਿੱਚ ਤਿੰਨ ਵਿਦਿਆਰਥੀ ਜਥੇਬੰਦੀਆਂ ਏ ਆਈ ਐੱਸ ਐੱਫ, ਐੱਸ ਐੱਫ ਆਈ ਤੇ ਪੀ ਐੱਸ ਐੱਫ ਦੇ ਕਾਰਕੁਨਾਂ ਵਰਿੰਦਰ ਖੁਰਾਣਾ, ਲਵਪ੍ਰੀਤ ਸਿੰਘ ਮਾੜੀਮੇਘਾ, ਅੰਮ੍ਰਿਤਪਾਲ ਤੇ ਗਗਨ ਡੀਨ ਅਕਾਦਮਿਕ ਮਾਮਲੇ ਨੂੰ ਮਿਲਣ ਗਏ, ਪਰ ਉਨ੍ਹਾ ਮੀਟਿੰਗ ਦਾ ਬਹਾਨਾ ਬਣਾ ਕੇ ਮਿਲਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਆਗੂਆਂ ਦਫਤਰ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ, ਜਿਸ ਉਪਰੰਤ ਨਾਲ ਦੀ ਨਾਲ ਮੀਟਿੰਗ ਦਾ ਪ੍ਰਬੰਧ ਹੋ ਗਿਆ। ਮੀਟਿੰਗ ਵਿੱਚ ਪਤਾ ਲੱਗਾ ਕਿ ਡੀਨ ਅਕਾਦਮਿਕ ਨੂੰ ਇਸ ਮਸਲੇ ਬਾਰੇ ਕੋਈ ਵੀ ਜਾਣਕਾਰੀ ਨਹੀਂ, ਜੋ ਆਪਣੇ ਆਪ ਵਿੱਚ ਇੱਕ ਵੱਡਾ ਮਸਲਾ ਹੈ, ਕਿਉਂਕਿ ਇਹ ਨੋਟਿਸ ਡੀਨ ਅਕਾਦਮਿਕ ਅਤੇ ਫਾਇਨਾਂਸ ਅਫਸਰ ਦੀ ਜਾਣਕਾਰੀ ਤੋਂ ਬਾਹਰ ਹੈ। ਵਿਦਿਆਰਥੀ ਆਗੂਆਂ ਵੱਲੋਂ ਚੇਤਾਵਨੀ ਦੇਣ ਤੋਂ ਬਾਅਦ ਇਹ ਨੋਟਿਸ ਵਾਪਸ ਲੈਣ ਅਤੇ ਸਰਕਾਰ ਵੱਲੋਂ ਵਜ਼ੀਫਾ ਆਉਣ ਤੱਕ ਇਹ ਨੋਟਿਸ ਰੱਦ ਕਰਨ ਦਾ ਅਮਲ ਸ਼ੁਰੂ ਕਰ ਦਿੱਤਾ ਗਿਆ। ਇਸ ਮੌਕੇ ਸੁਖਨ ਸਿੱਧੂ, ਰਮਨਦੀਪ ਕੌਰ, ਭੁਪਿੰਦਰਜੀਤ ਸਿੰਘ, ਹਰਮਨ, ਖੁਸ਼ਵੰਤ ਸਿੰਘ, ਪੂਨਮ ਤੇ ਜਗਦੇਵ ਸਿੰਘ ਆਦਿ ਹਾਜ਼ਰ ਸਨ। ਜੇਕਰ ਕਿਸੇ ਵਿਦਿਆਰਥੀ ਨੂੰ ਅਜੇ ਵੀ ਇਸ ਬਾਬਤ ਕੋਈ ਸਮੱਸਿਆ ਆਵੇ ਤਾਂ ਹੇਠ ਲਿਖੇ ਸੰਪਰਕ ਨੰਬਰਾਂ 'ਤੇ ਸਾਡੇ ਨਾਲ ਸੰਪਰਕ ਕਰ ਸਕਦੇ ਹਨ— 8054229553 ਪ੍ਰਿਤਪਾਲ (ਏ ਆਈ ਐੱਸ ਐੱਫ), 9814736130 ਅੰਮ੍ਰਿਤਪਾਲ (ਐੱਸ ਐੱਫ ਆਈ) ਤੇ 752-8811572 ਗਗਨ (ਪੀ ਐੱਸ ਐੱਫ)।

## ਕਬੱਡੀ ਕਲੱਬ ਦੇ ਪ੍ਰਧਾਨ ਭੋਲੂ ਦਾ ਦਿਹਾਂਤ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸ਼ਹੀਦ ਬਾਬਾ ਜੰਗ ਸਿੰਘ ਕਬੱਡੀ ਸਪੋਰਟਸ ਕਲੱਬ ਮਹਿਲ ਕਲਾਂ ਦੇ ਪ੍ਰਧਾਨ ਨਾਇਬ ਸਿੰਘ ਭੋਲੂ ਦਾ ਦਿਹਾਂਤ ਹੋ ਗਿਆ। ਉਹ 58 ਵਰ੍ਹਿਆਂ ਦੇ ਸਨ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ। ਅੱਜ ਉਨ੍ਹਾਂ ਦਾ ਅੰਤਿਮ ਸੰਸਕਾਰ ਮਹਿਲ ਕਲਾਂ ਦੇ ਸ਼ਮਸ਼ਾਨਘਾਟ 'ਚ ਕੀਤਾ ਗਿਆ। ਇਸ ਮੌਕੇ ਉਨ੍ਹਾ ਦੇ ਛੋਟੇ ਪੁੱਤਰ ਗੁਰਪ੍ਰੀਤ ਸਿੰਘ ਚੀਮਾ ਕੈਨੇਡਾ ਨੇ ਉਨ੍ਹਾ ਦੀ ਚਿਖਾ ਨੂੰ ਅਗਨੀ ਦਿਖਾਈ। ਇਸ ਮੌਕੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡ ਵਾਸੀਆਂ, ਸਨੇਹੀਆਂ ਨੇ ਉਨ੍ਹਾਂ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ। ਇਸ ਸਮੇਂ ਲੋਕਲ ਗੁ: ਕਮੇਟੀ ਦੇ ਪ੍ਰਧਾਨ ਬਾਬਾ ਸ਼ੇਰ ਸਿੰਘ ਖਾਲਸਾ, ਚੇਅਰਮੈਨ ਜਗਸੀਰ ਸਿੰਘ ਖਾਲਸਾ, ਵਿਜੇ ਕੁਮਾਰ ਬਾਂਸਲ, ਗੁਰਪ੍ਰੀਤ ਸਿੰਘ ਚੀਨਾ, ਪੰਨਾ ਮਿੱਤੂ, ਬੇਅੰਤ ਸਿੰਘ ਸੂਮ, ਰਾਜਿੰਦਰਪਾਲ ਸਿੰਘ ਬਿੱਟੂ ਚੀਮਾ, ਰਾਜਿੰਦਰਪਾਲ ਪਾਸੀ, ਰਛਪਾਲ ਸਿੰਘ ਬੱਟੀ, ਗੱਗੀ ਧਾਲੀਵਾਲ, ਗਗਨਦੀਪ ਸਿੰਘ ਠੀਕਰੀਵਾਲ ਆਦਿ ਹਾਜ਼ਰ ਸਨ।

## ਚੰਡੀਗੜ੍ਹ ਰੈਲੀ 'ਚ ਟੈਕਨੀਕਲ ਤੇ ਮਕੈਨੀਕਲ ਯੂਨੀਅਨ ਕਰੇਗੀ ਸ਼ਮੂਲੀਅਤ : ਫਤਿਹਪੁਰ



**ਮਾਨਸਾ (ਆਤਮਾ ਸਿੰਘ ਪਮਾਰ)**-ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ ਬ੍ਰਾਂਚ ਮਾਨਸਾ ਦੇ ਸੈਕਸ਼ਨ ਸਰਦੂਲਗੜ੍ਹ ਦੇ ਸਾਥੀਆਂ ਦੀ ਝੁਨੀਰ ਵਿਖੇ 19 ਫਰਵਰੀ ਦੀ ਮਹਾਂ ਰੈਲੀ ਸੰਬੰਧੀ ਮੀਟਿੰਗ ਸੂਬਾ ਆਗੂ ਜਗਦੇਵ ਸਿੰਘ ਘੁਰਕਣੀ ਦੀ ਅਗਵਾਈ ਵਿੱਚ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾਈ ਸਕੱਤਰ ਬਾਬੂ ਸਿੰਘ ਫਤਿਹਪੁਰ ਨੇ ਵਰਕਰ ਸਾਥੀਆਂ ਨੂੰ ਦੱਸਿਆ ਕਿ ਚੰਡੀਗੜ੍ਹ ਦੇ 39 ਸੈਕਟਰ ਹੋਣ ਜਾ ਰਹੀ ਪੰਜਾਬ ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਮਹਾਂ ਰੈਲੀ ਵਿੱਚ ਆਪਣੀ ਜਥੇਬੰਦੀ ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ ਭਰਵੀਂ ਹਾਜ਼ਰੀ ਨਾਲ ਸ਼ਾਮਲ ਹੋ ਰਹੀ ਹੈ। ਉਨ੍ਹਾ ਦੱਸਿਆ ਕਿ ਕਾਫੀ ਸਮੇਂ ਤੋਂ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਉਪਰ ਟਾਲ-ਮਟੋਲ ਦੀ ਨੀਤੀ ਅਪਨਾ ਰਹੀ ਹੈ, ਮੁਲਾਜ਼ਮ ਵਰਗ ਨਾਲ ਹੋ ਰਹੇ ਧੱਕੇ ਖਿਲਾਫ ਪੰਜਾਬ ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਦੇ ਸੱਦੇ ਉੱਪਰ ਕੀਤੀ ਜਾ ਰਹੀ ਇਹ ਮਹਾਂ ਰੈਲੀ ਸਰਕਾਰ ਨੂੰ ਮੁਲਾਜ਼ਮ ਮੰਗਾਂ ਮੰਨਣ ਲਈ ਮਜਬੂਰ ਕਰ ਦੇਵੇਗੀ। ਇਸ ਮੀਟਿੰਗ ਵਿੱਚ ਜਨਰਲ ਸਕੱਤਰ ਬ੍ਰਾਂਚ ਮਾਨਸਾ ਦਰਬਾਰਾ ਸਿੰਘ ਉੱਡਤ, ਸੀਨੀਅਰ ਮੀਤ ਪ੍ਰਧਾਨ ਰਮੇਸ਼ਵਰ ਝੰਡਾ ਖੁਰਦ, ਐਡੀਟਰ ਭੂਸ਼ਨ ਕੁਮਾਰ ਕੋਟੜਾ, ਇੰਦਰਜੀਤ ਸਰਦੂਲਗੜ੍ਹ, ਦੀਪਕ ਕੁਮਾਰ ਸਰਦੂਲਗੜ੍ਹ, ਬੱਗਾ ਸਿੰਘ ਆਹਲੂਪੁਰ, ਸੁਖਵੀਰ ਸਿੰਘ ਮੀਰਪੁਰ ਆਦਿ ਸਾਥੀ ਹਾਜ਼ਰ ਸਨ।


**Capital Small Finance Bank Ltd.**
H.O. : MIDAS Corporate Park, 3rd Floor, 37, G.T. Road, Jalandhar-144001

**ਜਾਇਦਾਦ ਵਿਕਰੀ ਨੋਟਿਸ**

ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਹੇਠ ਦਰਸਾਈਆਂ ਜਾਇਦਾਦਾਂ ਦਾ ਸਰਫੇਸੀ ਐਕਟ ਦੇ ਸੈਕਸ਼ਨ 13 (4) ਅਧੀਨ ਕਬਜ਼ਾ ਲੈ ਲਿਆ ਹੈ। ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਐੱਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਖੜੀ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ ਦੀ ਵਸੂਲੀ ਲਈ ਬੈਂਕ ਵੱਲੋਂ 24.3.2023 ਨੂੰ ਵਿਕਰੀ ਕੀਤੀ ਜਾਵੇਗੀ।

| | |
|---|---|
| ਖਾਤੇਦਾਰ ਦਾ ਨਾਂਅ (ਕਰਜ਼ਦਾਰ) | 1. ਸ੍ਰੀ ਹਰਪਾਲ ਸਿੰਘ ਪੁੱਤਰ ਸ੍ਰੀ ਪਿਆਰਾ ਸਿੰਘ ਵਾਸੀ ਮਕਾਨ ਨੰ: 2748, ਗਲੀ ਨੰ: 2, ਸ਼ਹੀਦ ਊਧਮ ਸਿੰਘ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ। 2. ਸ੍ਰੀ ਸੁਰਿੰਦਰਜੀਤ ਸਿੰਘ ਪੁੱਤਰ ਸ੍ਰੀ ਹਰਪਾਲ ਸਿੰਘ ਵਾਸੀ ਮਕਾਨ ਨੰ: 2748, ਗਲੀ ਨੰ: 2, ਸ਼ਹੀਦ ਊਧਮ ਸਿੰਘ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ। |
| 16.2.2023 ਨੂੰ ਬਕਾਇਆ ਰਕਮ LAP - 031602000054 LAP - 031602000064 | Rs. 17,54,301/- Rs. 7,34,351/- (ਅਤੇ 1.2.2023 ਤੋਂ ਭਵਿੱਖੀ ਵਿਆਜ) |
| ਗਿਰਵੀ ਰੱਖੀ ਜਾਇਦਾਦ ਦਾ ਵੇਰਵਾ LAP - 031602000054 LAP – 031602000064 | ਰਿਹਾਇਸ਼ੀ ਬਿਲਡਿੰਗ ਦਾ ਉਚਿਤ ਗਿਰਵੀਨਾਮਾ ਪੈਮਾਇਸ਼ 154 ਵਰਗ ਗਜ਼, ਮਲਕੀਅਤ ਹਰਪਾਲ ਸਿੰਘ ਪੁੱਤਰ ਪਿ5ਰਾ ਸਿੰਘ ਸੁਲਤਾਨਵਿੰਡ ਅਰਬਨ ਅਬਾਦੀ, ਨਿਊ ਸ਼ਹੀਦ ਊਧਮ ਸਿੰਘ ਨਗਰ, ਤਹਿ: ਅਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਜਾਇਦਾਦ। ਟਾਈਟਲ ਡੀਡ ਨੰ: 7121 ਮਿਤੀ 22.12.2014 |
| ਰਾਖਵੀਂ ਕੀਮਤ | Rs. 25,00,000/- |
| ਈ ਐੱਮ ਡੀ (ਰਕਮ ਬਿਆਨਾ) | ਰਾਖਵੀਂ ਕੀਮਤ ਦਾ 25% ਕੁੱਲ ਈ ਐੱਮ ਡੀ (ਬਿਆਨਾ ਰਕਮ) ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾ ਕੀਤਾ ਜਾਵੇਗਾ। ਟੈਂਡਰ ਫਾਰਮ ਅਤੇ ਈ ਐੱਮ ਡੀ ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ:, ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਵਿਖੇ ਭੇਜੇ ਜਾਣ। |

ਬੈਂਕ ਦੀ ਜਾਣਕਾਰੀ 'ਚ ਜੋਖਮ : ਕੋਈ ਨਹੀਂ। ਜਾਇਦਾਦ 'ਜਿਵੇਂ ਹੈ ਜਿੱਥੇ ਹੈ' ਦੇ ਆਧਾਰ 'ਤੇ ਵੇਚੀ ਜਾ ਰਹੀ ਹੈ। ਰਾਖਵੀਂ ਕੀਮਤ ਦਾ 25% ਕੁੱਲ ਈ ਐੱਮ ਡੀ ਸਹਿਤ ਟੈਂਡਰ ਪ੍ਰਾਪਤੀ ਦੀ ਮਿਤੀ/ਸਮਾਂ ਡਿਮਾਂਡ ਡਰਾਫਟ ਰਾਹੀਂ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਨੂੰ ਜਲੰਧਰ ਵਿਖੇ ਮਿਤੀ 24.3.2023 ਨੂੰ ਸਵੇਰੇ 11.00 ਵਜੇ ਤੱਕ ਅਦਾ ਕੀਤਾ ਜਾਵੇਗਾ। ਟੈਂਡਰ ਉਕਤ ਮਿਤੀ ਨੂੰ ਸਵੇਰੇ 11.00 ਵਜੇ ਤੋਂ ਬਾਅਦ ਪੇਸ਼ ਕਰਤਾਵਾਂ/ਉਹਨਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਹਾਜ਼ਰੀ 'ਚ ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਵਿਖੇ ਖੋਲ੍ਹੇ ਤੇ ਵਿਚਾਰੇ ਜਾਣਗੇ। ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਸਮੇਤ ਟੈਂਡਰ ਫਾਰਮ ਅਤੇ ਜਾਇਦਾਦ ਦੇ ਨਿਰੀਖਣ ਲਈ ਕ੍ਰਿਪਾ ਕਰਕੇ ਬ੍ਰਾਂਚ ਦਫਤਰ 32, ਮਾਲ ਰੋਡ, ਅੰਮ੍ਰਿਤਸਰ ਨਾਲ ਸੰਪਰਕ ਕੀਤਾ ਜਾਵੇ। ਵਿਕਰੀ ਸਕਿਊਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ 2002 ਤਹਿਤ ਨਿਰਧਾਰਤ ਨਿਯਮਾਂ/ਸ਼ਰਤਾਂ ਮੁਤਾਬਕ ਹੋਵੇਗੀ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸੇ ਵਿਕਰੀ ਦੀ ਪੁਸ਼ਟੀ ਹੋਣ ਤੋਂ ਪਹਿਲਾਂ ਕਿਸੇ ਸਮੇਂ ਵੀ ਬੋਲੀ ਰੱਦ/ਮੁਲਤਵੀ/ਅਨਮਿੱਥੇ ਸਮੇਂ ਲਈ ਅੱਗੇ ਪਾਉਣ, ਸ਼ਰਤਾਂ ਅਤੇ ਨਿਯਮ ਤਬਦੀਲ ਕਰਨ ਦਾ ਅਧਿਕਾਰ ਹੈ।

ਮਿਤੀ : 16.2.2023 ਸਥਾਨ : ਜਲੰਧਰ (ਅਧਿਕਾਰਤ ਅਫਸਰ)


## ਐੱਸ ਕੇ ਕਾਲਜ ਵਿਖੇ ਸਿਖਲਾਈ ਕੈਂਪ ਲਾਇਆ



**ਮੋਗਾ (ਅਮਰਜੀਤ ਬੱਬਰੀ)**-ਡਾਇਟ ਮੋਗਾ ਵੱਲੋਂ ਸੁਖਦੇਵਾ ਕ੍ਰਿਸ਼ਨਾ ਕਾਲਜ ਆਫ ਐਜੂਕੇਸ਼ਨ ਫਾਰ ਗਰਲਜ਼ ਘੱਲ ਕਲਾਂ ਮੋਗਾ ਵਿਖੇ ਦੋ ਰੋਜ਼ਾ ਸਿਖਲਾਈ ਕੈਂਪ ਲਾਇਆ ਗਿਆ। ਇਸ ਮੌਕੇ ਸੁਖਦੇਵਾ ਕ੍ਰਿਸ਼ਨਾ ਕਾਲਜ ਆਫ ਐਜੂਕੇਸ਼ਨ ਦੇ ਵਿਦਿਆਰਥੀਆਂ ਤੋਂ ਇਲਾਵਾ ਮੋਗਾ ਕਾਲਜ ਆਫ ਐਜੂਕੇਸ਼ਨ ਤੇ ਸਤਿਅਮ ਕਾਲਜ ਆਫ ਐਜੂਕੇਸ਼ਨ ਦੇ ਵਿਦਿਆਰਥੀਆਂ ਨੇ ਵੀ ਇਸ ਸਿਖਲਾਈ ਵਿੱਚ ਹਿੱਸਾ ਲਿਆ। ਇਸ ਦੋ ਰੋਜ਼ਾ ਸਿਖਲਾਈ ਦੌਰਾਨ ਹਰਮਨਦੀਪ ਸਿੰਘ ਬੀ ਐੱਮ ਪੀ ਜਤਿੰਦਰ ਪਾਲ ਸਿੰਘ ਤੇ ਮਨਜੀਤ ਸਿੰਘ ਨੇ ਟੀਚਿੰਗ ਸੰਬੰਧੀ ਜ਼ਰੂਰੀ ਜਾਣਕਾਰੀ ਵਿਦਿਆਰਥੀਆਂ ਨੂੰ ਦਿੱਤੀ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾਕਟਰ ਮੋਨਿਕਾ ਵਰਮਾ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਇਸ ਸਿਖਲਾਈ ਕੈਂਪ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਟੀਚਿੰਗ ਪ੍ਰੈਕਟਿਸ ਸੰਬੰਧੀ ਵੱਖ ਵੱਖ ਤਕਨੀਕਾਂ ਦਾ ਪ੍ਰਯੋਗ ਕਰਕੇ ਪੜ੍ਹਾਉਣ ਵਿਧੀਆਂ ਤੋਂ ਜਾਣੂ ਕਰਵਾ ਕੇ ਇੱਕ ਵਧੀਆ ਅਧਿਆਪਕ ਦਾ ਨਿਰਮਾਣ ਕਰਨਾ ਹੈ। ਇਸ ਦੋ ਰੋਜ਼ਾ ਸਿਖਲਾਈ ਦੇਣ ਦਾ ਮਕਸਦ ਵਧੀਆ ਅਧਿਆਪਕ ਬਣਾਉਣਾ ਹੈ। ਅਧਿਆਪਕ ਰਾਸ਼ਟਰ ਦਾ ਨਿਰਮਾਤਾ ਹੁੰਦਾ ਹੈ ਤੇ ਚੰਗੀ ਸਿੱਖਿਆ ਚੰਗੇ ਅਧਿਆਪਕ ਦੁਆਰਾ ਹੀ ਪ੍ਰਦਾਨ ਕੀਤੀ ਜਾ ਸਕਦੀ ਹੈ। ਪ੍ਰਿੰ. ਵਰਮਾ ਨੇ ਸਿਖਲਾਈ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦੇ ਹੋਏ ਉਨ੍ਹਾਂ ਨੂੰ ਫਾਰਗ ਕੀਤਾ ਤੇ ਨਾਲ ਹੀ ਡਾਇਟ ਮੋਗਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਡੀ ਸੰਸਥਾ ਅੱਗੇ ਤੋਂ ਅਜਿਹੇ ਸਿੱਖਿਆਦਾਇਕ ਕੰਮਾਂ ਲਈ ਡਾਇਟ ਦਾ ਪੂਰਾ ਸਹਿਯੋਗ ਦੇਵੇਗੀ।

# ...ਸਫ਼ਾ 1 ਦੇ ਬਾਕੀ

### 17 ਹੋਰ ਰੇਤ ਖੱਡਾਂ..

ਜਲਦੀ 150 ਜਨਤਕ ਰੇਤ ਖੱਡਾਂ ਚਾਲੂ ਕਰੇਗੀ। ਉਨ੍ਹਾ ਕਿਹਾ ਕਿ ਕੁਝ ਦਿਨ ਪਹਿਲਾਂ ਛੇ ਜ਼ਿਲ੍ਹਿਆਂ ਦੀਆਂ 16 ਜਨਤਕ ਰੇਤ ਖੱਡਾਂ ਚਲਾਈਆਂ ਗਈਆਂ ਸਨ ਅਤੇ ਅੱਜ ਅੱਠ ਜ਼ਿਲ੍ਹਿਆਂ ਦੀਆਂ 17 ਹੋਰ ਜਨਤਕ ਖੱਡਾਂ ਲੋਕਾਂ ਨੂੰ ਸਮਰਪਿਤ ਕੀਤੀਆਂ ਜਾ ਰਹੀਆਂ ਹਨ। ਮਾਨ ਨੇ ਕਿਹਾ ਕਿ ਹੁਣ ਤੱਕ ਇਨ੍ਹਾਂ ਜਨਤਕ ਖੱਡਾਂ ਤੋਂ 61,580 ਮੀਟਰਿਕ ਟਨ ਰੇਤਾ ਲੋਕਾਂ ਨੇ ਵਰਤ ਲਿਆ ਹੈ। ਉਨ੍ਹਾ ਕਿਹਾ ਕਿ ਇਸ ਨਾਲ ਬਹੁਤ ਸਾਰੇ ਨੌਜਵਾਨਾਂ ਨੂੰ ਸਿੱਧੇ ਤੇ ਅਸਿੱਧੇ ਤੌਰ ਉਤੇ ਰੁਜ਼ਗਾਰ ਮਿਲਿਆ ਹੈ।

ਮਾਨ ਨੇ ਕਿਹਾ ਕਿ ਹੁਣ ਇਨ੍ਹਾਂ ਜਨਤਕ ਖੱਡਾਂ ਤੋਂ ਸਿਰਫ਼ 5.50 ਰੁਪਏ ਪ੍ਰਤੀ ਕਿਊਬਿਕ ਫੁੱਟ ਰੇਤਾ ਮਿਲੇਗਾ, ਜਿਸ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਮੁੱਖ ਮੰਤਰੀ ਨੇ ਸਪੱਸ਼ਟ ਕਿਹਾ ਕਿ ਇਨ੍ਹਾਂ ਜਨਤਕ ਖੱਡਾਂ ਤੋਂ ਕਿਸੇ ਵੀ ਮਾਈਨਿੰਗ ਠੇਕੇਦਾਰ ਨੂੰ ਆਪਣਾ ਕੰਮ ਚਲਾਉਣ ਦੀ ਮਨਜ਼ੂਰੀ ਨਹੀਂ ਦਿੱਤੀ ਜਾਵੇਗੀ।

ਸੂਬੇ ਵਿੱਚ ਰੇਤ ਮਾਫੀਆ ਨੂੰ ਜਨਮ ਦੇਣ ਅਤੇ ਉਸ ਦੀ ਸਰਪ੍ਰਸਤੀ ਕਰਨ ਲਈ ਅਕਾਲੀ ਦਲ ਨੂੰ ਕਰੜੇ ਹੱਥੀਂ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਨੂੰ ਇਸ ਮੁੱਦੇ ਉਤੇ ਬੋਲਣ ਦਾ ਕੋਈ ਨੈਤਿਕ ਅਧਿਕਾਰ ਨਹੀਂ। ਉਨ੍ਹਾ ਕਿਹਾ ਕਿ ਸਭ ਜਾਣਦੇ ਹਨ ਕਿ ਅਕਾਲੀਆਂ ਦੀ ਆਪਣੇ ਲੰਮੇ ਕੁਸ਼ਾਸਨ ਦੌਰਾਨ ਸੂਬੇ ਨੂੰ ਲੁੱਟਣ ਵਾਲੇ ਹਰ ਮਾਫੀਆ ਨਾਲ ਗੰਢਤੁੱਪ ਸੀ। ਮਜੀਠੀਆ ਦੇ ਸੱਜੇ-ਖੱਬੇ ਬੈਠੇ ਦਿਖਾਈ ਦੇਣ ਵਾਲਿਆਂ ਦੇ ਹੱਥ ਪੰਜਾਬੀਆਂ 'ਤੇ ਜ਼ੁਲਮ ਨਾਲ ਰੰਗੇ ਹੋਏ ਹਨ।

ਉਹਨਾ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਉਹ ਮਜੀਠੀਆ, ਜਿਸ ਦੀ ਪਾਰਟੀ ਨੇ ਇਹ ਸਾਰੀ ਗੜਬੜ ਕੀਤੀ, ਜਿਸ ਤੋਂ ਅੱਜ ਪੂਰਾ ਪੰਜਾਬ ਦੁਖੀ ਹੈ, ਸਿਰਫ ਮੀਡੀਆ ਦੀਆਂ ਸੁਰਖੀਆਂ ਬਟੋਰਨ ਲਈ ਅਜਿਹੇ ਸਵਾਲ ਪੁੱਛ ਰਿਹਾ ਹੈ।

ਮੁੱਖ ਮੰਤਰੀ ਨੇ ਇਹ ਐਲਾਨ ਵੀ ਕੀਤਾ ਕਿ ਲੰਮੇ ਸਮੇਂ ਤੋਂ ਲਟਕ ਰਹੀਆਂ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਅਤੇ ਕਮਿਸ਼ਨਾਂ ਦੀਆਂ ਸਾਰੀਆਂ ਰਿਪੋਰਟਾਂ ਜਲਦੀ ਹੀ ਜਨਤਕ ਕੀਤੀਆਂ ਜਾਣਗੀਆਂ ਅਤੇ ਲੋਕਾਂ ਨੂੰ ਲੁੱਟਣ ਵਾਲੇ ਤੇ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਨ ਵਾਲੇ ਕਿਸੇ ਵੀ ਸ਼ਖ਼ਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

ਉਨ੍ਹਾ ਕਿਹਾ ਕਿ ਲੋਕਾਂ ਨੂੰ ਲੁੱਟਣ ਵਾਲੇ ਹਰ ਵਿਅਕਤੀ ਨੂੰ ਬੇਨਕਾਬ ਕਰਕੇ ਕਾਨੂੰਨ ਦੇ ਕਟਹਿਰੇ 'ਚ ਖੜ੍ਹਾ ਕੀਤਾ ਜਾਵੇਗਾ। ਇਸ ਮੌਕੇ ਮੁੱਖ ਮੰਤਰੀ ਨਾਲ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਅਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਵੀ ਮੌਜੂਦ ਸਨ।

### ਗਦਰੀਆਂ ਦੀਆਂ ਕੁਰਬਾਨੀਆਂ...

ਇਹ ਗਦਰੀ ਵਿਦੇਸ਼ਾਂ ਵੱਲ ਗਏ ਤਾਂ ਕਮਾਈਆਂ ਕਰਨ ਸੀ, ਪਰ ਉਥੇ ਆਪਣੇ ਦੇਸ਼ ਦੀ ਗੁਲਾਮੀ ਦੇ ਡੂੰਘੇ ਅਹਿਸਾਸ ਨੇ ਇਹਨਾਂ ਅੰਦਰ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਚਿਣਗ ਜਗਾ ਦਿੱਤੀ।

ਉਹਨਾਂ ਨਿੱਜੀ ਕਮਾਈਆਂ ਨੂੰ ਲੱਤ ਮਾਰ ਕੇ ਦੇਸ਼ ਦੀ ਆਜ਼ਾਦੀ ਦਾ ਬੀੜਾ ਚੁੱਕ ਲਿਆ। ਉਹ 'ਗਦਰ ਪਾਰਟੀ' ਬਣਾ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਭਾਰਤ ਵਾਪਸ ਆਏ। ਇਸ ਦੌਰਾਨ ਉਨ੍ਹਾਂ ਅੰਗਰੇਜ਼ ਹਾਕਮਾਂ ਦੇ ਅਨੇਕਾਂ ਤਸੀਹੇ ਝੱਲੇ, ਜੇਲ੍ਹਾਂ ਕੱਟੀਆਂ, ਜ਼ਮੀਨਾਂ, ਜਾਇਦਾਦਾਂ ਕੁਰਕ ਕਰਵਾਈਆਂ, ਪਰ ਹਾਰ ਨਾ ਮੰਨੀ। ਅਖੀਰ ਇਹਨਾਂ ਦੀਆਂ ਕੁਰਬਾਨੀਆਂ ਸਦਕਾ ਦੇਸ਼ ਆਜ਼ਾਦ ਹੋ ਗਿਆ, ਪਰ ਮੌਜੂਦਾ ਕੇਂਦਰ ਸਰਕਾਰ ਸਾਰੇ ਸਰਕਾਰੀ ਅਦਾਰੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਕੇ ਭਾਰਤ ਨੂੰ ਫਿਰ ਗੁਲਾਮੀ ਵੱਲ ਧਕੇਲ ਰਹੀ ਹੈ। ਭਾਈਚਾਰਕ ਸਾਂਝ ਨੂੰ ਤੋੜਨ ਲਈ ਪੂਰਾ ਜ਼ੋਰ ਲਾਇਆ ਜਾ ਰਿਹਾ ਹੈ, ਜਿਸ ਦਾ ਮੁੱਖ ਮਕਸਦ ਅਸਲ ਮੁੱਦਿਆਂ ਤੋਂ ਧਿਆਨ ਭੜਕਾਉਣਾ ਹੈ। ਹੁਣੇ ਕੇਂਦਰੀ ਵਿੱਤ ਮੰਤਰੀ ਵੱਲੋਂ ਪੇਸ਼ ਕੀਤਾ ਗਿਆ ਬਜਟ ਵੀ ਕਿਸਾਨਾਂ, ਮਜ਼ਦੂਰਾਂ, ਆਮ ਲੋਕਾਂ ਦੇ ਵਿਰੁੱਧ ਤੇ ਕਾਰਪੋਰੇਟਰਾਂ ਦੇ ਪੱਖ ਵਾਲਾ ਹੈ।

ਬਜਟ ਵਿੱਚ ਬੇਰੁਜ਼ਗਾਰੀ ਨੂੰ ਠੱਲ੍ਹ ਪਾਉਣ ਤੇ ਜਵਾਨੀ ਲਈ ਰੁਜ਼ਗਾਰ ਦਾ ਪ੍ਰਬੰਧ ਕਰਨ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਜ਼ਿਲ੍ਹਾ ਸਕੱਤਰ ਕੁਲਦੀਪ ਭੋਲਾ ਤੇ ਪੰਜਾਬ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੂਰਤ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਦੀ ਐੱਮ ਐੱਸ ਪੀ ਵਰਗੀ ਅਹਿਮ ਮੰਗ ਨੂੰ ਵੀ ਨਜ਼ਰਅੰਦਾਜ਼ ਕਰ ਦਿੱਤਾ ਹੈ। ਮਨਰੇਗਾ ਬਜਟ ਵਿੱਚ ਵਾਧਾ ਕਰਨ ਦੀ ਬਜਾਏ ਸਗੋਂ 89400 ਕਰੋੜ ਤੋਂ ਘਟਾ ਕੇ 60000 ਕਰੋੜ ਕਰ ਦਿੱਤਾ ਹੈ। ਜੋ ਸਰਕਾਰ ਦੇ ਮਨਸੂਬਿਆਂ ਨੂੰ ਨੰਗਿਆਂ ਕਰਦਾ ਹੈ। ਇਸ ਦੌਰਾਨ ਸੂਬਾ ਲੀਡਰਸ਼ਿਪ ਵੱਲੋਂ ਜਰਨੈਲ ਸਿੰਘ ਮੱਲੇਆਣਾ ਦੁਆਰਾ ਲਿਖਤ ਕਿਤਾਬ 'ਜੀਵਨੀ ਗਦਰੀ ਬਾਬਾ ਰੂੜ ਸਿੰਘ ਚੂਹੜ ਚੱਕ' ਵੀ ਰਿਲੀਜ਼ ਕੀਤੀ ਗਈ। ਇਸ ਸਮੇਂ ਹੋਰਨਾਂ ਤੋਂ ਇਲਾਵਾ ਮਹਿੰਦਰਪਾਲ ਮੁਹਾਲੀ, ਚਰਨਜੀਤ ਸਿੰਘ, ਜਗਜੀਤ ਜੀਤਾ, ਮਲਕੀਤ ਸਿੰਘ, ਗੁਰਮੀਤ ਸਿੰਘ, ਰਾਜੂ, ਸ਼ੇਰ ਸਿੰਘ, ਜਗਸੀਰ ਖੋਸਾ, ਮਹਿੰਦਰ ਸਿੰਘ ਧੂੜਕੋਟ ਤੇ ਭੈਣ ਮਾਰੀਆ ਆਦਿ ਹਾਜ਼ਰ ਸਨ।

ਲੋਕ ਕਲਾ ਮੰਚ ਇਪਟਾ ਕਪੂਰਥਲਾ ਦੀ ਟੀਮ ਵੱਲੋਂ ਇੰਦਰਜੀਤ ਰੂਪੋਵਾਲੀ ਦੀ ਨਿਰਦੇਸ਼ਨਾ ਹੇਠ ਨਾਟਕ ਤੇ ਕੋਰਿਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ।

ਰਸੂਲਪੁਰ ਦੇ ਕਵੀਸ਼ਰੀ ਜਥੇ ਨੇ ਸ਼ਾਨਦਾਰ ਹਾਜ਼ਰੀ ਲਗਵਾਈ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨਰਿੰਦਰ ਕੌਰ ਸੋਹਲ ਵੱਲੋਂ ਨਿਭਾਈ ਗਈ।

### ਮਜੀਠੀਆ ਕੋਲ 'ਆਪ' ਸਰਕਾਰ...

ਜਾਂ ਵਿਧਾਇਕ ਹੋਵੇ, ਭ੍ਰਿਸ਼ਟਾਚਾਰ ਕਰਨ ਵਾਲੇ ਨੂੰ ਬਖ਼ਸ਼ਿਆ ਨਹੀਂ ਜਾਵੇਗਾ।' ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ 'ਤੇ ਨਿਸ਼ਾਨਾ ਸਾਧਦਿਆਂ ਕੰਗ ਨੇ ਕਿਹਾ ਕਿ ਇਹ ਹੈਰਾਨੀ ਦੀ ਗੱਲ ਹੈ ਕਿ ਮਜੀਠੀਆ, ਜੋ ਖੁਦ ਨਸ਼ਾ ਤਸਕਰੀ ਦੇ ਕੇਸ ਦਾ ਸਾਹਮਣਾ ਕਰ ਰਿਹਾ ਹੈ, ਭ੍ਰਿਸ਼ਟਾਚਾਰ ਦੀ ਗੱਲ ਕਰ ਰਿਹਾ ਹੈ।

ਉਨ੍ਹਾ ਕੋਲ ਤਾਂ 'ਆਪ' ਸਰਕਾਰ 'ਤੇ ਸਵਾਲ ਚੁੱਕਣ ਦਾ ਕੋਈ ਨੈਤਿਕ ਆਧਾਰ ਵੀ ਨਹੀਂ ਹੈ। ਉਹਨਾ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ 'ਤੇ ਵੀ ਜਵਾਬੀ ਹਮਲਾ ਕਰਦਿਆਂ ਕਿਹਾ ਕਿ ਕਾਂਗਰਸ 'ਚੋਂ ਲਾਂਭੇ ਹੋਏ ਬਾਜਵਾ ਸਿਰਫ ਆਪਣਾ ਸਿਆਸੀ ਕੈਰੀਅਰ ਬਚਾਉਣ ਲਈ ਸਰਕਾਰ 'ਤੇ ਬੇਬੁਨਿਆਦ ਦੋਸ਼ ਲਾ ਰਹੇ ਹਨ। ਕੰਗ ਨੇ ਉਨ੍ਹਾ ਨੂੰ ਚੁਣੌਤੀ ਦਿੱਤੀ ਕਿ ਉਹ ਇੱਕ ਵੀ ਅਜਿਹੀ ਉਦਾਹਰਣ ਦੇਣ, ਜਿੱਥੇ ਉਨ੍ਹਾ ਦੀ ਸਰਕਾਰ ਨੇ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਆਪਣੇ ਕਿਸੇ ਮੰਤਰੀ/ਨੇਤਾ ਖਿਲਾਫ ਕਾਰਵਾਈ ਕੀਤੀ ਹੋਵੇ।

### ਐੱਸ ਸੀ ਸਕਾਲਰਸ਼ਿਪ..

ਜਾਂਚ ਵਿੱਚ ਇਹ ਬਹੁ-ਕਰੋੜੀ ਘਪਲਾ ਸਾਹਮਣੇ ਆਇਆ ਹੈ, ਜਿਸ ਵਿੱਚ ਸਮਾਜਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੇ ਚਾਰ ਕਰਮਚਾਰੀ ਅਤੇ ਦੋ ਵਿੱਤ ਵਿਭਾਗ ਦੇ ਕਰਮਚਾਰੀਆਂ ਦੀ ਸ਼ਮੂਲੀਅਤ ਪਾਈ ਗਈ, ਉਨ੍ਹਾਂ ਨੂੰ ਤੁਰੰਤ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਅਤੇ ਇਸ ਘੁਟਾਲੇ ਦੀ ਡੂੰਘਾਈ ਨਾਲ ਜਾਂਚ ਲਈ ਪੰਜਾਬ ਵਿਜੀਲੈਂਸ ਨੂੰ ਅਗਲੇਰੀ ਜਾਂਚ ਦੀ ਸਿਫਾਰਸ਼ ਕੀਤੀ ਗਈ ਹੈ। ਇਸ ਘੁਟਾਲੇ ਬਾਰੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਹ ਘੁਟਾਲਾ 2019 ਵਿਚ ਕਾਂਗਰਸ ਸਰਕਾਰ ਦੌਰਾਨ ਹੋਇਆ ਸੀ ਅਤੇ 55 ਕਰੋੜ ਰੁਪਏ ਦੀ ਗੜਬੜੀ ਸਾਹਮਣੇ ਆਈ ਸੀ, ਜਿਸ ਵਿੱਚੋਂ 16 ਕਰੋੜ ਰੁਪਏ ਕੁਝ ਗਲਤ ਕਾਲਜਾਂ ਨੂੰ ਦੇ ਦਿੱਤੇ ਗਏ ਸਨ। ਇਨ੍ਹਾਂ ਅਦਾਰਿਆਂ ਵਿਰੁੱਧ ਕਾਰਵਾਈ ਕਰਨ ਦੀ ਬਜਾਏ ਉਨ੍ਹਾਂ ਨੂੰ ਕਰੋੜਾਂ ਰੁਪਏ ਦਾ ਫਾਇਦਾ ਪਹੁੰਚਾਇਆ ਗਿਆ। ਉਹਨਾ ਕਿਹਾ ਕਿ ਵਿਭਾਗੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਯੋਗ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਵਜ਼ੀਫਾ ਵੰਡਣ ਵਿੱਚ ਅਣਦੇਖੀ ਕੀਤੀ ਗਈ ਅਤੇ ਕੁਝ ਨਿੱਜੀ ਸੰਸਥਾਵਾਂ ਨੂੰ ਨਾਜਾਇਜ਼ ਲਾਭ ਦਿੱਤੇ ਗਏ। ਕੈਬਨਿਟ ਮੰਤਰੀ ਨੇ ਕਿਹਾ ਕਿ ਪਿਛਲੀ ਸਰਕਾਰ ਨੇ ਇਸ ਘੁਟਾਲੇ ਦਾ ਪਰਦਾ ਫਾਸ਼ ਕਰਨ ਲਈ ਆਡਿਟ ਦੇ ਹੁਕਮ ਦਿੱਤੇ ਸਨ, ਪਰ ਕਾਂਗਰਸ ਸਰਕਾਰ ਨੇ 'ਜਾਲ੍ਹੀ ਕਾਲਜਾਂ' ਨੂੰ ਧੋਖੇ ਨਾਲ ਦਿੱਤੇ ਫੰਡ ਇਕੱਠੇ ਕਰਨ ਦੀ ਬਜਾਏ ਮੁੜ ਆਡਿਟ ਦੇ ਹੁਕਮ ਦਿੱਤੇ ਅਤੇ ਇਨ੍ਹਾਂ ਕਾਲਜਾਂ ਨੂੰ ਹੋਰ ਫੰਡ ਦਿੱਤੇ।

### ਸੁਖਵਿੰਦਰ ਸੁੱਖੀ ਨੂੰ ਸਦਮਾ...

ਜਿੱਥੇ ਡਾਕਟਰਾਂ ਨੇ ਉਨ੍ਹਾ ਨੂੰ ਮ੍ਰਿਤਕ ਐਲਾਨ ਦਿੱਤਾ। ਉਹ ਆਪਣੇ ਪਿੱਛੇ ਦੋ ਬੇਟੀਆਂ ਤੇ ਇੱਕ ਬੇਟਾ ਛੱਡ ਗਏ। ਉਨ੍ਹਾ ਦੇ ਪਰਵਾਰਕ ਮੈਂਬਰਾਂ ਨੇ ਦੱਸਿਆ ਕਿਹਾ ਉਨ੍ਹਾਂ ਦਾ ਅੰਤਿਮ ਸਸਕਾਰ ਰਿਸ਼ਤੇਦਾਰਾਂ ਦੇ ਬਾਹਰੋਂ ਆਉਣ 'ਤੇ ਕੀਤਾ ਜਾਵੇਗਾ। ਇਸ ਦੁੱਖ ਦੀ ਘੜੀ 'ਚ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਸਕੱਤਰ ਗੁਰਮੀਤ ਸਿੰਘ ਸ਼ੁਗਲੀ, ਸੰਪਾਦਕ ਚੰਦ ਫਤਿਹਪੁਰੀ, ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ, ਜਤਿੰਦਰ ਪੰਨੂੰ, ਹਰਦੇਵ ਅਰਸ਼ੀ, ਸੁਕੀਰਤ ਆਨੰਦ, ਪ੍ਰਿਥੀਪਾਲ ਮਾੜੀਮੇਘਾ, ਰਜਿੰਦਰ ਮੰਢ ਅਤੇ ਨਵਾਂ ਜ਼ਮਾਨਾ ਦੇ ਸਮੂਹ ਸਟਾਫ਼ ਨੇ ਦੁੱਖ ਪ੍ਰਗਟ ਕੀਤਾ।


**ਪੰਜਾਬ ਰਾਜ ਗੁਦਾਮ ਨਿਗਮ ਜ਼ਿਲ੍ਹਾ ਦਫਤਰ : ਲੁਧਿਆਣਾ**

**ਟੈਂਡਰ ਨੋਟਿਸ**

ਪੰਜਾਬ ਰਾਜ ਗੁਦਾਮ ਨਿਗਮ, ਜ਼ਿਲ੍ਹਾ ਦਫਤਰ, ਗਿੱਲ ਰੋਡ, ਨਵੀਂ ਦਾਣਾ ਮੰਡੀ, ਬੈਂਕ ਸਾਈਡ ਆਈ ਟੀ ਆਈ, ਲੁਧਿਆਣਾ ਦੁਆਰਾ ਜ਼ਿਲ੍ਹਾ ਲੁਧਿਆਣਾ ਦੇ ਵੱਖ-ਵੱਖ ਕੇਂਦਰਾਂ 'ਤੇ ਪਏ ਕੁੱਲ 25074 ਵਿੱਚੋਂ ਗਰੁੱਪ-ਈ ਵਿੱਚ ਪਏ 5302 ਨਾ-ਵਰਤੋਂ ਯੋਗ ਲੱਕੜ ਦੇ ਕਰੇਟਾਂ, ਜਿਨ੍ਹਾਂ ਦਾ ਕੇਂਦਰ-ਵਾਈਜ਼ ਵੇਰਵਾ ਹੇਠ ਲਿਖੇ ਅਨੁਸਾਰ ਹੈ।

| ਲੜੀ ਨੰ. | ਗਰੁੱਪ | ਕੇਂਦਰ | ਨਾ-ਵਰਤੋਂਯੋਗ ਲੱਕੜ ਦੇ ਕਰੇਟ |
|---|---|---|---|
| 1 | ਜੀ-ਈ | ਜਗਰਾਓਂ | 8300 |

ਉਪਰੋਕਤ ਕਰੇਟਾਂ ਦੀ ਨਿਲਾਮੀ ਕਰਨ ਲਈ ਮੋਹਰਬੰਦ ਟੈਂਡਰ ਰੁਪਏ 500/- (ਪੰਜ ਸੌ ਰੁਪਏ) non-refundable ਹਰੇਕ ਦੇ ਨਿਰਧਾਰਤ ਟੈਂਡਰ ਫਾਰਮਾਂ 'ਤੇ ਮੰਗੇ ਜਾਂਦੇ ਹਨ ਅਤੇ ਇਹ ਮਿਤੀ 23.02.2023 ਨੂੰ ਬਾਅਦ ਦੁਪਹਿਰ 2.00 ਵਜੇ ਤੱਕ ਪ੍ਰਾਪਤ ਕੀਤੇ ਜਾਣਗੇ ਅਤੇ ਉਸੇ ਦਿਨ ਮਿਤੀ 23.02.2023 ਨੂੰ ਬਾਅਦ ਦੁਪਹਿਰ 3.00 ਵਜੇ ਟੈਂਡਰਕਾਰ, ਜੋ ਹਾਜ਼ਰ ਹੋਣਾ ਚਾਹੁਣਗੇ, ਦੀ ਹਾਜ਼ਰੀ ਵਿੱਚ ਖੋਲ੍ਹੇ ਜਾਣਗੇ। ਨਿਗਮ ਦੀਆਂ ਸ਼ਰਤਾਂ ਟੈਂਡਰ ਫਾਰਮ ਵਿੱਚ ਦਿੱਤੀਆਂ ਗਈਆਂ ਹਨ। ਟੈਂਡਰ ਫਾਰਮ ਜ਼ਿਲ੍ਹਾ ਦਫਤਰ ਲੁਧਿਆਣਾ ਵਿਖੇ ਉਪਲੱਬਧ ਹਨ। ਟੈਂਡਰਕਾਰ ਨੂੰ ਟੈਂਡਰ ਦਸਤਾਵੇਜ਼ ਦੀ ਕੀਮਤ ਵਜੋਂ ਲਾਗੂ ਅਨੁਸਾਰ ਰੁਪਏ 500/- (ਪੰਜ ਸੌ ਰੁਪਏ) ਨਕਦ ਜਮ੍ਹਾਂ ਕਰਵਾਉਣ ਉਪਰੰਤ ਪ੍ਰਾਪਤ ਕੀਤੇ ਜਾ ਸਕਦੇ ਹਨ। ਟੈਂਡਰ ਫਾਰਮ ਦੇ ਨਾਲ ਕੁੱਲ ਬਣਦੀ ਕੀਮਤ (ਸਮੇਤ ਵੈਟ) ਦਾ 10 ਫੀਸਦੀ ਬਿਆਨਾ ਰਕਮ ਦੇ ਰੂਪ ਵਿੱਚ ਡਿਮਾਂਡ ਡਰਾਫਟ, ਜਿਹੜਾ ਕਿ ਪੰਜਾਬ ਸਟੇਟ ਵੇਅਰ ਹਾਊਸਿੰਗ ਕਾਰਪੋਰੇਸ਼ਨ ਲੁਧਿਆਣਾ ਦੇ ਨਾਂਅ ਨਾਲ ਨੱਥੀ ਹੋਣੀ ਚਾਹੀਦਾ ਹੈ। ਬਗੈਰ ਬਿਆਨਾ ਰਕਮ ਤੋਂ ਟੈਂਡਰ ਫਾਰਮ ਰੱਦ ਕਰ ਦਿੱਤਾ ਜਾਵੇਗਾ। ਟੈਂਡਰਕਾਰ ਕੋਲ ਜੀ ਐੱਸ ਟੀ ਨੰ. ਅਤੇ ਪੈਨ ਕਾਰਡ (ਜੀ ਐੱਸ ਟੀ ਅਤੇ ਪੈਨ ਨੰ.) ਹੋਣਾ ਚਾਹੀਦਾ ਹੈ। ਜੇਕਰ ਟੈਂਡਰ ਪ੍ਰਾਪਤ ਕਰਨ ਅਤੇ ਖੁੱਲ੍ਹਣ ਦੀ ਮਿਤੀ ਨੂੰ ਛੁੱਟੀ ਆ ਜਾਂਦੀ ਹੈ ਤਾਂ ਟੈਂਡਰ ਉਸ ਸਮੇਂ ਉਸੇ ਸਥਾਨ 'ਤੇ ਅਗਲੇ ਕੰਮ ਵਾਲੇ ਦਿਨ ਨੂੰ ਪ੍ਰਾਪਤ ਕੀਤੇ ਅਤੇ ਖੋਲ੍ਹੇ ਜਾਣਗੇ। ਟੈਂਡਰਕਾਰ ਸਟਾਕ ਦਾ ਨਿਰੀਖਣ ਕਿਸੇ ਵੀ ਕੰਮ ਵਾਲੇ ਦਿਨ ਜ਼ਿਲ੍ਹਾ ਲੁਧਿਆਣਾ ਦੇ ਸੰਬੰਧਤ ਕੇਂਦਰਾਂ ਵਿਖੇ ਕਰ ਸਕਦੇ ਹਨ। ਫਿਰ ਵੀ ਮੈਨੇਜਿੰਗ ਡਾਇਰੈਕਟਰ ਬਿਨਾਂ ਕੋਈ ਕਾਰਨ ਦੱਸੇ ਪ੍ਰਾਪਤ ਕਿਸੇ ਜਾਂ ਸਾਰੇ ਟੈਂਡਰਾਂ ਨੂੰ ਰੱਦ ਕਰਨ ਦਾ ਅਧਿਕਾਰ ਰਾਖਵਾਂ ਰੱਖਦੇ ਹਨ।

ਜ਼ਿਲ੍ਹਾ ਮੈਨੇਜਰ, ਲੁਧਿਆਣਾ ਵਾਸਤੇ ਪ੍ਰਬੰਧ ਨਿਰਦੇਸ਼ਕ



**AMBIT Finvest** Pragati ke partner
**AMBIT FINVEST PRIVATE LIMITED**
Corporate Off: Kanakia Wall Street, 5th floor, A 506-510, Andheri-Kurla Road, Andheri East, Mumbai-400093

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ) (ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (1) ਦੇ ਤਹਿਤ**

ਜਿਵੇਂ ਕਿ ਨਿਮਨਹਸਤਾਖਰੀ ਨੇ ਅੰਬਿਤ ਫਿਨਵੈਸਟ ਪ੍ਰਾਈਵੇਟ ਲਿਮਿਟਿਡ, ਜਿਸ ਦਾ ਰਜਿਸਟਰਡ ਦਫਤਰ ਅੰਬਿਤ ਹਾਊਸ, 449, ਸੈਨਾਪਤੀ ਬਪਤ ਮਾਰਗ, ਲੋਵਰ ਪਾਰੇਲ, ਮੁੰਬਈ-400013, ਕਾਰਪੋਰੇਟ ਦਫਤਰ ਕਨਕੀਆ ਵਾਲ ਸਟ੍ਰੀਟ-5ਵੀਂ ਮੰਜ਼ਲ, ਏ 506-510, ਅੰਧੇਰੀ ਕੁਰਲਾ ਰੋਡ, ਅੰਧੇਰੀ ਈਸਟ, ਮੁੰਬਈ-400093 ਹੈ, ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 (2002 ਦਾ 54) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਨੋਟਿਸ ਜਾਰੀ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਨੋਟਿਸ 'ਚ ਅਤੇ ਹੇਠਾਂ ਦਰਸਾਈ ਰਕਮ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੱਤਾ ਸੀ। ਹੇਠਾਂ ਦਰਸਾਏ ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਕਬਜ਼ਾ ਹਾਸਲ ਕਰ ਲਿਆ ਹੈ।

| ਕਰਜ਼ਦਾਰ/ਸਹਿ-ਕਰਜ਼ਦਾਰਾਂ/ਗਰੰਟਰਾਂ ਦਾ ਨਾਂਅ ਅਤੇ ਕਰਜ਼ਾ ਖਾਤਾ ਨੰਬਰ | ਡਿਮਾਂਡ ਨੋਟਿਸ ਦੀ ਮਿਤੀ | ਅਚੱਲ ਜਾਇਦਾਦ/ਰਹਿਣ ਜਾਇਦਾਦਾਂ ਦਾ ਵੇਰਵਾ | ਕਬਜ਼ੇ ਦੀ ਮਿਤੀ ਕਬਜ਼ੇ ਦੀ ਕਿਸਮ |
|---|---|---|---|
| 1. ਵਿਕਾਸ ਕੁਮਾਰ 2. ਮਨਪ੍ਰੀਤ ਕੌਰ 3. ਲਕਸ਼ ਇੰਟਰਪ੍ਰਾਇਜ਼ਜ਼ ਕਰਜ਼ਾ ਨੰ. LUI000000024744 | ਰਕਮ 01/10/2022 01.10. 2022 ਨੂੰ ਰੁ. 23,06, 090.46/- (ਤੇਈ ਲੱਖ ਛੇ ਹਜ਼ਾਰ ਨੱਬੇ ਰੁਪਏ ਅਤੇ ਛਿਆਲੀ ਪੈਸੇ ਕੇਵਲ) | ਰਿਹਾਇਸ਼ੀ ਜਾਇਦਾਦ ਰਕਬਾ 3-1/3 ਮਰਲੇ, ਖੱਤਾ ਨੰ. 218/242, 877/951, 952, ਖਸਰਾ ਨੰ. 61//24,25,76//5,6, 15/1, 76//16/2,3/1/1/1,4, 7, 14/2, 16/1, 17,24/2 ਜਮ੍ਹਾਂਬੰਦੀ ਸਾਲ 2011-2012, ਲਿੰਕ ਰੋਡ, ਫਤਹਿ ਇਨਕਲੇਵ, ਹਵੇਲੀ ਵਾਲੇ, ਨੇੜੇ ਘਈ ਸੀਮੇਂਟ ਸ਼ਾਪ, ਪਿੰਡ ਮੁੱਲਾਂਪੁਰ, ਤਹਿਸੀਲ-ਮੁੱਲਾਂਪੁਰ ਦਾਖਾ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ-141101- ਹੱਦਾਂ : ਪੂਰਬ : ਗੁਆਂਢੀ, ਪੱਛਮ : ਰਸਤਾ, ਉੱਤਰ : ਰਾਜਨ ਕੁਮਾਰ, ਦੱਖਣ : ਗੁਆਂਢੀ। | 16.02.2023 ਸੰਕੇਤਕ ਕਬਜ਼ਾ |

ਕਰਜ਼ਦਾਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਲਈ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਕਿਸਮ ਦੀ ਸੌਦੇਬਾਜ਼ੀ ਅੰਬਿਤ ਫਿਨਵੈਸਟ ਪ੍ਰਾਈਵੇਟ ਲਿਮਟਿਡ ਨੂੰ ਇੱਥੇ ਉਪਰ ਦਰਸਾਈ ਰਕਮ ਅਤੇ ਉਸ ਉੱਪਰ ਵਿਆਜ ਵਸੂਲੀ ਹੇਠ ਹੋਵੇਗੀ। ਉਪਲਬੱਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਮਿਤੀ : 18.02.2023, ਸਥਾਨ : ਲੁਧਿਆਣਾ — ਸਹੀ/-ਅਧਿਕਾਰਤ ਅਫਸਰ, ਅੰਬਿਤ ਫਿਨਵੈਸਟ ਪ੍ਰਾਈਵੇਟ ਲਿਮਟਿਡ



**YES BANK**
Registered & Corporate Office: YES BANK LIMITED, YES BANK House, Off Western Express Highway, Santacruz East, Mumbai-400055.
CIN: L65190MH2003PLC143249, E-mail: communications@yesbank.in, Website: www.yesbank.in
Branch Add.: B-XX 2427928,1st Floor, Gobind Nagar, Ferozepur Road, Ludhiana141001

**ਸਰਫੇਸੀ ਐਕਟ ਦੇ ਸੈਕਸ਼ਨ 13 (2) ਅਧੀਨ ਨੋਟਿਸ ਦੀ ਪ੍ਰਕਾਸ਼ਨਾ**

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰ/ਗਰੰਟਰ/ਰਹਿਣਕਾਰ ਜੋ ਕਿ ਮੂਲ ਅਤੇ ਉਨ੍ਹਾਂ ਵੱਲੋਂ ਬੈਂਕ ਤੋਂ ਪ੍ਰਾਪਤ ਓਵਰ ਡਰਾਫਟ ਸਹੂਲਤ ਦਾ ਵਿਆਜ ਵਾਪਸ ਮੋੜਨ 'ਚ ਅਸਫਲ ਰਹੇ ਹਨ ਅਤੇ ਜਿਨ੍ਹਾਂ ਦਾ ਸਹੂਲਤ ਖਾਤਾ ਨਾਨ-ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕਰ ਦਿੱਤਾ ਗਿਆ ਹੈ। ਉਨ੍ਹਾਂ ਦੇ ਜਾਣਕਾਰੀ ਵਾਲੇ ਆਖਰੀ ਪਤਿਆਂ 'ਤੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਅਧੀਨ ਨੋਟਿਸ ਜਾਰੀ ਕੀਤੇ ਗਏ ਸਨ, ਪ੍ਰੰਤੂ ਉਹ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ, ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਸੂਚਨਾ ਦਿੱਤੀ ਜਾਂਦੀ ਹੈ :-

| ਲੜੀ ਨੰ. | ਕਰਜ਼ਦਾਰਾਂ/ਗਰੰਟਰਾਂ/ਸਕਿਉਰਟੀ ਪ੍ਰੋਵਾਈਡਰਜ਼ ਦਾ ਨਾਂਅ ਅਤੇ ਖਾਤਾ ਨੰ. | ਜਾਇਦਾਦਾਂ/ਲਾਗੂ ਕੀਤੇ ਜਾਣ ਵਾਲੇ ਸਕਿਉਰਡ ਐੱਸਟਸ ਦਾ ਪਤਾ ਅਤੇ ਰਹਿਣਕਾਰ ਦਾ ਨਾਂਅ | ਨੋਟਿਸ ਦੀ ਮਿਤੀ | ਐੱਨ ਪੀ ਏ ਦੀ ਮਿਤੀ | ਬਕਾਇਆ ਰਕਮ |
|---|---|---|---|---|---|
| 1 | (1) ਮੈਸਰਜ਼ ਫਰੈਂਡਜ਼ ਕੁਲੈਕਸ਼ਨ ਰਾਹੀਂ ਇਸ ਦੇ ਮਾਲਕ ਸ੍ਰੀ ਵਗੀਸ਼ ਸੂਦ ਪੁੱਤਰ ਸੁਭਾਸ਼ ਚੰਦਰ ਸੂਦ (ਕਰਜ਼ਦਾਰ ਅਤੇ ਰਹਿਣਕਾਰ) ਪਤਾ-ਕਮਲ ਟਾਵਰ ਕਨੌਰ ਰੋਡ ਮੋਰਿੰਡਾ, ਰੂਪਨਗਰ, ਪੰਜਾਬ-140101 (2) ਸ੍ਰੀ ਸੁਭਾਸ਼ ਚੰਦਰ ਸੂਦ ਪੁੱਤਰ ਸ੍ਰੀ ਸ਼ੌਕਤ ਰਾਏ (ਸਹਿ-ਕਰਜ਼ਦਾਰ ਅਤੇ ਗਰੰਟਰ) ਪਤਾ-ਮਕਾਨ ਨੰ. 267, ਵਾਰਡ ਨੰ. 6, ਸਿਟੀ ਮੋਰਿੰਡਾ, ਰੂਪਨਗਰ, ਪੰਜਾਬ-140101 (3) ਸ੍ਰੀਮਤੀ ਗੁੰਜਣ ਸੂਦ ਪਤਨੀ ਸ੍ਰੀ ਵਗੀਸ਼ ਸੂਦ (ਸਹਿ-ਕਰਜ਼ਦਾਰ ਅਤੇ ਗਰੰਟਰ) ਲੜੀ ਨੰ. 1 ਅਤੇ 3 :-ਮਕਾਨ ਨੰ. 125, ਵਾਰਡ ਨੰ. 4, ਸਿਟੀ ਮੋਰਿੰਡਾ, ਸ਼ਹਿਰੀ, ਰੂਪਨਗਰ, ਪੰਜਾਬ-140101 | ਜਾਇਦਾਦ ਰਕਬਾ 5 ਵਿਸਵੇ 10 ਵਿਸਵਾਸੀ+5 ਵਿਸਵੇ 3 ਵਿਸਵਾਸੀ, ਖੱਤਾ ਨੰ. 909/1092, 1349/1778, 1330/1754, 1326/1750, 1330/1754 ਹਦਬਸਤ ਨੰ. 254, ਵਾਕਿਆ ਰਕਬਾ ਮੋਰਿੰਡਾ, ਤਹਿਸੀਲ ਚਮਕੌਰ ਸਾਹਿਬ, ਰੂਪਨਗਰ। ਰਹਿਣਕਾਰ ਦਾ ਨਾਂਅ : ਸ੍ਰੀ ਵਗੀਸ਼ ਸੂਦ ਪੁੱਤਰ ਸ੍ਰੀ ਸੁਭਾਸ਼ ਚੰਦਰ ਸੂਦ | 31 ਦਸੰਬਰ 2022 | 29 ਜੁਲਾਈ 2022 | ਆਈ ਐੱਨ ਆਰ ਰੁ. 10,96,105 (ਦਸ ਲੱਖ ਛਿਆਨਵੇਂ ਹਜ਼ਾਰ ਇੱਕ ਸੌ ਪੰਜ ਰੁਪਏ ਕੇਵਲ) 27 ਦਸੰਬਰ 2022 ਨੂੰ |

ਉਪਰੋਕਤ ਕਰਜ਼ਦਾਰਾਂ ਅਤੇ/ਜਾਂ ਉਨ੍ਹਾਂ ਦੇ ਗਰੰਟਰਾਂ/ਰਹਿਣਕਾਰਾਂ/(ਜਿੱਥੇ ਲਾਗੂ ਹੋਵੇ) ਨੂੰ, ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮ ਦੀ ਅਦਾਇਗੀ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ, ਅਸਫਲ ਰਹਿਣ 'ਤੇ 60 ਦਿਨ ਬੀਤ ਜਾਣ ਮਗਰੋਂ ਸਰਫੇਸੀ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਅਗਲੇ ਕਦਮ ਉਠਾਏ ਜਾਣਗੇ। ਇਸ ਤੋਂ ਅੱਗੇ, ਤੁਹਾਡੇ ਧਿਆਨ 'ਚ ਲਿਆਂਦਾ ਜਾਂਦਾ ਹੈ ਕਿ ਸਰਫੇਸੀ ਐਕਟ ਦੇ ਸੈਕਸ਼ਨ 13 (8) ਜੇਕਰ ਸਾਡੇ ਸਾਰੇ ਬਕਾਏ, ਸਮੇਤ ਇਨ੍ਹਾਂ ਉਪਰ ਸਾਡੇ ਵੱਲੋਂ ਸਹਿਣ ਸਾਰੀਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਵਿਕਰੀ ਜਾਂ ਤਬਦਾਲੇ ਲਈ ਨਿਰਧਾਰਤ ਮਿਤੀ ਤੋਂ ਪਹਿਲਾਂ ਕਿਸੇ ਵੀ ਸਮੇਂ ਅਦਾ ਕੀਤੇ ਜਾਂਦੇ ਹਨ ਤਾਂ ਸਾਡੇ ਵੱਲੋਂ ਸਕਿਉਰਡ ਐੱਸਟਸ ਵਿਕਰੀ ਜਾਂ ਤਬਦੀਲ ਨਹੀਂ ਕੀਤੇ ਜਾਣਗੇ ਅਤੇ ਸਾਡੇ ਵੱਲੋਂ ਉਸ ਸਕਿਉਰਡ ਐੱਸਟ ਦੀ ਵਿਕਰੀ ਜਾਂ ਤਬਾਦਲੇ ਲਈ ਕੋਈ ਅਗਲਾ ਕਦਮ ਨਹੀਂ ਉਠਾਇਆ ਜਾਵੇਗਾ।

ਮਿਤੀ : 18.02.2023 — ਅਧਿਕਾਰਤ ਅਫਸਰ
ਸਥਾਨ : ਰੂਪਨਗਰ — ਵਾਸਤੇ ਯੈੱਸ ਬੈਂਕ ਲਿਮਟਿਡ।



**ਨਵਾਂ ਜ਼ਮਾਨਾ** ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਟਰੱਕ ਖੱਡ 'ਚ ਡਿੱਗਣ ਨਾਲ ਡਰਾਈਵਰ ਦੀ ਮੌਤ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**

ਜ਼ਿਲ੍ਹਾ ਤਰਨਤਾਰਨ ਅਧੀਨ ਪੈਂਦੇ ਕਸਬਾ ਖਾਲੜਾ ਦੇ 32 ਸਾਲਾ ਟਰੱਕ ਡਰਾਈਵਰ ਜੋ ਜੰਮੂ-ਕਸ਼ਮੀਰ 'ਚ ਟਰੱਕ ਲੈ ਕੇ ਜਾ ਰਿਹਾ ਸੀ, ਦੀ ਟਰੱਕ ਸਮੇਤ ਖੱਡ 'ਚ ਡਿੱਗਣ ਕਾਰਨ ਮੌਤ ਹੋ ਜਾਣ ਦੀ ਬੇਹੱਦ ਦੁਖਦਾਈ ਖਬਰ ਸਾਹਮਣੇ ਆਈ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਮ੍ਰਿਤਕ ਟਰੱਕ ਡਰਾਈਵਰ ਦੀ ਪਛਾਣ ਸ਼ਮਸ਼ੇਰ ਸਿੰਘ ਉਰਫ ਬੱਬਾ ਪੁੱਤਰ ਗੁਰਦੇਵ ਸਿੰਘ ਵਾਸੀ ਖਾਲੜਾ ਵਜੋਂ ਹੋਈ ਹੈ। ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਮ੍ਰਿਤਕ ਟਰੱਕ ਡਰਾਈਵਰ ਦੇ ਪਿਤਾ ਗੁਰਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਲੜਕਾ ਸ਼ਮਸ਼ੇਰ ਸਿੰਘ ਜੰਮੂ-ਕਸ਼ਮੀਰ ਵਿਖੇ ਟਰੱਕ ਚਲਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਸੜਕ 'ਤੇ ਜਾਂਦੇ ਟਰੱਕ ਨਾਲ ਅਚਾਨਕ ਇੱਕ ਪਹਾੜ ਤੋਂ ਟੁੱਟਾ ਪੱਥਰ ਜਾ ਟਕਰਾਇਆ, ਜਿਸ ਨਾਲ ਟਰੱਕ ਖੱਡ ਵਿੱਚ ਡਿੱਗ ਗਿਆ ਅਤੇ ਉਨ੍ਹਾਂ ਦੇ ਲੜਕੇ ਦੀ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੀ ਪਤਨੀ ਸੰਦੀਪ ਕੌਰ ਨੇ ਦੱਸਿਆ ਕਿ ਦੁਪਹਿਰੇ ਸਮਾਂ 1.30 ਵਜੇ ਦੇ ਕਰੀਬ ਸ਼ਮਸ਼ੇਰ ਸਿੰਘ ਦੇ ਟਰੱਕ ਮਾਲਕ ਨੇ ਫੋਨ ਕਰਕੇ ਉਸ ਦੇ ਸਹੁਰਾ ਸਾਹਬ ਨੂੰ ਦੱਸਿਆ ਕਿ ਸ਼ਮਸ਼ੇਰ ਸਿੰਘ ਦਾ ਟਰੱਕ ਖੱਡ ਵਿੱਚ ਡਿੱਗ ਗਿਆ ਅਤੇ ਉਸ ਦੀ ਮੌਤ ਹੋ ਗਈ ਹੈ। ਜ਼ਿਕਰਯੋਗ ਹੈ ਕਿ ਪਰਿਵਾਰ ਦੇ ਕੁੱਝ ਮੈਂਬਰ ਮ੍ਰਿਤਕ ਟਰੱਕ ਡਰਾਈਵਰ ਦੀ ਲਾਸ਼ ਨੂੰ ਲੈਣ ਲਈ ਜੰਮੂ ਕਸ਼ਮੀਰ ਗਏ ਹੋਏ ਹਨ। ਇਸ ਮੰਦਭਾਗੀ ਘਟਨਾ ਤੋਂ ਬਾਅਦ ਪਿੰਡ ਤੇ ਪੂਰੇ ਪਰਿਵਾਰ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਦੱਸ ਦਈਏ ਕਿ ਮ੍ਰਿਤਕ ਟਰੱਕ ਡਰਾਇਵਰ ਸ਼ਮਸ਼ੇਰ ਸਿੰਘ ਆਪਣੇ ਪਿੱਛੇ ਮਾਤਾ-ਪਿਤਾ, ਪਤਨੀ ਅਤੇ ਇੱਕ ਡੇਢ ਸਾਲ ਦਾ ਲੜਕਾ ਛੱਡ ਗਿਆ ਹੈ। ਇਸ ਮੌਕੇ ਮ੍ਰਿਤਕ ਨੌਜਵਾਨ ਦੇ ਪਰਿਵਾਰ ਅਤੇ ਪਿੰਡ ਵਾਸੀਆਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਉਨ੍ਹਾਂ ਦੀ ਸਹਾਇਤਾ ਕੀਤੀ ਜਾਵੇ।



# ਡਾਕਟਰ ਜਤਿੰਦਰ ਸਿੰਘ ਨੇ ਓਟ ਸੈਂਟਰ ਨਾਲ ਜੁੜੇ ਮਰੀਜ਼ਾਂ ਨੂੰ ਕੈਂਪ ਲਗਾ ਕੇ ਉਨ੍ਹਾ ਦੇ ਅਧਿਕਾਰਾਂ ਬਾਰੇ ਜਾਗਰੂਕ ਕੀਤਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਡੇਰਾ ਬਾਬਾ ਨਾਨਕ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਹਰਪਾਲ ਸਿੰਘ ਦੇ ਦਿਸ਼ਾ ਨਿਰਦੇਸਾਂ 'ਤੇ ਮੈਡੀਕਲ ਅਫਸਰ ਡੇਰਾ ਬਾਬਾ ਨਾਨਕ ਡਾਕਟਰ ਜਤਿੰਦਰ ਸਿੰਘ ਵੱਲੋ ਓਟ ਸੈਂਟਰ ਡੇਰਾ ਬਾਬਾ ਨਾਨਕ ਨਾਲ ਜੁੜੇ ਮਰੀਜ਼ਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਲਈ ਸਿਵਲ ਹਸਪਤਾਲ ਡੇਰਾ ਬਾਬਾ ਨਾਨਕ ਵਿਖੇ ਇੱਕ ਵਿਸ਼ੇਸ਼ ਕੈਂਪ ਲਗਾਇਆ ਗਿਆ। ਇਸ ਮੌਕੇ ਕੈਂਪ ਦੌਰਾਨ ਡਾਕਟਰ ਜਤਿੰਦਰ ਸਿੰਘ ਨੇ ਸਿਵਲ ਹਸਪਤਾਲ ਡੇਰਾ ਬਾਬਾ ਨਾਨਕ ਦੇ ਓਰਲ ਐਪਿਡ ਅਸਿਸਟੈਂਟ ਟਰੀਟਮੈਂਟ ਸੈਂਟਰ ਨਾਲ ਜੁੜੇ ਮਰੀਜ਼ਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਸਮੇਂ ਸਿਰ ਨਹਾ ਧੋ ਕੇ ਸਾਫ ਸੁਥਰੇ ਬਣ ਕੇ ਆਪਣੀ ਦਵਾਈ ਲੈਣ ਆਉਣ ਅਤੇ ਹਸਪਤਾਲ ਦੇ ਸਟਾਫ ਨਾਲ ਆਪਣਾ ਵਤੀਰਾ ਠੀਕ ਰੱਖਣ ਤੇ ਪਿਆਰ ਨਾਲ ਪੇਸ਼ ਆਉਣ। ਉਨ੍ਹਾਂ ਕਿਹਾ ਕਿ ਉਹ ਸਮਾਜ ਵਿੱਚ ਆਪਣਾ ਵਜੂਦ ਠੀਕ ਰੱਖਣ ਅਤੇ ਇੱਕ ਚੰਗੇ ਨਾਗਰਿਕ ਬਣ ਕੇ ਲੋਕਾ ਨਾਲ ਵਿਚਰਨ ਤੇ ਆਪਣਾ ਹਰੇਕ ਦੁੱਖ ਸੁੱਖ ਸਮਾਜ ਦੇ ਲੋਕਾਂ ਨਾਲ ਸਾਂਝਾ ਕਰਨ। ਇਸ ਮੌਕੇ ਡਾਕਟਰ ਜਤਿੰਦਰ ਸਿੰਘ ਨੇ ਓਟ ਸੈਂਟਰ ਨਾਲ ਜੁੜੇ ਮਰੀਜ਼ਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਵਿਸਥਾਰ ਸਹਿਤ ਜਾਗਰੂਕ ਕੀਤਾ ਗਿਆ। ਕੈਂਪ ਦੌਰਾਨ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਡਾਕਟਰ ਜਤਿੰਦਰ ਸਿੰਘ ਨੇ ਕਿਹਾ ਕਿ ਇਹ ਓਟ ਸੈਂਟਰ ਪੰਜਾਬ ਸਰਕਾਰ ਵੱਲੋਂ ਸੰਨ 2018 ਵਿੱਚ ਪੰਜਾਬ ਦੇ ਸਿਵਲ ਹਸਪਤਾਲਾਂ ਵਿੱਚ ਸ਼ੁਰੂ ਕੀਤੇ ਗਏ ਸਨ ਅਤੇ ਇਨ੍ਹਾਂ ਸੈਂਟਰਾਂ ਰਾਹੀਂ ਸੈਂਟਰ ਨਾਲ ਜੁੜੇ ਮਰੀਜ਼ਾਂ ਨੂੰ ਸਵੇਰੇ 9 ਵਜੇ ਤੋਂ ਲੈ ਕੇ ਦੁਪਹਿਰ 2 ਵਜੇ ਤੱਕ ਉਨ੍ਹਾਂ ਦੀ ਆਈ ਡੀ ਦੇ ਆਧਾਰ 'ਤੇ ਦਵਾਈ ਦਿੱਤੀ ਜਾਂਦੀ ਹੈ ਅਤੇ ਛੁੱਟੀ ਵਾਲੇ ਦਿਨ ਵੀ ਸੈਂਟਰ 2 ਘੰਟੇ ਲਈ ਖੁੱਲਦਾ ਹੈ। ਉਨ੍ਹਾਂ ਕਿਹਾ ਕਿ ਦਵਾਈ ਲੈਣ ਤੋਂ ਬਾਅਦ ਮਰੀਜ਼ ਦਿਮਾਗੀ ਅਤੇ ਸਰੀਰਕ ਤੌਰ 'ਤੇ ਕੰਮ ਕਰਨ ਦੇ ਯੋਗ ਬਣ ਜਾਂਦੇ ਹਨ ਅਤੇ ਬਿਨਾਂ ਕਿਸੇ ਨਸ਼ਾ ਲੈਣ ਤੋਂ ਸਾਰਾ ਦਿਨ ਆਪਣੇ ਘਰਾਂ ਦਾ ਕੰਮ ਕਰਦੇ ਹਨ। ਇਸ ਮੌਕੇ ਸਟਾਫ ਨਰਸ ਪਰਮਜੀਤ ਕੌਰ, ਸਟਾਫ ਨਰਸ ਆਸ਼ਾ, ਹੈਲਥ ਇੰਸਪੈਕਟਰ ਚੂਨੀ ਲਾਲ, ਸਿਮਰਨਜੀਤ ਕੌਰ, ਅਟੈਂਡੈਂਟ ਅੰਮ੍ਰਿਤਪਾਲ ਸਿੰਘ, ਕਾਂਸਟੇਬਲ ਰਛਪਾਲ ਸਿੰਘ, ਕਾਂਸਟੇਬਲ ਸੁਲੱਖਣ ਮਸੀਹ ਆਦਿ ਹਾਜ਼ਰ ਸਨ।



# ਬੀ ਬੀ ਸੀ ਦੇ ਦਫਤਰਾਂ ਉਪਰ ਛਾਪੇਮਾਰੀ ਪ੍ਰੈੱਸ ਦੀ ਆਜ਼ਾਦੀ 'ਤੇ ਹਮਲਾ : ਬੱਖਤਪੁਰਾ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਨੇ ਦੇਸ਼ ਦੇ ਇਨਕਮ ਟੈਕਸ ਵਿਭਾਗ ਦੁਆਰਾ ਬੀਬੀਸੀ ਦੇ ਦਿੱਲੀ ਅਤੇ ਬੰਬਈ ਦਫਤਰਾਂ ਵਿਚ ਧਾੜਵੀ ਅਤੇ ਡਰਾਵਨੇ ਤੌਰ ਤਰੀਕੇ ਨਾਲ ਮਾਰੇ ਗਏ ਛਾਪਿਆਂ ਨੂੰ ਬਦਲਾਖੋਰੀ ਦੀ ਕਾਰਵਾਈ ਦੱਸਿਆ ਹੈ। ਇਸ ਸਬੰਧੀ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਕੌਣ ਨਹੀਂ ਜਾਣਦਾ ਕਿ ਇਹ ਛਾਪੇਮਾਰੀ 2002 ਦੇ ਗੁਜਰਾਤ ਕਤਲੇਆਮ ਬਾਬਤ ਬੀਬੀਸੀ ਵਲੋਂ ਤਤਕਾਲੀ ਮੁੱਖ ਮੰਤਰੀ ਅਤੇ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਛਾਇਆ ਕੀਤੀ ਗਈ ਦਸਤਾਵੇਜ਼ੀ ਅਧਾਰਿਤ ਬੀਬੀਸੀ ਨੂੰ ਸਬਕ ਸਿਖਾਉਣ ਦਾ ਬਦਨੀਅਤ ਨਾਲ ਕੀਤਾ ਗਿਆ ਪ੍ਰੈੱਸ ਦੀ ਆਜ਼ਾਦੀ ਉਪਰ ਰਾਜਨੀਤਕ ਹਮਲਾ ਹੈ। ਉਨ੍ਹਾਂ ਕਿਹਾ ਕਿ ਬਿਰਿਟਸ਼ ਬਰਾਡਕਾਸਟਿੰਗ ਕਾਰਪੋਰੇਸ਼ਨ (ਬੀਬੀਸੀ) ਸੰਸਾਰ ਪੱਧਰ ਉੱਤੇ ਪੱਤਰਕਾਰੀ ਦੇ ਖੇਤਰ ਵਿਚ ਇੱਕ ਆਜ਼ਾਦ ਸੰਸਥਾ ਹੈ ਜੋ ਆਪਣੇ ਦੇਸ਼ ਵਿਚ ਵੀ ਆਪਣੀਆਂ ਸਰਕਾਰਾਂ ਦੇ ਜਨਤਾ ਵਿਰੋਧੀ ਕਾਰਨਾਮਿਆਂ ਨੂੰ ਉਜਾਗਰ ਕਰਨ ਲਈ ਆਜ਼ਾਦ ਹੈਸੀਅਤ ਰੱਖਦੀ ਹੈ। ਮੋਦੀ ਸਰਕਾਰ ਦੇਸ਼ ਵਿਚ ਕਾਇਮ ਕੀਤੇ ਗਏ ਗੋਦੀ ਮੀਡੀਆ ਦੀ ਤਰਜ਼ ਉਪਰ ਬੀਬੀਸੀ ਨੂੰ ਝੁਕਾਉਣਾ ਚਾਹੁੰਦੀ ਹੈ ਜੋ ਬੀਬੀਸੀ ਦੇ ਖਾਸੇ ਮੁਤਾਬਕ ਸੰਭਵ ਨਹੀਂ ਹੈ। ਲਿਬਰੇਸ਼ਨ ਦਾ ਕਹਿਣਾ ਹੈ ਕਿ ਬੀਬੀਸੀ ਦੀ ਦਸਤਾਵੇਜ਼ੀ ਵਿੱਚ ਰੱਤੀ ਭਰ ਵੀ ਕੁਝ ਗਲਤ ਨਹੀਂ ਹੈ, ਸਗੋਂ ਇਹ ਕਹਿਣਾ ਸੱਚ ਹੋਵੇਗਾ ਕਿ ਬੀਬੀਸੀ ਨੇ ਲੁਕਵਾਂ ਸੱਚ ਜੱਗ ਜ਼ਾਹਰ ਕੀਤਾ ਹੈ, ਲੋੜ ਤਾਂ ਇਸ ਗੱਲ ਦੀ ਸੀ ਕਿ ਮੋਦੀ ਸਰਕਾਰ ਦਸਤਾਵੇਜ਼ੀ ਨੂੰ ਗਲਤ ਸਾਬਤ ਕਰਨ ਲਈ ਆਪਣਾਂ ਪੱਖ ਰਖਦੀ ਪਰ ਇਸ ਦੀ ਬਜਾਏ ਉਹ ਫਾਸ਼ੀਵਾਦੀ ਧੌਂਸ ਆਪਣਾ ਰਹੀ ਹੈ ਜਿਸ ਧੌਂਸ ਸਾਹਮਣੇ ਬੀਬੀਸੀ ਨਹੀਂ ਝੁਕੇਗੀ ਬਲਕਿ ਮੋਦੀ ਸਰਕਾਰ ਨੂੰ ਸੰਸਾਰ ਪੱਧਰ ਉਪਰ ਹੋਰ ਨਮੋਸ਼ੀ ਦਾ ਸਾਹਮਣਾ ਕਰਨਾ ਪਵੇਗਾ।



# 35ਵਾਂ ਮੁਫਤ ਦੰਦਾਂ ਦਾ ਪੰਦਰਵਾੜਾ ਸ਼ੁਰੂ

**ਗੁਰਦਾਸਪੁਰ (ਜਨਕ ਮਹਾਜਨ)**-ਸਿਹਤ ਦੇ ਪਰਿਵਾਰ ਭਲਾਈ ਵਿਭਾਗ ਦੇ ਡਾਇਰੈਕਟਰ ਦੇ ਦਿਸ਼ਾ ਨਿਰਦੇਸ਼ ਤਹਿਤ ਪੁਰਾਣਾ ਸ਼ਾਲਾ ਜਗਤਪੁਰ ਮੁੱਢਲਾ ਸਿਹਤ ਕੇਂਦਰ ਵਿਖੇ ਡੀਡੀਐੱਚਓ ਸੈਲਾ ਮਹਿਤਾ ਅਤੇ ਸਿਵਲ ਸਰਜਨ ਗੁਰਦਾਸਪੁਰ ਡਾ. ਕੁਲਵਿੰਦਰ ਕੌਰ ਦੀ ਅਗਵਾਈ ਹੇਠ ਅਤੇ ਡਾ. ਸਤਿੰਦਰ ਪਾਲ ਸੈਣੀ ਸੀਨੀਅਰ ਮੈਡੀਕਲ ਅਫਸਰ ਪੁਰਾਣਾ ਸ਼ਾਲਾ ਦੀ ਦੇਖ-ਰੇਖ ਹੇਠ ਡਾ. ਜਸਪ੍ਰੀਤ ਕੌਰ ਡੈਂਟਲ ਸਰਜਨ ਵਲੋਂ 35ਵਾਂ ਮੁਫਤ ਦੰਦਾਂ ਦਾ ਪੰਦੜਵਾੜਾ ਆਰੰਭ ਕੀਤਾ ਗਿਆ ਅਤੇ ਇਹ ਪੰਦੜਵਾੜਾ 16 ਫਰਵਰੀ ਤੋਂ 2 ਮਾਰਚ ਤਕ ਚਲੇਗਾ ਜਿਸ ਵਿਚ ਮਰੀਜ਼ਾਂ ਨੂੰ ਬਨਾਵਟੀ ਦੰਦ ਮੁਫਤ ਲਗਾਏ ਜਾਣਗੇ ਅਤੇ ਦੰਦਾਂ ਦੀ ਸਾਂਭ-ਸੰਭਾਲ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾਵਗੇ। ਉਨ੍ਹਾਂ ਨੇ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਇਸ ਪੰਦਰਵਾੜੇ ਵਿਚ ਸ਼ਾਮਿਲ ਹੋ ਕੇ ਦੰਦਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ। ਇਸ ਮੌਕੇ ਡਾ ਅਨੂ ਬਾਲਾ, ਡਾ. ਸੀਮਾ ਭਾਰਦਵਾਜ, ਮੋਨਿਕਾ, ਸਟਾਫ ਵਰਿੰਦਰਜੀਤ ਕੌਰ, ਐੱਲਐੱਚਵੀ ਰੁਪਿੰਦਰ, ਨਿਸ਼ਾਨ ਸਿੰਘ, ਗੁਰਮੀਤ ਸਿੰਘ, ਦੀਪਕ ਆਦਿ ਹਾਜ਼ਰ ਸਨ।

# 'ਸ਼ਹੀਦੀ ਫਤਿਹ ਮਾਰਚ' ਦਾ ਨਿੱਘਾ ਸੁਆਗਤ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਛੇਵੇਂ ਮੁਖੀ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਦੀ 200 ਸੌ ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ਼ਹੀਦੀ ਫਤਿਹ ਮਾਰਚ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਤੋਂ ਭਾਈ ਸੁਖਵੰਤ ਸਿੰਘ ਕਥਾਵਾਚਕ ਵੱਲੋਂ ਅਰਦਾਸ ਉਪਰੰਤ ਆਪਣੇ ਪੰਜਵੇਂ ਪੜਾ ਸ੍ਰੀ ਅਕਾਲ ਤਖਤ ਸਾਹਿਬ ਲਈ ਰਵਾਨਾ ਹੋਇਆ। ਸ਼ਹੀਦੀ ਫਤਿਹ ਮਾਰਚ ਦੀ ਆਰੰਭਤਾ ਸਮੇਂ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਦਾ ਸਾਰਾ ਸਟਾਫ ਬਾਬਾ ਅਵਤਾਰ ਸਿੰਘ ਮੁਖੀ ਤਰਨਾ ਦਲ ਬਾਬਾ ਬਿਧੀ ਚੰਦ ਸੰਪਰਦਾਇ ਵੱਲੋਂ ਉਨ੍ਹਾਂ ਦੇ ਸਪੁੱਤਰ ਬਾਬਾ ਪ੍ਰੇਮ ਸਿੰਘ, ਬਾਬਾ ਨਾਹਰ ਸਿੰਘ ਸਾਧ, ਬਾਬਾ ਸਤਨਾਮ ਸਿੰਘ ਝਾੜ ਸਾਹਿਬ ਵਾਲੇ, ਬਾਬਾ ਵੀਰ ਸਿੰਘ ਢਾਲੇਕੇ ਮੋੜ ਵਾਲੇ, ਪ੍ਰਕਾਸ਼ ਸਿੰਘ ਸਰਪੰਚ ਸੁਰ ਸਿੰਘ, ਸਮੂਹ ਨਿਹੰਗ ਸਿੰਘਾਂ ਸਮੇਤ ਨਗਰ ਕੀਰਤਨ ਵਿਚ ਭਾਈ ਮਨਜੀਤ ਸਿੰਘ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬਾਬਾ ਨਿਰਮਲ ਸਿੰਘ ਨੌਸ਼ਹਿਰਾ ਢਾਹਲਾ, ਬਾਬਾ ਗੁਰਪਿੰਦਰ ਸਿੰਘ ਵਡਾਲਾ, ਬਾਬਾ ਜੋਗਾ ਸਿੰਘ ਕਰਨਾਲ, ਬਾਬਾ ਜਸਵਿੰਦਰ ਸਿੰਘ ਜੱਸੀ, ਸ. ਪਰਮਜੀਤ ਸਿੰਘ ਮੁੰਡਾਪਿੰਡ, ਗੁਰਬਖਸ਼ ਸਿੰਘ ਬੱਚੀਵਿੰਡ ਮੈਨੇਜਰ, ਬਾਬਾ ਸੋਹਣ ਸਿੰਘ ਕਾਰ ਸੇਵਾ ਵਾਲੇ, ਬਾਬਾ ਨਿਹਾਲ ਸਿੰਘ ਸੁਰਸਿੰਘ ਵਾਲੇ, ਸ. ਜਸਵਿੰਦਰ ਸਿੰਘ ਦੀਨਪੁਰ, ਸ. ਪਰਮਜੀਤ ਸਿੰਘ ਬਾਜਵਾ, ਇੰਦਰਪਾਲ ਸਿੰਘ ਫੌਜੀ ਆਦਿ ਸ਼ਾਮਲ ਸਨ। ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ ਮੁਖੀ ਬੁੱਢਾ ਦਲ ਨੇ ਕਿਹਾ ਕਿ ਸਮੂਹ ਨਿਹੰਗ ਸਿੰਘ ਜਥੇਬੰਦੀਆਂ, ਸਿੱਖ ਸੰਪਰਦਾਵਾਂ, ਕਾਰਸੇਵਾ ਵਾਲੇ ਸੰਤ ਮਹਾਂਪੁਰਸ਼ਾਂ, ਧਾਰਮਿਕ ਜਥੇਬੰਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਸਭ ਨੇ ਸ਼ਹੀਦੀ ਫਤਿਹ ਮਾਰਚ ਦਾ ਥਾਂ ਪਰ ਥਾਂ ਨਿੱਘਾ ਸੁਆਗਤ ਕੀਤਾ। ਸੰਗਤਾਂ ਨੇ ਪੂਰੇ ਉਤਸ਼ਾਹ ਤੇ ਸ਼ਰਧਾ ਭਾਵਨਾ ਨਾਲ ਰਸਤਿਆਂ ਵਿਚ ਮਾਰਚ ਵਿਚ ਸ਼ਾਮਲ ਸੰਗਤਾਂ ਦੀ ਆਉ ਭਗਤ ਤੇ ਮਾਣ ਸਨਮਾਨ ਕੀਤਾ ਹੈ। ਆਰੰਭਤਾ ਸਮੇਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ ਤੇ ਮੈਨੇਜਰ ਗੁਰਬਖਸ਼ ਸਿੰਘ ਬੱਚੀਵਿੰਡ ਨੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਮੁਖੀ ਬੁੱਢਾ ਦਲ ਅਤੇ ਨਾਲ ਸ਼ਾਮਲ ਸਿੰਘਾਂ ਨੂੰ ਸਨਮਾਨਿਤ ਕੀਤਾ। ਇਹ ਸ਼ਹੀਦੀ ਮਾਰਚ ਬੀੜ ਬਾਬਾ ਬੁੱਢਾ ਸਾਹਿਬ ਤੋਂ ਢੰਡ, ਗੁ: ਸੰਨ੍ਹ ਸਾਹਿਬ ਬਾਸਰਕੇ, ਗੁ: ਛੇਹਰਟਾ ਸਾਹਿਬ, ਬਜ਼ਾਰ ਰਾਹੀਂ ਛੇਹਰਟਾ ਚੌਕ, ਘੰਨੂਪੁਰ ਚੌਕ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਖਾਲਸਾ ਕਾਲਜ, ਪੁਤਲੀਘਰ ਰਾਹੀਂ ਰੇਲਵੇ ਸਟੇਸ਼ਨ ਤੋਂ ਭੰਡਾਰੀ ਪੁਲ, ਹਾਲ ਗੇਟ, ਭਾਈ ਗੁਰਦਾਸ ਹਾਲ ਤੋਂ ਜਲਿਆਂਵਾਲਾ ਬਾਗ, ਘੰਟਾਘਰ, ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੁੱਜਾ।



# ਚਾਰ ਰੋਜ਼ਾ ਜ਼ਿਲ੍ਹਾ ਪੱਧਰੀ ਫੁੱਟਬਾਲ ਟੂਰਨਾਮੈਂਟ ਕਰਵਾਇਆ

**ਧਾਰੀਵਾਲ/ਨੌਸ਼ਹਿਰਾ ਮੱਝਾ ਸਿੰਘ, (ਮਨਦੀਪ ਸਿੰਘ ਵਿੱਕੀ, ਮਲਕੀਤ ਸਿੰਘ)**

ਦਸਮੇਸ਼ ਯੂਥ ਕਲੱਬ ਡੁੱਡੀਪੁਰ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸੰਤ ਮਹਾਰਾਜ ਕਿਲ੍ਹੇ ਵਾਲਿਆਂ ਦੀ ਯਾਦ 'ਚ 9ਵਾਂ ਚਾਰ ਰੋਜ਼ਾ ਜ਼ਿਲ੍ਹਾ ਪੱਧਰੀ ਫੁੱਟਬਾਲ ਟੂਰਨਾਮੈਂਟ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੌਸ਼ਹਿਰਾ ਮੱਝਾ ਸਿੰਘ ਦੇ ਖੇਡ ਮੈਦਾਨ ਵਿਖੇ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ 30 ਟੀਮਾਂ ਨੇ ਭਾਗ ਲਿਆ। ਇਸ ਖੇਡ ਟੂਰਨਾਮੈਂਟ ਦਾ ਉਦਘਾਟਨ ਉੱਘੇ ਫੁੱਟਬਾਲ ਖਿਡਾਰੀ ਹਰਪ੍ਰੀਤ ਸਿੰਘ ਜੌਹਲ ਨੇ ਕੀਤਾ। ਫਾਈਨਲ ਮੁਕਾਬਲਾ ਦਸਮੇਸ ਯੂਥ ਕਲੱਬ ਡੁੱਡੀਪੁਰ ਅਤੇ ਬਸੰਤਕੋਟ ਫੁੱਟਬਾਲ ਟੀਮ ਦਰਮਿਆਨ ਹੋਇਆ। ਇਸ ਫਸਵੇਂ ਮੁਕਾਬਲੇ ਦੌਰਾਨ ਦਸਮੇਸ ਯੂਥ ਕਲੱਬ ਡੁਡੀਪੁਰ ਦੀ ਟੀਮ ਇੱਕ ਗੋਲ ਨਾਲ ਜੇਤੂ ਰਹੀ। ਇਨਾਮ ਵੰਡ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸਾਮਲ ਹੋਏ ਸ਼੍ਰੋਮਣੀ ਅਕਾਲੀ ਦਲ ਯੂਥਵਿੰਗ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਮਨਦੀਪ ਸਿੰਘ ਸੰਧੂ ਨੇ ਜੇਤੂ ਖਿਡਾਰੀ ਨੂੰ ਨਗਦ ਰਾਸ਼ੀ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਜ਼ਿਲ੍ਹਾ ਯੂਥ ਪ੍ਰਧਾਨ ਰਮਨਦੀਪ ਸਿੰਘ ਸੰਧੂ ਨੇ ਸੰਬੋਧਨ ਕਰਦਿਆਂ ਕਿਹਾ ਖੇਡਾਂ ਮਨੁੱਖ ਤੰਦਰੁਸਤ ਰੱਖਦੀਆਂ ਅਤੇ ਅਨੁਸ਼ਾਸਨ ਵਿੱਚ ਰਹਿਣਾ ਸਿਖਾਉਂਦੀਆਂ ਹਨ। ਉਨ੍ਹਾਂ ਨੇ ਨੌਜਵਾਨ ਵਰਗ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਵਿੱਚ ਵਧੇਰੇ ਰੁਚੀ ਰੱਖਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਰਪੰਚ ਗੁਰਮੀਤ ਕੌਰ, ਮਾਸਟਰ ਬਲਦੇਵ ਸਿੰਘ ਜੌਹਲ, ਸਾਬਕਾ ਸਰਪੰਚ ਸੁਖਜਿੰਦਰ ਸਿੰਘ ਰੰਧਾਵਾ, ਪ੍ਰਿੰਸੀਪਲ ਪੂਰਨ ਸਾਧ, ਸੁਖਚੈਨ ਸਿੰਘ ਸੰਧੂ, ਸਰਵਣ ਸਿੰਘ ਤੱਤਲਾ, ਹਰਪਾਲ ਸਿੰਘ ਵਿਰਕ, ਮਨਜੀਤ ਸਿੰਘ ਸੁਚੇਤਗੜ੍ਹ,ਅਮਰਜੀਤ ਸਿੰਘ, ਬਲਬੀਰ ਸਿੰਘ, ਕੇਵਲ ਸਿੰਘ, ਨੰਬਰਦਾਰ ਚਰਨਜੀਤ ਸਿੰਘ, ਹਰਪ੍ਰੀਤ ਸਿੰਘ, ਗੁਰਜਿੰਦਰ ਸਿੰਘ, ਬਲਬੀਰ ਸਿੰਘ, ਕੇਵਲ ਸਿੰਘ ਆਦਿ ਹਾਜ਼ਰ ਸਨ।



# ਲੋਕ ਅਦਾਲਤਾਂ ਸੰਬੰਧੀ ਜਾਗਰੂਕਤਾ ਸੈਮੀਨਾਰ ਆਯੋਜਿਤ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਪ੍ਰਿਆ ਸੂਦ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪ੍ਰਤਿਮਾ ਅਰੋੜਾ ਚੀਫ਼ ਜੂਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨਤਾਰਨ ਵੱਲੋਂ ਪਿੰਡ ਕੋਟਲੀ, ਗੋਹਲਵੜ੍ਹ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਹਲਵੜ੍ਹ ਵਿਖੇ ਵਕੀਲ ਸਾਹਿਬ ਅਤੇ ਪੈਰਾ ਲੀਗਲ ਵਲੰਟੀਅਰਾਂ ਰਾਹੀਂ ਫਰੀ ਕਾਨੂੰਨੀ ਸਹਾਇਤਾ ਅਤੇ ਨਾਲਸਾ ਦੀਆਂ ਸਕੀਮਾਂ ਬਾਰੇ ਜਾਗਰੂਕ ਕਰਨ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤਰਨ ਤਾਰਨ ਵੱਲੋਂ ਸੈਮੀਨਾਰਾਂ ਦਾ ਆਯੋਜਨ ਕੀਤਾ ਗਿਆ। ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤਰਨਤਾਰਨ ਵੱਲੋਂ ਪਿੰਡ ਕੋਟਲੀ, ਗੋਹਲਵੜ੍ਹ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਹਲਵੜ੍ਹ ਵਿਖੇ ਵਕੀਲ ਸਾਹਿਬ ਅਤੇ ਪੈਰਾ ਲੀਗਲ ਵਲੰਟੀਅਰ ਵੱਲੋਂ ਫਰੀ ਕਾਨੂੰਨੀ ਸਹਾਇਤਾ ਬਾਰੇ ਜਾਗਰੂਕ ਕਰਨ ਲਈ ਸੈਮੀਨਰ ਲਗਾਏ ਗਏ ਜਿਸ ਵਿੱਚ ਮਿਸ. ਰਵਿੰਦਰ ਕੌਰ ਵਕੀਲ ਅਤੇ ਸੁਖਦੇਵ ਸਿੰਘ ਪੀ. ਐੱਲ. ਵੀ. ਨੇ ਦੱਸਿਆ ਕਿ ਨੈਸ਼ਨਲ ਲੀਗਲ ਸਰਵਿਸ, ਨਵੀਂ ਦਿੱਲੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਮਿਤੀ 13.05.2023 ਨੂੰ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਲੋਕ ਅਦਾਲਤ ਦੇਸ਼ ਦੀ ਹਰ ਤਹਿਸੀਲ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਲਗਾਈ ਜਾ ਰਹੀ ਹੈ। ਇਸੇ ਤਰ੍ਹਾਂ ਹਰ ਕੰਮ ਵਾਲੇ ਸ਼ੁੱਕਰਵਾਰ ਨੂੰ ਪ੍ਰੀ ਲੋਕ ਅਦਾਲਤ ਦਾ ਆਯੋਜਨ ਵੀ ਕੀਤਾ ਜਾ ਰਿਹਾ ਹੈ। ਨੈਸ਼ਨਲ, ਪ੍ਰੀ ਅਤੇ ਮਾਸਿਕ ਲੋਕ ਅਦਾਲਤ ਵਿੱਚ ਦੋ ਧਿਰਾਂ ਦੀ ਆਪਸੀ ਰਜ਼ਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕੀਤਾ ਜਾਂਦਾ ਹੈ। ਨੈਸ਼ਨਲ ਲੋਕ ਅਦਾਲਤ ਦੌਰਾਨ 138 ਐੱਨ.ਆਈ.ਐਕਟ, ਬੈਂਕ ਰਿਕਵਰੀ ਕੇਸ, ਲੇਬਰ ਕੇਸ, ਫੋਰਸਟ ਵਿਭਾਗ ਦੇ ਕੇਸ, ਬਿਜਲੀ, ਪਾਣੀ, ਅਤੇ ਕਮੇਟੀ ਘਰ ਦੇ ਹੋਰ ਕੇਸ ਜਿਵੇਂ ਕਿ ਸੀਵਰੇਜ, ਵਾਟਰ ਸਪਲਾਈ, ਹਾਊਸ ਟੈਕਸ, ਸਾਇਟ ਪਲੈਨ ਆਦਿ, ਸਾਰੀ ਤਰ੍ਹਾਂ ਦੇ ਸਿਵਲ ਕੇਸ, ਛੋਟੇ ਘੱਟ ਸਜ਼ਾ ਵਾਲੇ ਅਪਰਾਧ, ਐਮਏਸੀਟੀ (ਮੋਟਰ ਐਕਸੀਡੈਂਟ) ਦੇ ਕੇਸ, ਇੰਸ਼ੋਰੈਂਸ ਕਲੇਮ ਦੇ ਕੇਸ, ਬੈਂਕ ਰਿਕਵਰੀ, ਕੇਸ ਦਾ ਵੀ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਕੀਤਾ ਜਾਂਦਾਹੈ। ਜੇਕਰ ਕੋਈ ਵਿਅਕਤੀ ਆਪਣੇ ਝਗੜੇ ਦਾ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਇਸ ਰਾਸ਼ਟਰੀ ਲੋਕ ਅਦਾਲਤ ਜ਼ਰੀਏ ਹੱਲ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੀ ਅਰਜ਼ੀ ਆਪਣੇ ਸਬੰਧਤ ਕੋਰਟ ਵਿਚ ਜਾਂ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫਤਰ ਵਿਖੇ ਦੇ ਸਕਦਾ ਹੈ। ਨੈਸ਼ਨਲ ਲੋਕ ਅਦਾਲਤ ਰਾਹੀਂ ਹੱਲ ਕੀਤੇ ਜਾਂਦੇ ਮੁਕੱਦਮਿਆਂ ਦੀ ਅੱਗੇ ਕਿਸੇ ਵੀ ਅਦਾਲਤ ਵਿੱਚ ਅਪੀਲ ਨਹੀਂ ਕੀਤੀ ਜਾ ਸਕਦੀ ਅਤੇ ਲੋਕ ਅਦਾਲਤ ਰਾਹੀਂ ਹੱਲ ਕੀਤੇ ਗਏ ਮਾਮਲੇ ਦਾ ਫੈਸਲਾ ਅੰਤਿਮ ਹੁੰਦਾ ਹੈ। ਇਹ ਨੈਸ਼ਨਲ ਲੋਕ ਅਦਾਲਤ ਇਸ ਵਾਰ 13.05.2023 ਨੂੰ ਤਰਨਤਾਰਨ, ਪੱਟੀ ਅਤੇ ਖਡੂਰ ਸਾਹਿਬ ਸਾਹਿਬ ਵਿਖੇ ਲੱਗ ਰਹੀ ਹੈ।



# ਸੰਘਰਸ਼ੀ ਕਾਲਜ ਅਧਿਆਪਕਾਂ ਦੇ ਮਸਲੇ ਤੁਰੰਤ ਸੁਲਝਾਏ ਜਾਣ : ਪ੍ਰੋ. ਸਰਚਾਂਦ ਸਿੰਘ ਖਿਆਲਾ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਭਾਜਪਾ ਦੇ ਸਿੱਖ ਆਗੂ ਅਤੇ ਕੌਮੀ ਘਟ ਗਿਣਤੀ ਕਮਿਸ਼ਨ ਭਾਰਤ ਸਰਕਾਰ ਦੇ ਸਲਾਹਕਾਰ ਪ੍ਰੋ: ਸਰਚਾਂਦ ਸਿੰਘ ਖਿਆਲਾ ਨੇ ਪੰਜਾਬ ਵਿਚ ਉਚੇਰੀ ਵਿੱਦਿਆ ਪ੍ਰਤੀ ਭਗਵੰਤ ਮਾਨ ਸਰਕਾਰ ਦੀ ਨਕਾਰਾਤਮਕ ਪਹੁੰਚ ਦੀ ਸਖ਼ਤ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਦੇ ਪ੍ਰੋਫੈਸਰਾਂ ਦੀ ਸੇਵਾਮੁਕਤੀ ਦੀ ਉਮਰ 60 ਸਾਲ ਤੋਂ ਘਟਾ ਕੇ 58 ਸਾਲ ਕਰਨਾ ਸੂਬਾ ਸਰਕਾਰ ਵੱਲੋਂ ਉਚੇਰੀ ਸਿੱਖਿਆ ਨੂੰ ਆਪਣੇ ਏਜੰਡੇ ਤੋਂ ਬਾਹਰ ਕਰਨ ਦਾ ਪ੍ਰਤੱਖ ਸਬੂਤ ਹੈ। ਉਨ੍ਹਾਂ ਪੰਜਾਬ ਸਰਕਾਰ ਦੇ ਪੱਖਪਾਤੀ ਫੈਸਲੇ ਵਿਰੁੱਧ ਕਾਲਜ ਅਧਿਆਪਕਾਂ ਦੇ ਤਿੱਖੇ ਸੰਘਰਸ਼ ਦੀ ਹਮਾਇਤ ਕਰਦਿਆਂ ਸੂਬਾ ਸਰਕਾਰ ਨੂੰ ਇਸ ਸੰਬੰਧੀ ਆਪਣਾ ਤਾਨਾਸ਼ਾਹੀ ਫੈਸਲਾ ਵਾਪਸ ਲੈਣ ਲਈ ਜ਼ੋਰ ਦਿੱਤਾ। ਉਨ੍ਹਾਂ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਨੂੰ 95 ਫੀਸਦੀ ਗ੍ਰਾਂਟ ਦੀ ਥਾਂ 75 ਫੀਸਦੀ ਕਰਨ 'ਤੇ ਵੀ ਇਤਰਾਜ਼ ਜਤਾਇਆ ਅਤੇ ਇਸ 'ਤੇ ਮੁੜ ਵਿਚਾਰ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਸਾਡੇ ਸਮਾਜ ਲਈ ਇਹ ਇਕ ਵੱਡੀ ਤ੍ਰਾਸਦੀ ਹੈ ਕਿ ਪੰਜਾਬ ਦੇ ਸੈਂਕੜੇ ਕਾਲਜਾਂ ਦੇ ਪ੍ਰੋਫੈਸਰ ਪਿਛਲੇ ਚਾਰ ਮਹੀਨਿਆਂ ਤੋਂ ਧਰਨੇ ਮੁਜ਼ਾਹਰੇ ਕਰਕੇ ਆਪਣੇ ਹੱਕ ਲਈ ਸੰਘਰਸ਼ ਕਰ ਰਹੇ ਹਨ, ਪਰ ਕੁੰਭਕਰਨੀ ਨੀਂਦ ਸੁੱਤੀ ਸਰਕਾਰ ਦੇ ਕੰਨਾਂ 'ਤੇ ਜੂੰ ਨਹੀਂ ਸਰਕ ਰਹੀ। ਪ੍ਰੋ: ਸਰਚਾਂਦ ਸਿੰਘ ਨੇ ਕਿਹਾ ਕਿ ਰਾਜ ਦੇ ਲੋਕਾਂ ਨੂੰ ਮਿਆਰੀ ਉੱਚ ਸਿੱਖਿਆ ਪ੍ਰਦਾਨ ਕਰਨਾ ਸੂਬਾ ਸਰਕਾਰਾਂ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਸਹਾਇਤਾ ਪ੍ਰਾਪਤ ਕਾਲਜਾਂ ਦੇ ਸਟਾਫ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਵਿੱਚ ਬਕਾਇਆ ਸੀਏਐੱਸ ਤਰੱਕੀਆਂ, ਨਾਨ-ਟੀਚਿੰਗ ਸਟਾਫ ਲਈ ਸੋਧੇ ਹੋਏ ਤਨਖਾਹ ਸਕੇਲਾਂ ਨੂੰ ਲਾਗੂ ਕਰਨਾ ਸ਼ਾਮਿਲ ਹੈ। ਇਸ ਮੌਕੇ ਉਨ੍ਹਾਂ ਰਾਜ ਸਰਕਾਰ ਨੂੰ ਕੇਂਦਰ ਦੀ ਤਰਜ਼ 'ਤੇ ਸੇਵਾ ਮੁਕਤੀ ਦੀ ਉਮਰ 60 ਤੋਂ ਵਧਾ ਕੇ 65 ਸਾਲ ਕਰਨ ਲਈ ਸੇਵਾ ਨਿਯਮਾਂ ਵਿੱਚ ਲੋੜੀਂਦੀ ਸੋਧ ਕਰਨ ਅਤੇ ਕੇਂਦਰੀ ਪੈਟਰਨ ਅਨੁਸਾਰ ਭੱਤੇ ਲਾਗੂ ਕਰਨ ਦੀ ਮੰਗ ਵੀ ਕੀਤੀ। ਇਸ ਮੌਕੇ ਕਰਤਾਰਪੁਰ ਲਾਂਘਾ ਕਮੇਟੀ ਦੇ ਕੋਆਰਡੀਨੇਟਰ ਸਵਿੰਦਰਪਾਲ ਸਿੰਘ ਤਾਲਿਬਪੁਰ, ਗ੍ਰੰਥੀ ਸਭਾ ਪੰਜਾਬ ਦੇ ਪ੍ਰਧਾਨ ਭਾਈ ਬਲਬੀਰ ਸਿੰਘ ਕਠਿਆਲੀ, ਪੰਜਾਬ ਹੱਜ ਕਮੇਟੀ ਦੇ ਮੈਂਬਰ ਮੁਹੰਮਦ ਯੂਸਫ ਮਲਿਕ ਤੇ ਹੋਰ ਮੌਜੂਦ ਸਨ।



# ਡੀਸੀ ਵੱਲੋਂ ਨਾਗਰਿਕਾਂ ਨੂੰ ਆਧਾਰ ਕਾਰਡ ਅਪਡੇਟ ਕਰਵਾਉਣ ਦੀ ਅਪੀਲ

**ਨੌਸ਼ਹਿਰਾ ਮੱਝਾ ਸਿੰਘ, (ਮਲਕੀਤ ਸਿੰਘ)**

ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹੇ ਦੇ ਆਧਾਰ ਕਾਰਡ ਧਾਰਕਾਂ ਨੂੰ ਪਛਾਣ ਦੇ ਸਬੂਤਾਂ ਅਤੇ ਨਵੀਨਤਮ ਪਤੇ ਦੇ ਸਬੂਤਾਂ ਨਾਲ ਸਬੰਧਤ ਦਸਤਾਵੇਜ਼ ਜਮ੍ਹਾਂ ਕਰਵਾ ਕੇ ਆਪਣਾ ਆਧਾਰ ਕਾਰਡ ਮੁੜ ਤੋਂ ਪ੍ਰਮਾਣਿਤ ਕਰਵਾਉਣ ਲਈ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਆਧਾਰ ਕਾਰਡ ਨੂੰ ਹੋਰ ਮਜ਼ਬੂਤ ਪਛਾਣ ਦਸਤਾਵੇਜ਼ ਬਣਾਇਆ ਜਾ ਸਕਦਾ ਹੈ, ਜਿਸ ਲਈ ਸਰਕਾਰ ਵੱਲੋਂ ਆਧਾਰ ਕਾਰਡ ਨੂੰ ਅਪਡੇਟ ਕਰਨ ਲਈ ਮੁਹਿੰਮ ਵੀ ਚਲਾਈ ਜਾ ਰਹੀ ਹੈ। ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਯੂਆਈਡੀਏਆਈ ਨੇ ਆਧਾਰ ਕਾਰਡ ਨਾਲ ਨਵੇਂ ਪਛਾਣ ਦਸਤਾਵੇਜ਼ਾਂ ਨੂੰ ਅਪਲੋਡ ਕਰਨ ਲਈ ਆਪਸ਼ਨ ਵੀ ਮੁਹੱਈਆ ਕਰਵਾਈ ਹੈ। 'ਮਾਈ ਆਧਾਰ ਪੋਰਟਲ' ਜਾਂ ਨੇੜੇ ਦੇ ਆਧਾਰ ਇਨਰੋਲਮੈਂਟ ਕੇਂਦਰਾਂ ਜ਼ਰੀਏ ਇਨ੍ਹਾਂ ਦਸਤਾਵੇਜ਼ਾਂ ਨੂੰ ਅਪਲੋਡ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਜਿਹੜੇ ਨਾਗਰਿਕਾਂ ਨੇ ਪਿਛਲੇ 8 ਤੋਂ 10 ਸਾਲਾਂ ਦਰਮਿਆਨ ਆਪਣੇ ਆਧਾਰ ਕਾਰਡ ਵਿੱਚ ਕੋਈ ਵੀ ਅਪਡੇਸ਼ਨ ਨਹੀਂ ਕਰਵਾਈ ਜਾਂ ਉਨ੍ਹਾਂ ਦਾ ਪਤਾ ਬਦਲ ਗਿਆ ਹੈ, ਉਹ ਅਪਡੇਸ਼ਨ ਕਰਵਾਉਣ ਨੂੰ ਯਕੀਨੀ ਬਣਾਉਣ। ਉਨ੍ਹਾਂ ਦੱਸਿਆ ਕਿ ਭਾਵੇਂ ਨਾਗਰਿਕਾਂ ਦੀ ਜਾਣਕਾਰੀ ਵਿੱਚ ਤਬਦੀਲੀ ਨਾ ਵੀ ਹੋਈ ਹੋਵੇ, ਤਾਂ ਵੀ ਮੌਜੂਦਾ ਆਧਾਰ ਕਾਰਡ ਨਾਲ ਪਛਾਣ ਅਤੇ ਪਤੇ ਦੇ ਸਬੂਤਾਂ ਨੂੰ ਪ੍ਰਮਾਣਿਤ ਕਰਵਾਉਣਾ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਜੇਕਰ ਮੋਬਾਇਲ ਨੰਬਰ ਆਧਾਰ ਕਾਰਡ ਰਜਿਸਟਰਡ ਹੈ ਤਾਂ ਆਧਾਰ ਕਾਰਡ ਧਾਰਕ https://myaadhaar.uidai.gov.in 'ਤੇ ਲਾਗਇਨ ਕਰਕੇ, ਆਨਲਾਈਨ ਇਸ ਸੇਵਾ ਦਾ ਲਾਭ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਆਧਾਰ ਕਾਰਡ ਨਾਲ ਕਈ ਸਰਕਾਰੀ ਸੇਵਾਵਾਂ ਅਤੇ ਹੋਰ ਲਾਭ ਨਾਗਰਿਕਾਂ ਤੱਕ ਪਹੁੰਚਾਏ ਜਾਂਦੇ ਹਨ। ਇਸ ਲਈ ਇਸਨੂੰ ਅਪਡੇਟ ਰੱਖਣਾ ਬਹੁਤ ਹੀ ਜ਼ਰੂਰੀ ਹੈ। ਡਿਪਟੀ ਕਮਿਸ਼ਨਰ ਨੇ ਸਾਰੇ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਕਿਸੇ ਵੀ ਵਿਅਕਤੀ ਦੇ ਆਧਾਰ ਕਾਰਡ ਨੂੰ ਪਛਾਣ ਦੇ ਸਬੂਤ ਵਜੋਂ ਲੈਣ ਤੋਂ ਪਹਿਲਾਂ ਇਸਨੂੰ ਤਸਦੀਕ ਜ਼ਰੂਰ ਕਰਵਾ ਲੈਣ ਕਿਉਂਕਿ ਇਸ ਨਾਲ ਫਰਜ਼ੀ/ਫੋਟੋਸ਼ਾਪ ਵਾਲੇ ਆਧਾਰ ਕਾਰਡਾਂ ਦੀ ਪਛਾਣ ਕਰਨ ਵਿੱਚ ਮੱਦਦ ਹਾਸਲ ਹੋਵੇਗੀ।



# ਪੁਰਾਣੀ ਪੈਨਸ਼ਨ ਸਕੀਮ ਬੰਦ ਕਰਕੇ ਨਵੀਂ... (ਸਫ਼ਾ 4 ਦੀ ਬਾਕੀ)

ਜਿਸ ਤਰਾਂ ਅੱਜ ਭਾਰਤ ਦੀਆਂ ਕੁਝ ਕੁ ਰਾਜ ਸਰਕਾਰਾਂ ਨੂੰ ਛੱਡ ਲੱਗਭਗ ਸਾਰੀਆਂ ਰਾਜ ਸਰਕਾਰਾਂ ਨੇ ਕਰਮਚਾਰੀਆਂ 'ਤੇ ਪਰੋਫੈਸ਼ਨਲ ਟੈਕਸ ਜਬਰੀ ਠੋਸਿਆ ਹੋਇਆ ਹੈ, ਉਸੇ ਤਰਾਂ ਭਾਰਤ ਦੇ 100 ਕੁ ਸਿਖਰਲੇ ਅਮੀਰ ਲੋਕਾਂ ਤੇ ਜੇਕਰ ਇੱਕ ਪ੍ਰਤੀਸ਼ਤ ਟੈਕਸ ਵੀ ਲਾ ਦਿੱਤਾ ਜਾਵੇ ਤਾਂ ਪੂਰੇ ਦੇਸ ਦੀ ਪੈਨਸਨ ਦੇਣਦਾਰੀ ਨਿਕਲ ਸਕਦੀ ਹੈ।

ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਜੋ ਰਾਸ਼ਟਰੀ ਪੁਰਾਣੀ ਪੈਨਸ਼ਨ ਬਹਾਲੀ ਫਰੰਟ ਦਾ ਮਹੱਤਵਪੂਰਨ ਅੰਗ ਅਤੇ ਰਾਸ਼ਟਰੀ ਪੱਧਰ 'ਤੇ ਪੁਰਾਣੀ ਪੈਨਸ਼ਨ ਬਹਾਲੀ ਲਈ ਲੜਦੇ 52 ਕਰਮਚਾਰੀ ਸੰਗਠਨਾਂ ਦੀ ਸੰਯੁਕਤ ਐਕਸ਼ਨ ਕਮੇਟੀ ਦੀ ਮੁੱਖ ਧਿਰ ਹੈ, ਦਾ ਪੱਖ ਹੈ ਕਿ ਪੁਰਾਣੀ ਪੈਨਸ਼ਨ ਬਹਾਲੀ ਕਰਨ ਨਾਲ ਸਰਕਾਰ ਦੇ ਖਜ਼ਾਨੇ 'ਚ ਹਜ਼ਾਰਾਂ ਕਰੋੜ ਰੁਪਏ ਆਉਣੇ ਹਨ ਅਤੇ ਹਜ਼ਾਰਾਂ ਕਰੋੜ ਰੁਪਏ ਪ੍ਰਤੀ ਮਹੀਨਾ ਖਜ਼ਾਨੇ 'ਚੋਂ ਨਿਕਲਣਾ ਬਚਣਾ ਹੈ। ਇਸ ਪੈਸੇ ਨੂੰ ਬਚਾਉਣ ਲਈ ਹੀ ਕਾਰਪੋਰੇਟ ਜਗਤ ਝੂਠਾ ਮੂਠਾ ਰੌਲਾ ਪਾ ਰਿਹਾ ਹੈ।

ਜਿਹਨਾਂ ਆਰਥਿਕ ਮਾਹਰਾਂ ਨੂੰ ਪਿਛਲੇ ਪੰਜ ਸਾਲਾਂ ਚ ਕਾਰਪੋਰੇਟ ਘਰਾਣਿਆਂ ਦਾ ਦਸ ਲੱਖ ਕਰੋੜ ਦਾ ਕਰਜ ਮਾਫ ਜਾਇਜ ਲੱਗਿਆ ਅਤੇ ਸਰਕਾਰਾ ਦੇ ਅਰਬਾਂ ਰੁਪਏ ਫੋਕੀ ਮਸਹੂਰੀ ਲਈ ਖਰਚ ਕਰਨੇ ਸਹੀ ਲਗਦੇ ਰਹੇ ਹਨ ਅੱਜ ਉਹ ਲੋਕ ਕਰਮਚਾਰੀਆਂ ਦੀ ਪੈਨਸਨ ਨੂੰ ਖਜਾਨੇ ਤੇ ਬੋਝ ਦੱਸ ਰਹੇ ਹਨ ਅਸਲ ਚ ਇਹ ਕੋਈ ਦੇਸ ਹਿਤ ਪ੍ਰਚਾਰ ਨਹੀਂ ਸਗੋਂ ਪੈਨਸਨਰਾਂ ਦੇ ਲਾਭਾਂ ਤੇ ਕੱਟ ਲਗਾਉਣ ਦਾ ਬਹਾਨਾ ਘੜਿਆ ਜਾ ਰਿਹਾ ਹੈ ਜੋ ਸੁਪਰੀਮ ਕੋਰਟ ਦੇ 17 ਦਸੰਬਰ 1982 ਦੇ ਐਨਕਾਰਾ ਬਨਾਮ ਭਾਰਤ ਸਰਕਾਰ ਫੈਸਲੇ ਦੇ ਉਲਟ ਹੋਵੇਗਾ।

ਕੇਵਲ ਸੁਪਰੀਮ ਕੋਰਟ ਦੇ ਫੈਸਲੇ ਹੀ ਨਹੀਂ, ਸਮੇਂ-ਸਮੇਂ 'ਤੇ ਸਰਕਾਰ ਦੁਆਰਾ ਗਠਿਤ ਕੀਤੇ ਤਨਖਾਹ ਕਮਿਸ਼ਨ ਵੀ ਪੁਰਾਣੀ ਪੈਨਸ਼ਨ ਸਕੀਮ ਦੇ ਹੱਕ 'ਚ ਖੜ੍ਹੇ ਹੁੰਦੇ ਆਏ ਹਨ। ਚੌਥਾ ਤਨਖਾਹ ਕਮਿਸ਼ਨ ਨੇ ਵੀ ਕਿਹਾ ਸੀ ਕਿ ਪੈਨਸ਼ਨ ਨੂੰ ਕਿਸੇ ਵੀ ਤਰਾਂ ਹਟਾਇਆ ਜਾਂ ਘਟਾਇਆ ਨਹੀਂ ਜਾ ਸਕਦਾ। ਪੰਜਵੇਂ ਤਨਖਾਹ ਕਮਿਸ਼ਨ ਨੇ ਵੀ ਇਸ ਨੂੰ ਕਰਮਚਾਰੀਆਂ ਦਾ ਸੰਵਿਧਾਨਕ ਅਤੇ ਕਾਨੂੰਨੀ ਅਧਿਕਾਰ ਦੇ ਨਾਲ-ਨਾਲ ਪੈਨਸ਼ਨ ਨੂੰ ਖੂਨ-ਪਸੀਨੇ ਨਾਲ ਕਮਾਇਆ ਹੱਕ ਦੱਸਿਆ ਸੀ। ਛੇਵੇਂ ਤਨਖਾਹ ਕਮਿਸ਼ਨ ਨੇ 'ਸਮਾਜਿਕ ਅਤੇ ਆਰਥਿਕ ਤਬਦੀਲੀ ਸੰਸਥਾ, ਬੰਗਲੌਰ' (ਆਈ ਐੱਸ ਈ ਸੀ) ਨੂੰ ਪੈਨਸ਼ਨ ਬਾਰੇ ਨਿਰਣਾ ਲੈਣ ਦੀ ਜ਼ਿੰਮੇਵਾਰੀ ਸੌਂਪੀ ਸੀ ਤਾਂ ਉਸ ਨੇ ਪੁਰਾਣੀ ਪੈਨਸਨ ਸਕੀਮ ਵਿਚ ਕਿਸੇ ਵੀ ਤਬਦੀਲੀ ਤੋਂ ਇਨਕਾਰ ਕਰ ਦਿਤਾ ਸੀ ਅਤੇ ਇਹ ਕਿਹਾ ਸੀ ਕਿ ਅਜਿਹਾ ਕਿਉਂ ਕਰੀਏ, ਜਦ ਪੈਨਸ਼ਨ ਦੇਣਦਾਰੀ ਜੀ ਡੀ ਪੀ ਫੀਸਦੀ ਵਧਣ ਦੀ ਬਜਾਇ ਘਟ ਰਹੀ ਹੈ। ਹੁਣ ਵੀ ਇਹ ਹਾਲਾਤ ਬਣ ਗਏ ਹਨ ਕਿ ਭਾਰਤ ਦੀ ਕੁੱਲ ਜੀ ਡੀ ਪੀ ਦਾ ਇਕ ਪ੍ਰਤੀਸ਼ਤ ਪੈਨਸ਼ਨ ਦੇਣਦਾਰੀ ਨਾਲ ਖਜ਼ਾਨੇ 'ਤੇ ਬੋਝ ਪੈਂਦਾ ਹੈ, ਪਰ ਪਰ ਜੀ ਡੀ ਪੀ ਦਾ 4% ਕਾਰਪੋਰੇਟ ਘਰਾਣਿਆਂ ਦਾ ਕਰਜ ਮਾਫ ਕਰਨ ਲਈ ਵਰਤਿਆ ਜਾਵੇ, ਉਹ ਖਜ਼ਾਨੇ 'ਤੇ ਬੋਝ ਨਹੀਂ ਲਗਦਾ।

ਜੇਕਰ ਧਰਮ-ਜਾਤੀ ਦੀਆਂ ਗੱਲਾਂ 'ਚੋਂ ਨਿਕਲ ਕੇ ਕਰਮਚਾਰੀ ਕੌਮੀ ਸਰਮਾਏ ਨੂੰ ਕਾਰਪੋਰੇਟ ਘਰਾਣਿਆਂ ਨੂੰ ਮੁਫਤ 'ਚ ਲੁਟਾਉਣ ਦੀਆਂ ਗੱਲਾਂ ਨੂੰ ਸਮਝ ਗਏ ਤਾਂ ਫਰਾਂਸ ਵਾਸੀਆਂ ਵਾਂਗੂੰ ਇਕੋ ਦਿਨ ਲੱਖਾਂ ਦੀ ਗਿਣਤੀ 'ਚ ਰੋਸ ਪ੍ਰਦਰਸ਼ਨ ਕਰ ਦੇਣਗੇ। ਉੱਥੇ ਸਾਰੇ ਦੇਸ਼ 'ਚ 200 ਤੋਂ ਵੱਧ ਥਾਵਾਂ 'ਤੇ ਹੋਏ ਹਰ ਮੁਜ਼ਾਹਰੇ 'ਚ ਹਜ਼ਾਰਾਂ ਦੀ ਗਿਣਤੀ ਚ ਲੋਕ ਪਹੁੰਚੇ ਸਨ। ਭਾਰਤ ਪੱਧਰ 'ਤੇ ਹਾਲਾਤ ਬਾਰੇ ਟਿੱਪਣੀ ਨਾ ਵੀ ਕਰੀਏ ਪੰਜਾਬ 'ਚ ਤਾਂ ਕਰਮਚਾਰੀਆਂ ਨੇ ਆਪਣੇ ਪੁਰਾਣੀ ਪੈਨਸ਼ਨ ਦੇ ਹੱਕ ਲਈ ਸੜਕ ਤੋਂ ਸੰਸਦ ਤੱਕ ਦਾ ਸੰਘਰਸ਼ ਕਰਨ ਦਾ ਧਾਰ ਲਿਆ ਗਿਆ ਹੈ । ਉਧਰ ਆਲ ਇੰਡੀਆ ਗੌਰਮਿੰਟ ਸਰਵਿਸਿਜ਼ ਇੰਪਲਾਈਜ਼ ਫੈਡਰੇਸ਼ਨ ਨੇ ਪੁਰਾਣੀ ਪੈਨਸ਼ਨ ਬਹਾਲੀ ਦੀ ਮੰਗ ਨੂੰ ਰਾਸਟਰੀ ਪੱਧਰ ਤੇ ਉਭਾਰਿਆ ਹੋਇਆ ਹੈ। ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਨੇ ਪੰਜਾਬ ਸਰਕਾਰ ਤੋਂ ਪੁਰਾਣੀ ਪੈਨਸ਼ਨ ਬਹਾਲੀ ਦਾ ਪੂਰਾ ਸਪੱਸ਼ਟ ਨੋਟੀਫਿਕੇਸ਼ਨ ਜਾਰੀ ਕਰਨ ਦੀ ਮੰਗ ਨੂੰ ਲੈ ਕੇ ਰਾਜ ਪੱਧਰੀ ਸੰਘਰਸ਼ ਪ੍ਰੋਗਰਾਮਾਂ ਦੀ ਲੜੀ 'ਚ ਬਲਾਕ ਅਤੇ ਜ਼ਿਲ੍ਹਾ ਪੱਧਰੀ ਪ੍ਰੋਗਰਾਮਾਂ ਦੀ ਸਫਲਤਾ ਤੋਂ ਬਾਅਦ 26 ਫਰਵਰੀ ਨੂੰ ਧੂਰੀ 'ਚ ਵਿਸ਼ਾਲ ਰੈਲੀ ਰੱਖੀ ਹੈ। ਇਸ ਸੰਘਰਸ਼ ਅਤੇ ਮੌਜੂਦਾ ਹਾਲਾਤ ਦੀ ਅਹਿਮੀਅਤ ਵੇਖਦਿਆਂ ਸਮੁੱਚੇ ਮੁਲਾਜ਼ਮ ਵਰਗ ਨੂੰ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ 'ਚ ਸ਼ਾਮਲ ਹੋਣਾ ਚਾਹੀਦਾ ਹੈ।

#ਸੰਪਰਕ : 98780-23768


## ਹੋਲੀ ਵਿਸ਼ੇਸ਼ ਰੇਲਗੱਡੀਆਂ - 2023

ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ-ਜਾਣ ਲਈ ਰੇਲਵੇ ਦੁਵਾਰਾ ਹੇਠਾ ਲਿਖੀ ਹੋਲੀ ਵਿਸ਼ੇਸ਼ ਰੇਲਗੱਡੀਆਂ ਹੇਠਾ ਸਮੇਂ-ਸਾਰਣੀ ਦੇ ਅਨੁਸਾਰ ਸੰਚਾਲਿਤ ਕੀਤੀ ਜਾਵੇਗੀ :-

| ਵਿਸ਼ੇਸ਼ ਗੱਡੀ ਨੰਬਰ | ਸਟੇਸ਼ਨ ਤੋਂ | ਜਾਣ ਦਾ ਸਮਾਂ | ਸਟੇਸ਼ਨ ਤਕ | ਆਉਣ ਦਾ ਸਮਾਂ | ਚਲਣ ਦੇ ਦਿਨ | ਚਲਣ ਦੀ ਮਿਤੀ | ਜਗ੍ਹਾਂ | ਠਹਿਰਾਵ |
|---|---|---|---|---|---|---|---|---|
| 04053 | ਆਨੰਦ ਵਿਹਾਰ ਟ. | 23:00 | ਉਧਮਪੁਰ | 13:10 | ਸੋਮ, ਵੀਰ | 06.03.23 ਤੋਂ 09.03.23 ਤਕ | ਪਹਿਲੀ ਵਾਤਾ., 2 ਟਿਯਰ ਵਾਤਾ., ਅਤੇ 3 ਟਿਯਰ ਵਾਤਾ. | ਗਾਜੀਆਬਾਦ, ਮੇਰਠ ਸਿਟੀ, ਮੁਜ਼ਫਰਪੁਰ, ਸਹਾਰਨਪੁਰ, ਯਮੁਨਾਨਗਰ ਜਗਾਧਰੀ, ਅੰਬਾਲਾ ਛਾਵਣੀ, ਲੁਧਿਆਣਾ, ਜਲੰਧਰ ਕੈਂਟ ਅਤੇ ਜੰਮੂ ਤਵੀ ਸਟੇਸ਼ਨ। |
| 04054 | ਉਧਮਪੁਰ | 21:30 | ਆਨੰਦ ਵਿਹਾਰ ਟ. | 11:15 | ਮੰਗਲ, ਸ਼ੁੱਕਰ | 07.03.23 ਤੋਂ 10.03.23 ਤਕ | | |
| 04672 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟੜਾ | 18:10 | ਨਵੀਂ ਦਿੱਲੀ | 06:40 | ਐਤਵਾਰ | 05.03.23 ਤੋਂ 12.03.23 ਤਕ | 2 ਟਿਯਰ ਵਾਤਾ., 3 ਟਿਯਰ ਵਾਤਾ. ਇਕਾਨਮੀ, 3 ਟਿਯਰ ਵਾਤਾ., ਸਲੀਪਰ ਅਤੇ ਸਮਾਨਯ | ਉਧਮਪੁਰ, ਜੰਮੂ ਤਵੀ, ਪਠਾਨਕੋਟ ਕੈਂਟ, ਜਲੰਧਰ ਕੈਂਟ, ਲੁਧਿਆਣਾ, ਅੰਬਾਲਾ ਛਾਵਣੀ, ਕੁਰਖਸ਼ੇਤਰ ਜੰ:, ਕਰਨਾਲ, ਪਾਨੀਪਤ ਅਤੇ ਸੋਨੀਪਤ ਸਟੇਸ਼ਨ। |
| 04671 | ਨਵੀਂ ਦਿੱਲੀ | 23:30 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟੜਾ | 12:00 | ਸੋਮਵਾਰ | 06.03.23 ਤੋਂ 13.03.23 ਤਕ | | |
| 04530 | ਬਠਿੰਡਾ | 21:05 | ਵਾਰਾਣਸੀ | 17:30 | ਐਤ, ਬੁੱਧ | 05.03.23 ਤੋਂ 12.03.23 ਤਕ | 3 ਟਿਯਰ ਵਾਤਾ., ਸਲੀਪਰ ਅਤੇ ਸਮਾਨਯ | ਰਾਮਪੁਰਾ ਫੂਲ, ਬਰਨਾਲਾ, ਧੂਰੀ, ਪਟਿਆਲਾ, ਰਾਜਪੁਰਾ, ਅੰਬਾਲਾ ਛਾਵਣੀ, ਯਮੁਨਾਨਗਰ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਲਖਨਊ ਅਤੇ ਪ੍ਰਤਾਪਗੜ੍ਹ ਸਟੇਸ਼ਨ। |
| 04529 | ਵਾਰਾਣਸੀ | 20:30 | ਬਠਿੰਡਾ | 19:10 | ਸੋਮ, ਵੀਰ | 06.03.23 ਤੋਂ 13.03.23 ਤਕ | | |
| 04052 | ਆਨੰਦ ਵਿਹਾਰ ਟ. | 23:00 | ਵਾਰਾਣਸੀ | 16:10 | ਸ਼ੁੱਕਰ, ਐਤ | 03.03.23 ਤੋਂ 12.03.23 ਤਕ | ਪਹਿਲੀ ਵਾਤਾ., 3 ਟਿਯਰ ਵਾਤਾ. ਅਤੇ ਸਲੀਪਰ | ਮੁਰਾਦਾਬਾਦ, ਚੰਦੋਸੀ ਜੰ:, ਲਖਨਊ ਅਤੇ ਪ੍ਰਤਾਪਗੜ੍ਹ ਸਟੇਸ਼ਨ। |
| 04051 | ਵਾਰਾਣਸੀ | 18:30 | ਆਨੰਦ ਵਿਹਾਰ ਟ. | 13:20 | ਸ਼ਨੀ, ਸੋਮ | 04.03.23 ਤੋਂ 13.03.23 ਤਕ | | |
| 04048 | ਆਨੰਦ ਵਿਹਾਰ ਟ. | 23:00 | ਮੁਜ਼ਫਫਰਪੁਰ | 21:15 | ਸੋਮ, ਬੁੱਧ | 06.03.23 ਤੋਂ 08.03.23 ਤਕ | 3 ਟਿਯਰ ਵਾਤਾ. ਸਲੀਪਰ ਅਤੇ ਸਮਾਨਯ | ਮੁਰਾਦਾਬਾਦ, ਚੰਦੋਸੀ ਜੰ:, ਲਖਨਊ, ਗੋਰਖਪੁਰ, ਛਪਰਾ ਅਤੇ ਹਾਜੀਪੁਰ ਸਟੇਸ਼ਨ। |
| 04047 | ਮੁਜ਼ਫਫਰਪੁਰ | 23:00 | ਆਨੰਦ ਵਿਹਾਰ ਟ. | 23:30 | ਮੰਗਲ, ਵੀਰ | 07.03.23 ਤੋਂ 09.03.23 ਤਕ | | |
| 04518 | ਚੰਡੀਗੜ੍ਹ | 23:15 | ਗੋਰਖਪੁਰ | 18:20 | ਵੀਰਵਾਰ | 02.03.23 ਤੋਂ 09.03.23 ਤਕ | ਪਹਿਲੀ ਵਾਤਾ.,2 ਟਿਯਰ ਵਾਤਾ. 3 ਟਿਯਰ ਵਾਤਾ., ਸਲੀਪਰ ਅਤੇ ਸਮਾਨਯ | ਅੰਬਾਲਾ ਛਾਵਣੀ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਲਖਨਊ, ਗੋਂਡਾ ਅਤੇ ਬਸਤੀ ਸਟੇਸ਼ਨ। |
| 04517 | ਗੋਰਖਪੁਰ | 22:05 | ਚੰਡੀਗੜ੍ਹ | 14:10 | ਸ਼ੁੱਕਰਵਾਰ | 03.03.23 ਤੋਂ 10.03.23 ਤਕ | | |
| 04412 | ਆਨੰਦ ਵਿਹਾਰ ਟ. | 11:10 | ਸਹਰਸਾ | 11:20 | ਸੋਮ, ਵੀਰ | 02.03.23 ਤੋਂ 09.03.23 ਤਕ | 3 ਟਿਯਰ ਵਾਤਾ. ਸਲੀਪਰ ਅਤੇ ਸਮਾਨਯ | ਹਾਪੁੜ, ਮੁਰਾਦਾਬਾਦ, ਬਰੇਲੀ, ਹਰਦੋਈ, ਲਖਨਊ, ਗੋਰਖਪੁਰ ਜੰ:, ਦੇਵਰੀਯਾ ਸਦਰ, ਸਿਵਾਨ ਜੰ:, ਛਪਰਾ, ਹਾਜੀਪੁਰ ਜੰ:, ਮੁਜ਼ਫਫਰਪੁਰ ਜੰ:, ਸਮਸਤੀਪੁਰ ਜੰ:, ਦਲਸਿੰਘ ਸਰਾਯੇ, ਬਰੋਨੀ ਜੰ:, ਬੇਗੂ ਸਰਾਯ, ਖਗੜਿਯਾ ਜੰ: ਅਤੇ ਸਿਮਰੀ ਬਖਿਤਯਾਰਪੁਰ ਸਟੇਸ਼ਨ। |
| 04411 | ਸਹਰਸਾ | 14:30 | ਆਨੰਦ ਵਿਹਾਰ ਟ. | 13:55 | ਮੰਗਲ, ਸ਼ੁੱਕਰ | 03.03.23 ਤੋਂ 10.03.23 ਤਕ | | |
| 04060 | ਆਨੰਦ ਵਿਹਾਰ ਟ. | 10:30 | ਜੈਨਗਰ | 15:15 | ਮੰਗਲ, ਸ਼ੁੱਕਰ | 03.03.23 ਤੋਂ 10.03.23 ਤਕ | 3 ਟਿਯਰ ਵਾਤਾ. ਸਲੀਪਰ ਅਤੇ ਸਮਾਨਯ | ਮੁਰਾਦਾਬਾਦ, ਬਰੇਲੀ, ਲਖਨਊ, ਰਾਯਬਰੇਲੀ, ਅਮੇਠੀ, ਪ੍ਰਤਾਪਗੜ੍ਹ, ਵਾਰਾਣਸੀ, ਪੰ. ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ, ਪਟਨਾ ਜੰ:, ਬਖਿਤਯਾਰਪੁਰ ਜੰ:, ਮੋਕਾਮਾ, ਬਰੋਨੀ ਜੰ:, ਸਮਸਤੀਪੁਰ ਜੰ:, ਦਰਭੰਗਾ ਜੰ: ਅਤੇ ਮਧੂਬਨੀ ਸਟੇਸ਼ਨ। |
| 04059 | ਜੈਨਗਰ | 17:00 | ਆਨੰਦ ਵਿਹਾਰ ਟ. | 19:55 | ਬੁੱਧ, ਸ਼ਨੀ | 04.03.23 ਤੋਂ 11.03.23 ਤਕ | | |
| 04062 | ਦਿੱਲੀ ਜੰ: | 08:40 | ਬਰੋਨੀ ਜੰ: | 02:40 | ਸ਼ੁੱਕਰਵਾਰ | 03.03.23 ਤੋਂ 10.03.23 ਤਕ | ਪਹਿਲੀ ਵਾਤਾ.,2 ਟਿਯਰ ਵਾਤਾ. 3 ਟਿਯਰ ਵਾਤਾ., ਸਲੀਪਰ ਅਤੇ ਸਮਾਨਯ | ਅਲੀਗੜ੍ਹ ਜੰ:, ਟੂੰਡਲਾ ਜੰ:, ਇਟਾਵਾ, ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ, ਦਾਨਾਪੁਰ, ਪਾਟਲੀਪੁਤਰ ਅਤੇ ਹਾਜੀਪੁਰ (ਵਾਯਾ ਸ਼ਾਹਪੁਰ ਪਟੋਰੀ) ਸਟੇਸ਼ਨ। |
| 04061 | ਬਰੋਨੀ ਜੰ: | 04:45 | ਦਿੱਲੀ ਜੰ: | 23:35 | ਸ਼ਨੀਵਾਰ | 04.03.23 ਤੋਂ 11.03.23 ਤਕ | | |
| 04064 | ਆਨੰਦ ਵਿਹਾਰ ਟ. | 15:30 | ਜੋਗਬਨੀ | 22:30 | ਸ਼ਨੀਵਾਰ | 04.03.23 ਤੋਂ 11.03.23 ਤਕ | 3 ਟਿਯਰ ਵਾਤਾ. ਸਲੀਪਰ ਅਤੇ ਸਮਾਨਯ | ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਲਖਨਊ, ਅਯੋਧਿਆ ਕੈਂਟ, ਸ਼ਾਹਗੰਜ ਜੰ:, ਆਜ਼ਮਗੜ੍ਹ, ਮਊ ਜੰ:, ਬਲਿਯਾ, ਛਪਰਾ, ਹਾਜੀਪੁਰ ਜੰ: (ਵਾਯਾ ਸ਼ਾਹਪੁਰ ਪਟੋਰੀ), ਬਰੋਨੀ ਜੰ:, ਬੇਗੂਸਰਾਯ, ਖਗੜਿਯਾ, ਨਵਗਛਿਯਾ, ਕਟਿਹਾਰ ਜੰ:, ਪੂਰਣੀਆਂ ਜੰ:, ਅਰਰਿਯਾ ਅਤੇ ਫਾਰਬਿਸਗੰਜ ਸਟੇਸ਼ਨ। |
| 04063 | ਜੋਗਬਨੀ | 01:20 | ਆਨੰਦ ਵਿਹਾਰ ਟ. | 11:10 | ਸੋਮਵਾਰ | 06.03.23 ਤੋਂ 13.03.23 ਤਕ | | |
| 04070 | ਆਨੰਦ ਵਿਹਾਰ ਟ. | 00:30 | ਸੀਤਾਮੜ੍ਹੀ | 21:30 | ਮੰਗਲ, ਸ਼ਨੀ | 04.03.23 ਤੋਂ 11.03.23 ਤਕ | 3 ਟਿਯਰ ਵਾਤਾ. ਸਲੀਪਰ ਅਤੇ ਸਮਾਨਯ | ਮੁਰਾਦਾਬਾਦ, ਬਰੇਲੀ, ਲਖਨਊ, ਗੋਰਖਪੁਰ ਜੰ:, ਨਰਕਟਿਯਾਗੰਜ ਅਤੇ ਰਕਸੋਲ ਸਟੇਸ਼ਨ। |
| 04069 | ਸੀਤਾਮੜ੍ਹੀ | 00:15 | ਆਨੰਦ ਵਿਹਾਰ ਟ. | 23:45 | ਬੁੱਧ, ਐਤ | 05.03.23 ਤੋਂ 12.03.23 ਤਕ | | |
| 04068 | ਨਵੀਂ ਦਿੱਲੀ | 19:25 | ਦਰਭੰਗਾ | 16:30 | ਸੋਮ, ਵੀਰ | 02.03.23 ਤੋਂ 09.03.23 ਤਕ | 3 ਟਿਯਰ ਵਾਤਾ. ਸਲੀਪਰ ਅਤੇ ਸਮਾਨਯ | ਮੁਰਾਦਾਬਾਦ, ਬਰੇਲੀ, ਲਖਨਊ, ਗੋਂਡਾ, ਗੋਰਖਪੁਰ ਜੰ:, ਨਰਕਟਿਯਾਗੰਜ, ਰਕਸੋਲ ਅਤੇ ਸੀਤਾਮੜ੍ਹੀ ਸਟੇਸ਼ਨ। |
| 04067 | ਦਰਭੰਗਾ | 18:00 | ਨਵੀਂ ਦਿੱਲੀ | 16:40 | ਮੰਗਲ, ਸ਼ੁੱਕਰ | 03.03.23 ਤੋਂ 10.03.23 ਤਕ | | |
| 04066 | ਦਿੱਲੀ ਜੰ: | 23:00 | ਪਟਨਾ ਜੰ: | 16:00 | ਸ਼ਨੀ, ਸੋਮ | 04.03.23 ਅਤੇ 06.03.23 | 3 ਟਿਯਰ ਵਾਤਾ. ਸਲੀਪਰ ਅਤੇ ਸਮਾਨਯ | ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਵਾਰਾਣਸੀ, ਪੰ. ਦੀਨ ਦਯਾਲ ਉਪਾਦਯੇ ਜੰ: ਅਤੇ ਦਾਨਾਪੁਰ ਸਟੇਸ਼ਨ। |
| 04065 | ਪਟਨਾ ਜੰ: | 17:45 | ਦਿੱਲੀ ਜੰ: | 10:35 | ਐਤ, ਮੰਗਲ | 05.03.23 ਅਤੇ 07.03.23 | | |
| 03251 | ਰਾਜਗੀਰ | 20:00 | ਆਨੰਦ ਵਿਹਾਰ ਟ. | 15:00 | ਸ਼ੁੱਕਰ, ਸੋਮ | 10.03.23 ਤੋਂ 24.03.23 ਤਕ | ਪਹਿਲੀ ਵਾਤਾ.,2 ਟਿਯਰ ਵਾਤਾ. 3 ਟਿਯਰ ਵਾਤਾ., ਸਲੀਪਰ ਅਤੇ ਸਮਾਨਯ | ਬਿਹਾਰ ਸ਼ਰਿਫ ਜੰ:, ਬਖਿਤਯਾਰਪੁਰ ਜੰ:, ਪਟਨਾ ਜੰ:, ਦਾਨਾਪੁਰ, ਆਰਾ, ਬਕਸਰ, ਪੰ. ਦੀਨ ਦਯਾਲ ਉਪਾਦਯੇ, ਪ੍ਰਯਾਗਰਾਜ ਜੰ:, ਅਤੇ ਕਾਨਪੁਰ ਸੈਂਟਰਲ ਸਟੇਸ਼ਨ। |
| 03252 | ਆਨੰਦ ਵਿਹਾਰ ਟ. | 23:30 | ਰਾਜਗੀਰ | 19:15 | ਸ਼ਨੀ, ਮੰਗਲ | 11.03.23 ਤੋਂ 25.03.23 ਤਕ | | |
| 05577 | ਸਹਰਸਾ | 19:10 | ਅੰਬਾਲਾ ਛਾਵਣੀ | 23:15 | ਸ਼ੁੱਕਰ, ਮੰਗਲ | 10.03.23 ਤੋਂ 17.03.23 ਤਕ | 2 ਟਿਯਰ ਵਾਤਾ., 3 ਟਿਯਰ ਵਾਤਾ. ਸਲੀਪਰ ਅਤੇ ਸਮਾਨਯ | ਸਿਮਰੀ ਬਖਿਤਯਾਰਪੁਰ, ਮਾਨਸੀ ਜੰ:, ਖਗੜਿਯਾ, ਹਸਨਪੁਰ ਰੋਡ, ਸਮਸਤੀਪੁਰ, ਦਰਭੰਗਾ, ਕਮਤੋਲ, ਜਨਕਪੁਰ ਰੋਡ, ਸੀਤਾਮੜ੍ਹੀ, ਬੈਰਗਨਿਯਾ,ਰਕਸੋਲ, (ਵਾਯਾ ਸਿਕਟਾ), ਨਰਕਟਿਯਾਗੰਜ, ਬਗਹਾ, ਗੋਰਖਪੁਰ, ਸੀਤਾਪੁਰ, ਮੁਰਾਦਾਬਾਦ ਅਤੇ ਸਹਾਰਨਪੁਰ ਸਟੇਸ਼ਨ। |
| 05578 | ਅੰਬਾਲਾ ਛਾਵਣੀ | 03:40 | ਸਹਰਸਾ | 09:45 | ਐਤ, ਵੀਰ | 12.03.23 ਤੋਂ 19.03.23 ਤਕ | | |
| 05269 | ਮੁਜ਼ਫਫਰਪੁਰ | 20:10 | ਬਲਸਾਡ | 12:30 | ਵੀਰਵਾਰ | 09.03.23 ਅਤੇ 16.03.23 | 2 ਟਿਯਰ ਵਾਤਾ., 3 ਟਿਯਰ ਵਾਤਾ. ਸਲੀਪਰ ਅਤੇ ਸਮਾਨਯ | ਹਾਜੀਪੁਰ, ਛਪਰਾ, ਸੀਵਾਨ, ਗੋਰਖਪੁਰ ਜੰ:, ਗੋਂਡਾ ਜੰ:, ਲਖਨਊ, ਕਾਨਪੁਰ ਸੈਂਟਰਲ, ਇਟਾਵਾ, ਸ਼ਮਸ਼ਾਹਬਾਦ ਟਾਊਨ, ਆਗਰਾ ਕੈਂਟ, ਬਯਾਨਾ ਜੰ:, ਗੰਗਾਪੁਰ ਸਿਟੀ, ਕੋਟਾ, ਰਤਲਾਮ ਜੰ:, ਵਡੋਦਰਾ ਜੰ:, ਭਰੂਚ ਜੰ: ਅਤੇ ਸੂਰਤ ਸਟੇਸ਼ਨ। |
| 05270 | ਬਲਸਾਡ | 13:45 | ਮੁਜ਼ਫਫਰਪੁਰ | 02:30 | ਐਤਵਾਰ | 12.03.23 ਅਤੇ 19.03.23 | | |

ਰੇਲਮਦਦ ਹੈਲਪਲਾਇਨ 139

ਰੇਲਮਦਦ ਵੇਬਸਾਈਟ ਦੇਖੋ : www.railmadad.indiarnrailwasy.gov.in ਰੇਲਮਦਦ ਏਪ ਡਾਊਨਲੋਡ ਕਰੋ

ਉਤੇ ਸਾਨੂੰ ਫਾਲੋ ਕਰੋਂ

ਉੱਤਰ ਰੇਲਵੇ — ਤੁਹਾਡੀ ਸੁਵਿਧਾ - ਸਾਡਾ ਸ਼੍ਰੇਯ — ਸਾਨੂੰ www.nr.indianrailways.gov.in ਉਤੇ ਮਿਲੋ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

18-Feb-PAGE-4-2.qxd 2/17/2023 9:29 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 18 ਫਰਵਰੀ 2023

# ਇਜ਼ਰਾਈਲੀ ਜਸੂਸੀ ਸਮੂਹ ਬੇਨਕਾਬ

*ਭਾਜਪਾ ਦੇ ਕੇਂਦਰ ਵਿੱਚ ਸੱਤਾਧਾਰੀ ਹੋਣ ਤੋਂ ਬਾਅਦ ਇਸ ਦਾ ਇਜ਼ਰਾਈਲ ਪ੍ਰਤੀ ਰਵੱਈਆ ਉਲਾਰ ਹੱਦ ਤੱਕ ਦੋਸਤਾਨਾ ਰਿਹਾ ਹੈ। ਫਲਸਤੀਨੀ ਲੋਕਾਂ ਨਾਲ ਹੁੰਦੇ ਅੱਤਿਆਚਾਰਾਂ ਬਾਰੇ ਇਸ ਨੇ ਸਦਾ ਅੱਖਾਂ ਮੀਟੀ ਰੱਖੀਆਂ ਹਨ। ਅਸਲ ਵਿੱਚ ਇਜ਼ਰਾਈਲ ਇਸ ਸਮੇਂ ਤਾਨਾਸ਼ਾਹੀ ਵਿਚਾਰਧਾਰਾ ਦਾ ਮੁੱਖ ਸਰੋਤ ਬਣ ਚੁੱਕਾ ਹੈ। ਇਸ ਲਈ ਤਾਨਾਸ਼ਾਹੀ ਵਿਚਾਰਧਾਰਾ ਵਾਲੇ ਸ਼ਾਸਕ ਆਪਣੇ-ਆਪਣੇ ਦੇਸ਼ਾਂ ਵਿੱਚ ਲੋਕਤੰਤਰੀ ਪ੍ਰਣਾਲੀ ਨੂੰ ਤਾਨਾਸ਼ਾਹੀ ਵਿੱਚ ਢਾਲਣ ਲਈ ਇਜ਼ਰਾਈਲ ਦੀ ਮਦਦ ਲੈਂਦੇ ਰਹਿੰਦੇ ਹਨ। ਪਿਛਲੇ ਸਮੇਂ ਦੌਰਾਨ ਇਹ ਗੱਲ ਸਾਹਮਣੇ ਆਈ ਸੀ ਕਿ ਭਾਰਤ ਸਮੇਤ ਬਹੁਤ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਨੇ ਆਪਣੇ ਸਿਆਸੀ ਵਿਰੋਧੀਆਂ, ਜੱਜਾਂ, ਪੱਤਰਕਾਰਾਂ ਤੇ ਸਮਾਜਿਕ ਕਾਰਕੁਨਾਂ ਦੀ ਜਸੂਸੀ ਕਰਨ ਲਈ ਇਜ਼ਰਾਈਲੀ ਕੰਪਨੀ ਤੋਂ ਪੈਗਾਸਸ ਨਾਂਅ ਦਾ ਜਾਸੂਸੀ ਯੰਤਰ ਖਰੀਦਿਆ ਸੀ। ਭਾਵੇਂ ਭਾਰਤ ਸਰਕਾਰ ਨੇ ਇਹ ਯੰਤਰ ਖਰੀਦੇ ਜਾਣ ਤੋਂ ਇਨਕਾਰ ਕੀਤਾ ਸੀ, ਪਰ ਕੌਮਾਂਤਰੀ ਮੀਡੀਆ ਨੇ ਉਨ੍ਹਾਂ ਸਭ ਵਿਅਕਤੀਆਂ ਦੇ ਨਾਂ ਨਸ਼ਰ ਕਰ ਦਿੱਤੇ ਸਨ, ਜਿਨ੍ਹਾਂ ਦੀ ਜਸੂਸੀ ਕੀਤੀ ਗਈ ਸੀ।*

*ਹੁਣ ਇਹ ਗੱਲ ਸਾਹਮਣੇ ਆਈ ਹੈ ਕਿ ਇੱਕ ਇਜ਼ਰਾਈਲੀ ਸਮੂਹ ਕਈ ਦੇਸ਼ਾਂ, ਜਿਨ੍ਹਾਂ ਵਿੱਚ ਭਾਰਤ ਵੀ ਸ਼ਾਮਲ ਹੈ, ਅੰਦਰ ਫਰਜ਼ੀ ਸੋਸ਼ਲ ਮੀਡੀਆ ਮੁਹਿੰਮਾਂ ਚਲਾ ਰਿਹਾ ਹੈ। ਬਰਤਾਨੀਆ ਦੀ ਅਖਬਾਰ ਗਾਰਡੀਅਨ ਸਮੇਤ 30 ਮੀਡੀਆ ਅਦਾਰਿਆਂ ਵੱਲੋਂ ਸਾਂਝੇ ਤੌਰ ਉੱਤੇ ਕੀਤੀ ਗਈ ਪੜਤਾਲ ਤੋਂ ਸਾਹਮਣੇ ਆਇਆ ਹੈ ਕਿ ਇਜ਼ਰਾਈਲ ਦੇ ਇੱਕ ਗਰੁੱਪ 'ਟੀਮ ਜਾਰਜ' ਵੱਲੋਂ ਇਹ ਮੁਹਿੰਮ ਚਲਾਈ ਗਈ ਹੈ। ਇਸ ਸੰਬੰਧੀ ਜਾਰੀ ਰਿਪੋਰਟ ਮੁਤਾਬਕ ਇਸ ਟੀਮ ਵੱਲੋਂ 30 ਤੋਂ ਵੱਧ ਚੋਣ ਮੁਹਿੰਮਾਂ ਨੂੰ ਪ੍ਰਭਾਵਤ ਕੀਤੇ ਜਾਣ ਦਾ ਸ਼ੱਕ ਹੈ। ਇਸ ਟੀਮ ਵੱਲੋਂ ਵੱਖ-ਵੱਖ ਦੇਸ਼ਾਂ ਵਿੱਚ ਫਰਜ਼ੀ ਸੋਸ਼ਲ ਮੀਡੀਆ ਮੁਹਿੰਮਾਂ ਚਲਾਉਣ ਲਈ ਇੱਕ ਸਾਫ਼ਟਵੇਅਰ ਨਾਲ ਜੋੜਿਆ ਗਿਆ ਹੈ। ਇਸ ਟੀਮ ਨੂੰ ਇੱਕ ਸਾਬਕਾ ਇਜ਼ਰਾਈਲੀ ਸਪੈਸ਼ਲ ਫੋਰਸਜ਼ ਦੇ ਕਰਮਚਾਰੀ ਤਾਲ ਹਨਾਨ ਵੱਲੋਂ ਚਲਾਇਆ ਜਾ ਰਿਹਾ ਹੈ, ਜਿਹੜਾ ਆਪਣੇ ਨਕਲੀ ਨਾਂਅ ਜਾਰਜ ਦੀ ਵਰਤੋਂ ਕਰਕੇ ਗੁਪਤ ਤਰੀਕੇ ਨਾਲ ਕੰਮ ਕਰਦਾ ਹੈ। ਇਸ 'ਟੀਮ ਜਾਰਜ' ਉਤੇ ਹੈਕਿੰਗ, ਗੜਬੜ ਕਰਨ ਤੇ ਆਟੋਮੈਟਿਕ ਗਲਤ ਜਾਣਕਾਰੀਆਂ ਆਨਲਾਈਨ ਕਰਨ ਵਰਗੇ ਤਰੀਕੇ ਵਰਤਣ ਦਾ ਦੋਸ਼ ਲਾਇਆ ਗਿਆ ਹੈ।*

*'ਗਾਰਡੀਅਨ' ਅਖ਼ਬਾਰ ਦੀ ਰਿਪੋਰਟ ਮੁਤਾਬਕ ਪਿਛਲੇ ਸਾਲ ਬਾਕੀ ਹਿੱਸੇਦਾਰਾਂ ਨਾਲ ਮਿਲ ਕੇ ਉਸ ਨੇ ਕਈ ਮਹੀਨੇ 'ਟੀਮ ਜਾਰਜ' ਦੀਆਂ ਕਾਰਵਾਈਆਂ 'ਤੇ ਨਜ਼ਰ ਰੱਖੀ ਸੀ। ਸਿੱਟੇ ਵਜੋਂ ਇਹ ਗੱਲ ਸਾਹਮਣੇ ਆਈ ਕਿ 20 ਦੇਸ਼ਾਂ, ਜਿਨ੍ਹਾਂ ਵਿੱਚ ਬਰਤਾਨੀਆ, ਅਮਰੀਕਾ, ਕੈਨੇਡਾ, ਜਰਮਨੀ, ਸਵਿਟਜ਼ਰਲੈਂਡ, ਮੈਕਸੀਕੋ, ਸੈਨੇਗਲ, ਭਾਰਤ ਤੇ ਸੰਯੁਕਤ ਅਰਬ ਅਮੀਰਾਤ ਸ਼ਾਮਲ ਸਨ, ਅੰਦਰ ਫਰਜ਼ੀ ਸੋਸ਼ਲ ਮੀਡੀਆ ਮੁਹਿੰਮਾਂ ਪਿੱਛੇ ਇਸ ਗਰੁੱਪ ਦਾ ਹੱਥ ਸੀ।*

*'ਟੀਮ ਜਾਰਜ' ਦੀ ਪੜਤਾਲ ਕਰਨ ਵਾਲੇ ਪੱਤਰਕਾਰਾਂ ਦੇ ਸਮੂਹ ਵਿੱਚ 30 ਮੀਡੀਆ ਅਦਾਰਿਆਂ ਦੇ ਪੱਤਰਕਾਰ ਸ਼ਾਮਲ ਸਨ। 'ਟੀਮ ਜਾਰਜ' ਦੀ ਪੜਤਾਲ ਦੌਰਾਨ ਅੰਡਰਕਵਰ ਫੁਟੇਜ ਨੂੰ ਤਿੰਨ ਪੱਤਰਕਾਰਾਂ ਵੱਲੋਂ ਰਿਕਾਰਡ ਕੀਤਾ ਗਿਆ ਸੀ, ਜਿਹੜੇ ਗਾਹਕ ਬਣ ਕੇ 'ਟੀਮ ਜਾਰਜ' ਨੂੰ ਮਿਲੇ ਸਨ। ਗੁਪਤ ਤੌਰ ਉੱਤੇ ਰਿਕਾਰਡ ਕੀਤੀ ਗਈ 6 ਘੰਟੇ ਦੀ ਫਿਲਮ ਵਿੱਚ ਹਨਾਨ ਤੇ ਉਸ ਦੇ ਸਾਥੀਆਂ ਨੇ ਦੱਸਿਆ ਕਿ ਕਿਵੇਂ ਉਹ ਵਿਰੋਧੀਆਂ ਦੀ ਜਾਣਕਾਰੀ ਇਕੱਠੀ ਕਰ ਸਕਦੇ ਹਨ। ਇਸ ਲਈ ਉਹ ਜੀ ਮੇਲ ਤੇ ਟੈਲੀਗਰਾਮ ਖਾਤਿਆਂ ਤੱਕ ਪਹੁੰਚਣ ਲਈ ਹੈਕਿੰਗ ਤਕਨੀਕ ਦੀ ਵਰਤੋਂ ਕਰਦੇ ਹਨ। ਹਨਾਨ ਨੇ ਪੱਤਰਕਾਰਾਂ ਨੂੰ ਇੱਕ 'ਬਲਾਗਰ ਮਸ਼ੀਨ' ਬਾਰੇ ਵੀ ਦੱਸਿਆ, ਜਿਹੜੀ ਵੈਬਸਾਈਟ ਬਣਾਉਣ ਲਈ ਇੱਕ ਸਵੈਚਾਲਿਤ ਪ੍ਰਣਾਲੀ ਹੈ। ਇਸ ਦੀ ਵਰਤੋਂ ਕਰਕੇ ਇੰਟਰਨੈਟ ਉੱਤੇ ਅਫ਼ਵਾਹਾਂ ਫੈਲਾਉਣ ਦਾ ਕੰਮ ਕੀਤਾ ਜਾ ਸਕਦਾ ਹੈ।*

*ਇਹ ਖ਼ਬਰ ਸਾਹਮਣੇ ਆਉਣ ਤੋਂ ਬਾਅਦ ਕਾਂਗਰਸ ਨੇ ਸਰਕਾਰ ਤੋਂ ਦੇਸ਼ ਦੀਆਂ ਚੋਣਾਂ ਵਿੱਚ ਇਜ਼ਰਾਈਲੀ ਫਰਮ ਦੀ ਦਖ਼ਲਅੰਦਾਜ਼ੀ ਬਾਰੇ ਜਾਂਚ ਦੀ ਮੰਗ ਕੀਤੀ ਹੈ। ਮੀਡੀਆ ਨੂੰ ਸੰਬੋਧਨ ਕਰਦਿਆਂ ਕਾਂਗਰਸ ਬੁਲਾਰੇ ਪਵਨ ਖੇੜਾ ਨੇ ਇਜ਼ਰਾਈਲੀ ਫਰਮ 'ਟੀਮ ਜਾਰਜ' ਤੇ ਭਾਰਤੀ ਜਨਤਾ ਪਾਰਟੀ ਦੇ ਸੋਸ਼ਲ ਮੀਡੀਆ ਸੈੱਲ ਦੀਆਂ ਸਮਾਨਤਾਵਾਂ ਗਿਣਾਉਂਦਿਆਂ ਦੇਸ਼ ਦੀਆਂ ਚੋਣਾਂ ਦੌਰਾਨ ਚੋਣ ਪ੍ਰਕ੍ਰਿਆ ਨੂੰ ਪ੍ਰਭਾਵਤ ਕਰਨ ਲਈ ਝੂਠੀ ਜਾਣਕਾਰੀ ਤੇ ਜਾਅਲੀ ਖ਼ਬਰਾਂ ਫੈਲਾਉਣ ਦਾ ਦੋਸ਼ ਲਾਇਆ ਹੈ। ਉਨ੍ਹਾ ਕਿਹਾ ਕਿ ਭਾਰਤ ਸਰਕਾਰ ਇਸ ਬਾਰੇ ਚੁੱਪ ਤੋੜੇ ਤੇ ਲੋਕਤੰਤਰ ਨੂੰ ਬਚਾਉਣ ਲਈ ਜ਼ਰੂਰੀ ਕਦਮ ਚੁੱਕੇ। ਜੇਕਰ ਸਰਕਾਰ ਇਸ ਬਾਰੇ ਕੁਝ ਨਹੀਂ ਕਰਦੀ ਤਾਂ ਸਮਝਿਆ ਜਾਵੇਗਾ ਕਿ ਉਹ ਚੋਣਾਂ ਨੂੰ ਪ੍ਰਭਾਵਤ ਕਰਨ ਲਈ ਕਿਸੇ ਵਿਦੇਸ਼ੀ ਏਜੰਸੀ ਦੀ ਮਦਦ ਲੈ ਰਹੀ ਹੈ।*

# ਭਾਰਤੀ ਬਜਟ 2023 : ਅੰਕੜੇ ਹੋਰ, ਹਕੀਕਤ ਹੋਰ

ਰਿਜ਼ਰਵ ਬੈਂਕ ਆਫ ਇੰਡੀਆ ਦੀ 31 ਅਕਤੂਬਰ 2021 ਦੀ ਰਿਪੋਰਟ ਅਨੁਸਾਰ ਉਸ ਵੇਲੇ ਭਾਰਤ ਸਿਰ ਕੁੱਲ ਕਰਜ਼ਾ 128 ਲੱਖ ਕਰੋੜ ਸੀ, ਜੋ 31 ਮਾਰਚ 2022 ਦੀ ਰਿਪੋਰਟ ਅਨੁਸਾਰ ਵਧ ਕੇ 133 ਲੱਖ ਕਰੋੜ ਹੋ ਗਿਆ। ਭਾਵ ਤਿੰਨ ਮਹੀਨਿਆਂ 'ਚ ਇਹ ਕਰਜ਼ਾ ਪੰਜ ਲੱਖ ਕਰੋੜ ਵਧ ਗਿਆ।

ਹੁਣ ਇਹ ਕਰਜ਼ਾ 142 ਲੱਖ ਕਰੋੜ ਹੋ ਗਿਆ ਹੈ। ਰੁਪਏ ਦੇ ਮੁਕਾਬਲੇ ਡਾਲਰ ਦੇ ਮੁੱਲ ਵਧਣ ਕਾਰਨ ਕਰਜ਼ੇ ਦਾ ਬੋਝ ਲਗਾਤਾਰ ਵਧ ਰਿਹਾ ਹੈ। ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਐਡੇ ਕਰਜ਼ਾਈ ਮੁਲਕ ਨੇ ਵੱਡੇ ਸ਼ਾਹੂਕਾਰਾਂ ਦੇ ਲੱਖਾਂ ਕਰੋੜ ਰੁਪਏ ਦੇ ਕਰਜ਼ੇ ਵੱਟੇ-ਖਾਤੇ ਪਾ ਦਿੱਤੇ ਹਨ।

ਅਸਲ ਵਿੱਚ ਅਰਥਵਿਵਸਥਾ ਦੀ ਮਜ਼ਬੂਤੀ ਦੇ ਕੀਤੇ ਜਾ ਰਹੇ ਦਾਅਵੇ, ਪਿੱਟਿਆ ਜਾ ਰਿਹਾ ਢੰਡੋਰਾ ਇਸ ਵਧਦੇ ਕਰਜ਼ੇ ਦੇ ਕਾਰਨ ਹਕੀਕਤ ਤੋਂ ਬਹੁਤ ਦੂਰ ਹੈ। ਇਸ ਨਾਲ ਗੈਰ-ਬਰਾਬਰੀ 'ਚ ਵਾਧਾ ਹੋਇਆ ਹੈ। ਦੇਸ਼ ਵਿੱਚ ਅਮੀਰਾਂ ਦੀ ਗਿਣਤੀ ਵਧੀ ਹੈ, ਪਰ ਗਰੀਬ ਵੱਡੀ ਸੰਖਿਆ 'ਚ ਵਧੇ ਹਨ। ਇਹੀ ਦੇਸ਼ ਦੀ ਵੱਡੀ ਹਕੀਕਤ ਹੈ। ਇਹੀ ਦੇਸ਼ ਦੀ ਬਦਹਾਲੀ ਦੀ ਅਸਲੀਅਤ ਹੈ।

ਕੇਂਦਰ ਦੇ ਨਵੇਂ ਬੱਜਟ ਨੂੰ ਆਮ ਤੌਰ 'ਤੇ ਕਿਸਾਨਾਂ, ਔਰਤਾਂ, ਬਜ਼ੁਰਗਾਂ ਅਤੇ ਨੌਜਵਾਨਾਂ ਲਈ ਕਈ ਪਾਸਿਓਂ ਵਧੀਆ ਕਿਹਾ ਜਾ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਖੇਤੀ ਖੇਤਰ ਦੇ ਸਟਾਰਟ-ਅੱਪ ਦੇ ਵਾਧੇ ਲਈ ਜੋ ਕਦਮ ਚੁੱਕੇ ਗਏ ਹਨ, ਉਹ ਮੀਲ ਪੱਥਰ ਹੋਣਗੇ। ਬੱਜਟ ਵਿੱਚ 20 ਲੱਖ ਕਰੋੜ ਨਾਲ "ਐਗਰੀਕਲਚਰ ਐਕਸੀਲੇਟਰ ਫੰਡ" (ਖੇਤੀ ਵਧਾਓ ਕੋਸ਼) ਬਣਾਉਣ ਦਾ ਐਲਾਨ ਹੋਇਆ ਹੈ, ਜਿਹੜਾ ਬਿਹਤਰ ਤਕਨੀਕ ਮੁਹੱਈਆ ਕਰਨ ਅਤੇ ਖੇਤੀ ਰਿਕਾਰਡ ਦੇ ਡਿਜੀਟਲੀਕਰਨ ਆਦਿ ਲਈ ਵਰਤਿਆ ਜਾਵੇਗਾ। ਖੇਤੀ ਕਰਜ਼ਾ ਕੋਸ਼ ਵੀ ਗਿਆਰਾਂ ਫੀਸਦੀ ਵਧਾਇਆ ਗਿਆ ਹੈ ਅਤੇ ਹੁਣ ਇਹ ਵੀਹ ਲੱਖ ਕਰੋੜ ਕੀਤਾ ਗਿਆ ਹੈ।

ਮੁਰਗੀ ਪਾਲਣ, ਸੂਰ ਪਾਲਣ, ਮੱਛੀ ਪਾਲਣ ਲਈ ਛੇ ਹਜ਼ਾਰ ਕਰੋੜ ਰੱਖਣ ਦੀ ਗੱਲ ਕੀਤੀ ਜਾ ਰਹੀ ਹੈ। ਔਰਤ ਕਿਸਾਨਾਂ ਲਈ 54 ਹਜ਼ਾਰ ਕਰੋੜ ਰੱਖੇ ਹਨ, ਜਦਕਿ 47 ਲੱਖ ਨੌਜਵਾਨਾਂ ਨੂੰ ਤਿੰਨ ਸਾਲ ਤੱਕ ਭੱਤਾ ਦਿੱਤੇ ਜਾਣ ਦੀ ਗੱਲ ਕੀਤੀ ਗਈ ਹੈ। ਸੀਨੀਅਰ ਸਿਟੀਜ਼ਨ ਬੱਚਤ ਯੋਜਨਾ ਦੀ ਸੀਮਾ ਵਧਾ ਕੇ 70 ਲੱਖ ਰੁਪਏ ਕੀਤੀ ਗਈ ਹੈ।

ਗੱਲ ਕੀ ਸਮਾਜ ਦੇ ਹਰ ਵਰਗ ਦੇ ਲੋਕਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਬੱਜਟ 'ਚ ਹੋਈ ਹੈ, ਪਰ ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਸਮਾਜ ਦੇ ਹਰ ਵਰਗ ਦੀ ਬਿਹਤਰੀ ਲਈ ਇਹ ਬੱਜਟ ਵਧੀਆ ਹੈ ਜਾਂ ਇਹ ਅੰਕੜਿਆਂ ਦੀ ਜਾਦੂਗਰੀ ਹੈ, ਜਿਵੇਂ ਕਿ ਦੇਸ਼ ਦੇ ਵਿਰੋਧੀ ਦਲ ਕਹਿ ਰਹੇ ਹਨ। ਕੇਂਦਰ ਅਤੇ ਸੂਬਾ ਸਰਕਾਰਾਂ ਵਿਕਾਸ ਦਾ ਢੰਡੋਰਾ ਪਿੱਟ ਰਹੀਆਂ ਹਨ। ਵਿਕਾਸ 'ਚ ਤੇਜ਼ੀ ਨਾਲ ਵਾਧੇ ਦੀ ਕੇਂਦਰ ਸਰਕਾਰ ਗੱਲ ਕਰਦੀ ਹੈ, ਪਰ ਕੀ ਵਿਕਾਸ ਅਸਲੀਅਤ 'ਚ ਹਕੀਕਤ ਹੈ ਜਾਂ ਅੰਕੜਿਆਂ ਤੇ ਹਕੀਕਤ 'ਚ ਫਰਕ ਹੈ?

ਵਿਸ਼ਵੀਕਰਨ ਦੇ ਬਾਅਦ ਦੇਸ਼ 'ਚ ਸ਼ਹਿਰੀਕਰਨ ਦੀ ਰਫ਼ਤਾਰ ਵਧੀ ਹੈ। ਬਹੁਰਾਸ਼ਟਰੀ ਕੰਪਨੀਆਂ ਦਾ ਪਸਾਰ ਹੋਇਆ ਹੈ। ਉਹਨਾ ਦਾ ਭਾਰਤੀ ਅਰਥ ਵਿਵਸਥਾ 'ਚ ਏਕਾਧਿਕਾਰ ਵਧਿਆ ਹੈ।

ਕੇਂਦਰ ਸਰਕਾਰ ਨੇ ਇਸ ਮਾਮਲੇ 'ਤੇ ਚੁੱਪੀ ਸਾਧੀ ਰੱਖੀ ਹੈ। ਸੂਬੇ ਤੇ ਕੇਂਦਰ ਸਰਕਾਰ ਵੱਲੋਂ ਆਜ਼ਾਦੀ ਤੋਂ ਬਾਅਦ ਕੋਈ ਇਹੋ ਜਿਹੇ ਕਦਮ ਨਹੀਂ ਚੁੱਕੇ, ਜਿਸ ਨਾਲ ਕਿਸਾਨ-ਮਜ਼ਦੂਰ ਦੀ ਨਿੱਤ ਵਧਦੀ ਮੰਦੀ ਹਾਲਤ ਨੂੰ ਰੋਕਿਆ ਜਾ ਸਕੇ। ਮੌਜੂਦਾ ਕੇਂਦਰ ਸਰਕਾਰ ਨੇ ਪਹਿਲਾਂ ਚੱਲ ਰਹੇ ਪੁਰਾਣੇ ਢਾਂਚੇ ਨੂੰ ਹੀ ਅੱਗੇ ਤੋਰਿਆ ਹੈ, ਕੁਝ ਨਵਾਂ ਕਰਨ ਦਾ ਯਤਨ ਨਹੀਂ ਕੀਤਾ। ਇਸ ਵੱਲੋਂ ਖੇਤੀ ਖੇਤਰ ਨੂੰ ਉਦਾਰਵਾਦੀ ਨੀਤੀ ਅਧੀਨ ਲਿਆਉਣਾ ਜਾਰੀ ਰੱਖਿਆ ਹੈ, ਇਸ ਨੇ ਕਾਰਪੋਰੇਟ ਪੱਖੀ ਖੇਤੀ ਕਾਨੂੰਨ ਅਤੇ ਨੀਤੀਆਂ ਬਣਾਈਆਂ। ਇਸ ਨਾਲ ਨਾ ਕਿਸਾਨਾਂ-ਮਜ਼ਦੂਰਾਂ ਦਾ ਸ਼ੋਸ਼ਣ ਰੁਕਿਆ ਅਤੇ ਨਾ ਹੀ ਉਹਨਾ ਦੀਆਂ ਆਤਮ-ਹੱਤਿਆਵਾਂ ਨੂੰ ਠੱਲ੍ਹ ਪਈ। ਕੇਂਦਰ ਦੇ ਵਤੀਰੇ ਤੋਂ ਸ਼ੰਕਾ ਤਾਂ ਇਸ ਗੱਲ ਦੀ ਹੈ ਕਿ ਭਵਿੱਖ 'ਚ ਖੇਤੀ ਵੀ ਧਨ-ਕੁਬੇਰਾਂ ਨੂੰ ਸੌਂਪ ਦਿੱਤੀ ਜਾਵੇ ਅਤੇ ਕਿਸਾਨ ਆਪਣੀ ਜ਼ਮੀਨ ਦਾ ਨਾ-ਮਾਤਰ ਮਾਲਕ ਹੀ ਬਣ ਕੇ ਰਹਿ ਜਾਵੇ।


ਗੁਰਮੀਤ ਸਿੰਘ ਪਲਾਹੀ

ਭਾਰਤੀ ਸ਼ਹਿਰਾਂ 'ਚ ਪੱਛਮੀ ਦੇਸ਼ਾਂ ਦੀ ਤਰ੍ਹਾਂ ਵੱਡੇ-ਵੱਡੇ ਵਿਉਪਾਰਕ ਕੰਪਲੈਕਸ, ਮਲਟੀਕੰਪਲੈਕਸ, ਪੰਜ ਸਤਾਰਾ ਹੋਟਲ, ਬਹੁ-ਰਾਸ਼ਟਰੀ ਕੰਪਨੀਆਂ ਦੀਆਂ ਉੱਚੀਆਂ ਇਮਾਰਤਾਂ, ਦੇਸ਼ ਦੀ ਜਿਸ ਤਰ੍ਹਾਂ ਦੀ ਤਸਵੀਰ ਪੇਸ਼ ਕਰ ਰਹੀਆਂ ਹਨ, ਦੱਸਣ ਦੀ ਲੋੜ ਨਹੀਂ ਹੈ। ਲੋਕਾਂ ਨੂੰ ਇਹ ਭਰੋਸਾ ਦਿੱਤਾ ਜਾ ਰਿਹਾ ਹੈ ਕਿ ਇਹਨਾ ਤੋਂ ਡਰਨ ਦੀ ਲੋੜ ਨਹੀਂ ਹੈ, ਕਿਉਂਕਿ ਭਾਰਤੀ ਕੰਪਨੀਆਂ ਨੇ ਬਹੁਰਾਸ਼ਟਰੀ ਕੰਪਨੀਆਂ ਨੂੰ ਖਰੀਦ ਲਿਆ ਹੈ ਅਤੇ ਉਹ ਆਪ ਵੀ ਬਹੁਰਾਸ਼ਟਰੀ ਕੰਪਨੀਆਂ ਬਣ ਗਈਆਂ ਹਨ। ਵਿਸ਼ਵ ਦੇ ਵੱਡੇ ਧਨ-ਕੁਬੇਰਾਂ 'ਚ ਭਾਰਤੀ ਧਨ-ਕੁਬੇਰ ਆਪਣਾ ਨਾਂਅ ਦਰਜ ਕਰਵਾ ਰਹੇ ਹਨ। ਉਦਯੋਗਪਤੀ ਦੇਸ਼ 'ਚ ਵਧ ਰਹੇ ਹਨ। ਪ੍ਰਾਈਵੇਟ ਉਦਯੋਗ ਵੀ ਵਧ ਰਹੇ ਹਨ। ਪ੍ਰਚਾਰ ਤੰਤਰ ਦੇ ਕਾਰਨਾਮਿਆਂ ਕਾਰਨ ਇੰਜ ਲੱਗਦਾ ਹੀ ਨਹੀਂ ਕਿ ਦੇਸ਼ ਵਿੱਚ ਕੋਈ ਗਰੀਬ ਹੈ, ਕੋਈ ਬੇਰੁਜ਼ਗਾਰ ਹੈ, ਕੋਈ ਭੁੱਖਮਰੀ, ਕੋਈ ਦਵਾ-ਦਾਰੂ ਖੁਣੋਂ ਵਿਰਵਾ ਹੈ, ਕੋਈ ਕਰਜ਼ਦਾਰ ਕਿਸਾਨ ਹੈ, ਕੋਈ ਮਜ਼ਲੂਮ ਹੈ। ਤਸਵੀਰ ਵਿਖਾਈ ਜਾ ਰਹੀ ਹੈ ਕਿ ਉਹ ਦਿਨ ਦੂਰ ਨਹੀਂ, ਜਦੋਂ ਦੇਸ਼ ਦਾ ਹਰ ਆਦਮੀ ਖੁਸ਼ਹਾਲ ਹੋਏਗਾ, ਸਰਵ-ਸੁਖ ਸੰਪੰਨ ਹੋਏਗਾ।

ਅੰਤਰ-ਰਾਸ਼ਟਰੀ "ਕਰੈਡਿਟ ਸੁਇਸ ਗਰੁੱਪ ਏ ਜੀ" ਦੇ ਅਨੁਸਾਰ ਭਾਰਤ ਦੇਸ਼ ਦੀ ਅੱਧੀ ਆਬਾਦੀ ਕੋਲ 2.1 ਫੀਸਦੀ ਜਾਇਦਾਦ ਹੈ। ਸਾਲ 2010 ਵਿੱਚ ਦੇਸ਼ ਦੇ ਇੱਕ ਫੀਸਦੀ ਲੋਕਾਂ ਕੋਲ ਦੇਸ਼ ਦੀ 40 ਫੀਸਦੀ ਜਾਇਦਾਦ ਸੀ, ਜੋ 2016 ਵਿੱਚ ਵਧ ਕੇ 58.4 ਫੀਸਦੀ ਹੋ ਗਈ। ਇਸੇ ਤਰ੍ਹਾਂ 2010 'ਚ 10 ਫੀਸਦੀ ਲੋਕਾਂ ਕੋਲ ਦੇਸ਼ ਦੀ 68.8 ਫੀਸਦੀ ਜਾਇਦਾਦ ਸੀ, ਜੋ 2016 'ਚ ਵਧ ਕੇ 80.7 ਫੀਸਦੀ ਹੋ ਗਈ। ਪਿਛਲੇ ਚਾਰ ਸਾਲ ਵਿੱਚ ਗਰੀਬਾਂ ਦੀ ਕੁੱਲ ਜਾਇਦਾਦ ਵਿੱਚੋਂ ਹੋਰ 10 ਫੀਸਦੀ ਦਾ ਕੱਟ ਲੱਗ ਗਿਆ। ਇਹ ਧਨ-ਕੁਬੇਰਾਂ ਦੇ ਪੱਲੇ ਪਈ। ਇਹ ਕੰਮ ਦੇਸ਼-ਦੁਨੀਆ ਦੇ ਧਨ-ਕੁਬੇਰਾਂ ਦੀਆਂ ਕੰਪਨੀਆਂ ਨੇ ਬਹੁਤ ਹੀ ਹੁਸ਼ਿਆਰੀ ਨਾਲ "ਵਿਕਾਸ ਦੇ ਨਵੇਂ ਦਿਸਹੱਦੇ" ਸਿਰਜਣ ਦੇ ਨਾਂਅ 'ਤੇ ਕੀਤਾ ਅਤੇ ਲੋਕਾਂ ਨੂੰ ਠੱਗਿਆ।

ਭਾਰਤ 'ਚ ਇੱਕ ਫੀਸਦੀ ਲੋਕਾਂ ਕੋਲ ਸਭ ਤੋਂ ਜ਼ਿਆਦਾ ਜਾਇਦਾਦ ਹੈ। ਇੱਥੇ ਦੁਨੀਆ ਦੇ ਕਰੋੜਪਤੀਆਂ ਵਿੱਚੋਂ ਪੰਜ ਫੀਸਦੀ ਕਰੋੜਪਤੀ ਹਨ ਅਤੇ ਦੋ ਫੀਸਦੀ ਅਰਬਪਤੀ। ਇਸ ਤਰ੍ਹਾਂ ਮੁੰਬਈ 'ਚ ਸਭ ਤੋਂ ਵੱਧ 1340 ਧੰਨ-ਕੁਬੇਰ ਰਹਿੰਦੇ ਹਨ। ਕੀ ਇਸ ਤੋਂ ਜ਼ਾਹਿਰ ਨਹੀਂ ਹੈ ਕਿ ਜਿਥੇ ਧੰਨ-ਕੁਬੇਰਾਂ ਦੀ ਗਿਣਤੀ 'ਚ ਨਿੱਤ ਵਾਧਾ ਹੋ ਰਿਹਾ ਹੋਵੇ, ਗੈਰ ਬਰਾਬਰੀ ਵਧ ਰਹੀ ਹੋਵੇ, ਉਥੇ ਅਮੀਰਾਂ-ਗਰੀਬਾਂ ਦਾ ਪਾੜਾ ਵਧੇਗਾ।




ਇੱਕ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਅਗਲੇ ਦਸ ਸਾਲਾਂ 'ਚ ਭਾਰਤ 'ਚ ਗਰੀਬਾਂ, ਬਿਮਾਰਾਂ ਦੀ ਗਿਣਤੀ ਦੁਨੀਆ 'ਚ ਸਭ ਤੋਂ ਜ਼ਿਆਦਾ ਹੋਵੇਗੀ। ਸਾਡੇ ਬੱਜਟ ਬਣਾਉਣ ਵਾਲਿਆਂ ਵੱਲੋਂ ਜੋ ਖਾਕਾ ਹਰ ਵਰ੍ਹੇ ਤਿਆਰ ਕੀਤਾ ਜਾਂਦਾ ਹੈ, ਉਸ ਅਧੀਨ ਮੈਟਰੋ ਸ਼ਹਿਰਾਂ ਦੇ ਨਿਰਮਾਣ, ਵੱਡੀਆਂ ਸੜਕਾਂ ਦੇ ਨਿਰਮਾਣ ਨੂੰ ਵਧਾਇਆ ਜਾ ਰਿਹਾ ਹੈ, ਉਹ ਪਿੰਡਾਂ ਤੋਂ ਸ਼ਹਿਰਾਂ ਨੂੰ ਪਲਾਇਣ (ਵਸੇਬਾ) ਅਤੇ ਗੈਰ-ਬਰਾਬਰੀ ਨੂੰ ਵੱਡਾ ਖਤਰਾ ਹੈ।

ਕੇਂਦਰ ਸਰਕਾਰ ਵਿਕਾਸ ਦੇ ਨਾਂਅ ਉਤੇ ਜਿਹੜੀਆਂ ਵੀ ਯੋਜਨਾਵਾਂ ਬਣਾ ਰਹੀ ਹੈ, ਉਹ ਪੁਰਾਣੀਆਂ ਸਰਕਾਰਾਂ ਦੇ ਨਕਸ਼ੇ-ਕਦਮ ਉਤੇ ਹਨ। ਕਾਂਗਰਸ ਨੇ ਆਪਣੇ ਕਾਰਜਕਾਲ ਦੌਰਾਨ ਨਾ-ਬਰਾਬਰੀ ਵਾਲੀਆਂ ਯੋਜਨਾਵਾਂ ਬਣਾਈਆਂ। ਨਤੀਜਾ ਪਿੰਡਾਂ ਤੋਂ ਸ਼ਹਿਰਾਂ ਵੱਲ ਪਲਾਇਣ 'ਚ ਨਿਕਲਿਆ। ਸ਼ਹਿਰ ਵਧਦੇ ਰਹੇ, ਪਿੰਡ ਸੁੰਗੜਦੇ ਰਹੇ। ਦੇਖਦੇ ਹੀ ਦੇਖਦੇ ਸ਼ਹਿਰ ਦਹਾਕਿਆਂ 'ਚ ਧਨ-ਕੁਬੇਰਾਂ ਦਾ ਸਵਰਗ ਬਣ ਗਏ। ਕੇਂਦਰ ਸਰਕਾਰ ਵੱਲੋਂ ਸ਼ਹਿਰਾਂ 'ਚ ਵਪਾਰਕ ਅਦਾਰਿਆਂ ਅਤੇ ਨਿਰਮਾਣ ਦੇ ਵਾਧੇ ਲਈ ਨਿਰੰਤਰ ਕਾਰਜ ਕੀਤਾ ਗਿਆ।

ਕਿਸੇ ਵੀ ਕੇਂਦਰ ਸਰਕਾਰ ਨੇ ਮੈਟਰੋ ਸ਼ਹਿਰਾਂ ਦੀ ਤਰਜ਼ 'ਤੇ ਮੈਟਰੋ ਪਿੰਡ ਨਹੀਂ ਉਸਾਰੇ। ਜੇਕਰ ਪਿੰਡਾਂ 'ਚ ਸ਼ਹਿਰਾਂ ਵਰਗੀਆਂ ਸਹੂਲਤਾਂ ਸਰਕਾਰਾਂ ਨੇ ਦਿੱਤੀਆਂ ਹੁੰਦੀਆਂ, ਪਿੰਡਾਂ 'ਚ ਵਿਕਾਸ ਦਾ ਰਸਤਾ ਖੁੱਲ੍ਹਦਾ, ਰੁਜ਼ਗਾਰ ਪੈਦਾ ਹੁੰਦਾ ਹੈ, ਭੁੱਖਮਰੀ ਘਟਦੀ। ਅੱਜ ਸਥਿਤੀ ਇਹ ਹੈ ਕਿ ਸਾਰੇ ਮਹਾਂਨਗਰਾਂ ਦੇ ਆਲੇ-ਦੁਆਲੇ ਨਵੇਂ ਉਪਨਗਰ ਬਣ ਰਹੇ ਹਨ। ਧਨ ਕੁਬੇਰ ਵਧ ਰਹੇ ਹਨ। ਸਰਕਾਰ ਨੇ ਕਦੇ ਵੀ ਇਹ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਕੁਝ ਸਾਲਾਂ 'ਚ ਹੀ ਇਹਨਾਂ ਧਨ-ਕੁਬੇਰਾਂ ਕੋਲ ਇੰਨੀ ਜਾਇਦਾਦ ਇਕੱਠੀ ਕਿੱਥੋਂ ਹੋ ਗਈ?

ਇਸ ਵਾਰ ਦਾ ਬੱਜਟ ਵੇਖੋ। ਪਿੰਡਾਂ 'ਚ ਰੁਜ਼ਗਾਰ ਲਈ ਵਿਸ਼ੇਸ਼ ਤੌਰ 'ਤੇ ਚਲਾਏ ਜਾ ਰਹੇ ਮਗਨਰੇਗਾ ਦਾ ਬੱਜਟ 60,000 ਕਰੋੜ ਕਰ ਦਿੱਤਾ ਗਿਆ ਹੈ, ਜੋ ਪਿਛਲੇ ਸਾਲ 73000 ਕਰੋੜ ਰੁਪਏ ਸੀ। ਕੀ ਪੇਂਡੂਆਂ ਨੂੰ ਰੁਜ਼ਗਾਰ ਦੇਣ ਵਾਲੀ ਇਸ ਯੋਜਨਾ ਦੀ ਪਿੰਡ 'ਚ ਲੋੜ ਘਟ ਗਈ ਹੈ?

ਕੀ ਸਰਕਾਰ ਇਹ ਮਹਿਸੂਸ ਕਰਨ ਲੱਗ ਪਈ ਹੈ ਕਿ ਗਰੀਬਾਂ ਨੂੰ ਹੁਣ ਮੁਫ਼ਤ ਭੋਜਨ ਦੇਣ ਦੀ ਲੋੜ ਘਟ ਗਈ ਹੈ, ਜੋ ਬੱਜਟ ਵਿੱਚ ਪਿਛਲੇ ਵਰ੍ਹੇ ਰੱਖੇ 2,87,194 ਕਰੋੜ ਦੀ ਥਾਂ ਇਸ ਵਰ੍ਹੇ 1,97,350 ਕਰੋੜ ਰੁਪਏ ਰੱਖ ਦਿੱਤੇ ਹਨ।

ਪੇਂਡੂ ਵਿਕਾਸ ਲਈ ਪਿਛਲੇ ਸਾਲ ਦੇ 2,43,417 ਕਰੋੜ ਰੁਪਏ ਦੇ ਮੁਕਾਬਲੇ 2,38,204 ਕਰੋੜ ਰੁਪਏ ਰੱਖਣਾ ਕੀ ਦਰਸਾਉਂਦਾ ਹੈ।

ਇਸੇ ਤਰ੍ਹਾਂ ਭਾਵੇਂ ਸਿੱਖਿਆ ਅਤੇ ਸਿਹਤ ਲਈ ਖਰਚੇ 'ਚ ਬੱਜਟ ਵਾਧਾ ਕੀਤਾ ਗਿਆ, ਪਰ ਇਹਨਾਂ ਦੋਵਾਂ ਮੱਦਾਂ ਉੱਤੇ ਪਿਛਲੇ ਦੋ ਸਾਲ ਬੱਜਟ 'ਚ ਰੱਖੀ ਰਕਮ ਨਾਲੋਂ ਘੱਟ ਖਰਚ ਕੀਤਾ ਗਿਆ ਹੈ।

ਇਸ ਵਾਰ ਦੇਸ਼ ਦੇ ਚੋਣ ਵਰ੍ਹੇ ਦਾ ਬੱਜਟ ਹੋਣ ਨਾਤੇ ਪਿਛਲੇ 2022 ਦੇ ਬੱਜਟ ਨਾਲੋਂ ਇਸ ਵਰ੍ਹੇ 35.4 ਫੀਸਦੀ ਦਾ ਵਾਧਾ ਕਰਕੇ ਕੁਲ 7.5 ਲੱਖ ਕਰੋੜ ਦਾ ਬੱਜਟ ਰੱਖਿਆ ਗਿਆ ਹੈ, ਪਰ ਹੈਰਾਨੀ ਦੀ ਗੱਲ ਹੈ ਕਿ 16 ਫੀਸਦੀ ਐੱਸ ਸੀ ਆਬਾਦੀ ਲਈ ਬੱਜਟ ਦਾ 3.5 ਫੀਸਦੀ ਅਤੇ ਐੱਸ ਟੀ 8.6 ਫੀਸਦੀ ਆਬਾਦੀ ਲਈ ਬਜ਼ਟ ਦਾ ਸਿਰਫ 2.7 ਫੀਸਦੀ ਰੱਖਿਆ ਗਿਆ ਹੈ ਅਤੇ ਪੀ ਐੱਮ ਕਿਸਾਨ ਫੰਡ ਲਈ ਇਸ ਵਰ੍ਹੇ 68,000 ਕਰੋੜ ਰੁਪਏ ਦੀ ਥਾਂ 60,000 ਕਰੋੜ ਰੁਪਏ ਰੱਖੇ ਹਨ, ਜਿਹਨਾਂ ਦੀ ਆਮਦਨ ਦੁੱਗਣੀ ਕਰਨ ਦੀ ਸਰਕਾਰ ਟਾਹਰਾਂ ਮਾਰਦੀ ਹੈ। ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਗੱਲ ਤਾਂ ਬੱਜਟ 'ਚੋਂ ਬਾਹਰ ਹੀ ਹੋ ਗਈ ਹੈ।

ਕੇਂਦਰ ਸਰਕਾਰ ਆਜ਼ਾਦੀ ਦੇ ਅੰਮ੍ਰਿਤ ਕਾਲ 'ਚ ਹਕੀਕਤਾਂ ਤੋਂ ਅੱਖਾਂ ਮੁੰਦ ਕੇ ਸਿਰਫ ਅੰਕੜਿਆਂ ਨਾਲ ਖੇਡ ਕੇ ਕੀ ਰੱਜਿਆਂ ਨੂੰ ਹੋਰ ਰਜਾਉਣ ਦੇ ਰਾਹ 'ਤੇ ਤਾਂ ਨਹੀਂ ਤੁਰ ਰਹੀ?

***# ਸੰਪਰਕ : 98158-02070***

# ਪੁਰਾਣੀ ਪੈਨਸ਼ਨ ਸਕੀਮ ਬੰਦ ਕਰਕੇ ਨਵੀਂ ਪੈਨਸ਼ਨ ਸਕੀਮ ਲਾਗੂ ਕਰਨਾ

ਕੇਵਲ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸੱਤਾ ਧਿਰ ਐਨ ਡੀ ਏ, ਜਿਸ ਵਿਚ ਰਾਜ ਪੱਧਰੀ ਅਤੇ ਖੇਤਰੀ ਪਾਰਟੀਆਂ ਸ਼ਾਮਲ ਸਨ ਦਾ ਹੀ ਕੰਮ ਨਹੀਂ ਸੀ ਇਸ ਵਿਚ ਕਾਂਗਰਸ ਵਰਗੀ ਵਿਰੋਧੀ ਪਾਰਟੀ ਵੀ ਸਹਿਯੋਗੀ ਸੀ। ਇਹ ਕੇਵਲ ਆਰਥਿਕ ਮੁੱਦਾ ਹੀ ਨਹੀਂ, ਜੋ ਕੇਵਲ ਪੈਨਸ਼ਨ ਨਾਲ ਹੀ ਜੁੜਿਆ ਹੋਵੇ, ਇਹ ਭਾਰਤ ਦੇ ਮੌਜੂਦਾ ਆਰਥਿਕ, ਰਾਜਨੀਤਕ ਢਾਂਚੇ ਨਾਲ ਸੰਬੰਧਿਤ ਹੈ, ਜਿਸ ਨੂੰ ਕਾਰਪੋਰੇਟ ਲੀਹਾਂ 'ਤੇ ਚਲਾਉਣ ਦੇ ਮਕਸਦ ਲਈ ਇਕ ਵੱਡੇ ਲੋਕਤੰਤਰ ਨੂੰ ਸੰਸਾਰ ਬੈਂਕ ਨਿਰਦੇਸ਼ਤ ਅਰਥਚਾਰੇ 'ਚ ਬਦਲਣਾ ਸੀ।

*ਇਸ ਤੋਂ ਅੱਗੇ ਹੇਠ ਲਿਖਿਆ ਘਟਨਾਕ੍ਰਮ ਵੀ ਬਹੁਤ ਕੁਝ ਸਪੱਸ਼ਟ ਕਰਦਾ ਹੈ:*

28 ਫਰਵਰੀ 2001 ਨੂੰ ਭਾਰਤੀ ਖਜ਼ਾਨਾ ਮੰਤਰੀ ਯਸ਼ਵੰਤ ਸਿਨ੍ਹਾ ਪਾਰਲੀਮੈਂਟ ਚ ਆਖਦੇ ਹਨ ਕਿ ਦੇਸ਼ ਦੀ ਪੈਨਸ਼ਨ ਦੇਣਦਾਰੀ ਨਾ-ਨਿਭਣਯੋਗ ਹੱਦ ਤੱਕ ਪਹੁੰਚ ਗਈ ਹੈ, ਜੋ 1993-94 ਵਿਚ 0.5% ਸੀ, ਉਹ ਹੁਣ (ਭਾਵ 2003) ਵਿਚ 1% ਤੱਕ ਪਹੁੰਚ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ (2003 'ਚ) ਨਵੇਂ ਸੇਵਾ-ਮੁਕਤ ਕਰਮਚਾਰੀ 1 ਅਕਤੂਬਰ 2001 ਤੋਂ ਨਵੀਂ ਪੈਨਸ਼ਨ ਸਕੀਮ ਲੈਣਗੇ। ਇਹ 2001ਵਿਚ ਹੀ ਪੁਰਾਣੀ ਪੈਨਸ਼ਨ ਬੰਦ ਕਰ ਦਿੰਦੇ, ਪਰ ਲੋਕ ਰੋਹ ਨੂੰ ਵੇਖਦਿਆਂ ਇਹਨਾਂ ਨੇ ਥੋੜ੍ਹਾ ਦੇਰੀ ਨਾਲ ਕਰਨਾ ਮੁਨਾਸਿਬ ਸਮਝਿਆ। ਕੇਂਦਰੀ ਖਜ਼ਾਨਾ ਮੰਤਰੀ (ਯਸ਼ਵੰਤ ਸਿਨ੍ਹਾ) ਦੇ ਬਿਆਨ ਤੋਂ ਮਹੀਨਾ ਬਾਅਦ ਸੰਸਾਰ ਬੈਂਕ ਦੀ ਰਿਪੋਰਟ -'ਬੁਢਾਪੇ ਵਿਚ ਆਮਦਨ ਸੁਰੱਖਿਆ ਚੁਣੌਤੀ' ਅਤੇ ਸਤੰਬਰ ਚ ਅੰਤਰਰਾਸ਼ਟਰੀ ਮੁਦਰਾ ਫੰਡ ਦੀ ਰਿਪੋਰਟ-'ਭਾਰਤ ਵਿਚ ਪੈਨਸ਼ਨ ਸੰਬੰਧੀ ਸੁਧਾਰ' ਰਿਪੋਰਟ ਜਾਰੀ ਹੋਈ। ਚਾਰ ਮਹੀਨੇ ਦੇ ਵਕਫੇ ਚ ਜਿਹੜੀਆਂ ਇਹ ਦੋ ਰਿਪੋਰਟਾਂ ਜਾਰੀ ਹੁੰਦੀਆਂ ਹਨ, ਉਹਨਾਂ 'ਚ ਉਹੀ ਕੁਝ ਪ੍ਰਮੁੱਖਤਾ ਨਾਲ ਛਪਿਆ, ਜੋ 28 ਫਰਵਰੀ ਨੂੰ ਪਾਰਲੀਮੈਂਟ 'ਚ ਯਸ਼ਵੰਤ ਸਿਨ੍ਹਾ ਨੇ ਭਾਸ਼ਣ ਦਿੱਤਾ ਸੀ। ਇਸ ਦਾ ਭਾਵ ਹੈ ਕਿ ਆਈ .ਐੱਮ. ਐੱਫ ਅਤੇ ਤੇ ਸੰਸਾਰ ਬੈਂਕ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦੇ ਮੁਤਾਬਕ ਹੀ ਵਿਤ ਮੰਤਰੀ ਨੇ ਸੰਸਦ 'ਚ ਭਾਸ਼ਣ ਦਿੱਤਾ ਸੀ ਨਾ ਕਿ ਦੁਨੀਆ ਦੀ ਵੱਡੀ ਡੈਮੋਕਰੇਸੀ ਅਖਵਾਉਣ ਵਾਲੀ ਭਾਰਤੀ ਜਨਤਾ ਦੀ ਇੱਛਾ ਅਨੁਸਾਰ। ਸਵਾਲ ਪੈਦਾ ਹੁੰਦਾ ਹੈ ਕਿ ਕੀ ਸਾਡਾ ਦੇਸ਼ ਸੰਸਾਰ ਬੈਂਕ ਦੀ ਬਸਤੀ ਹੈ ਕਿ ਆਜ਼ਾਦ ਦੇਸ਼ ਹੈ? ਇਸ ਸਮੇਂ ਹੀ ਮੌਜੂਦਾ ਪੈਨਸ਼ਨ ਪ੍ਰਣਾਲੀ ਦਾ ਮੁਲਾਂਕਣ ਕਰਨ ਲਈ ਭੱਟਾਚਾਰੀਆ ਕਮੇਟੀ ਬਣਾਈ, ਜਿਸ ਦੇ ਆਧਾਰ 'ਤੇ ਹੀ ਨਵੀਂ ਪੈਨਸ਼ਨ ਸਕੀਮ ਲਾਗੂ ਕਰਨ ਵਾਲੇ ਕਾਰਜਕਾਰੀ ਹੁਕਮ ਨੂੰ ਜਾਰੀ ਕੀਤਾ ਗਿਆ ਸੀ। ਯਾਨਿ ਕਿ ਹੁਕਮਰਾਨਾਂ ਨੇ ਨਵੀਂ ਪੈਨਸ਼ਨ ਸਕੀਮ ਨੂੰ ਲਾਗੂ ਪਾਰਲੀਮੈਂਟ 'ਚ ਬਿੱਲ ਪਾਸ ਕਰਕੇ ਨਹੀਂ, ਸਗੋਂ ਕਾਰਜਕਾਰੀ ਹੁਕਮ ਰਾਹੀਂ ਲਾਗੂ ਕੀਤੀ ਸੀ। ਐੱਨ ਪੀ ਐੱਸ ਐਕਟ ਤਾਂ ਮਨਮੋਹਨ ਸਿੰਘ ਸਰਕਾਰ ਨੇ ਭਾਰਤੀ ਜਨਤਾ ਪਾਰਟੀ ਦੀ ਹਮਾਇਤ ਲੈ ਕੇ 2013 'ਚ ਪਾਸ ਕੀਤਾ। ਇਸ ਤਰਾਂ ਨਵੀਂ ਪੈਨਸ਼ਨ ਸਕੀਮ ਨੂੰ ਇਕ ਦਹਾਕਾ ਬਿਨਾਂ ਕਾਨੂੰਨੀ ਜਾਂ ਸੰਵਿਧਾਨਕ ਦਰਜਾ ਹੁੰਦਿਆਂ ਲਾਗੂ ਰੱਖਿਆ। ਯੂ ਪੀ ਏ ਸਰਕਾਰ ਨੇ ਐਕਟ ਪਾਸ ਕਰਕੇ ਇਸ ਨੂੰ ਨਵੀਂ ਪੈਨਸ਼ਨ ਸਿਸਟਮ ਵਜੋਂ ਸਥਾਪਤ ਕੀਤਾ ਗਿਆ।

ਨਿੱਜੀਕਰਨ, ਸੰਸਾਰੀਕਰਨ ਵੱਲ ਸੇਧਿਤ ਕਾਰਪੋਰੇਟ ਘਰਾਣਿਆਂ ਲਈ ਰਾਮਬਾਣ ਔਸ਼ਧੀ ਨਵੀਂ ਪੈਨਸ਼ਨ ਸਿਸਟਮ ਦੀ ਵਾਜਪਾਈ ਨੇ ਨੀਂਹ ਰੱਖੀ ਅਤੇ ਮਨਮੋਹਨ ਸਿੰਘ ਦੇ ਯਤਨਾਂ ਨਾਲ ਇਹ ਪੂਰੀ ਤਰ੍ਹਾਂ ਢਾਂਚਾਗਤ ਰੂਪ ਲੈ ਗਿਆ। ਫਿਰ ਮੋਦੀ ਸਰਕਾਰ ਦੀ ਵਾਰੀ ਆਈ। ਉਸ ਨੇ ਓ ਪੀ ਐੱਸ ਸਰਕਾਰਾਂ ਬੰਗਾਲ ਅਤੇ ਤ੍ਰਿਪੁਰਾ ਉਪਰ ਵੀ ਐੱਨ ਪੀ ਐੱਸ ਲਾਗੂ ਕਰਨ ਲਈ ਦਬਾਅ ਵੀ ਬਣਾਇਆ ਸੀ। ਬੰਗਾਲ ਨੇ ਮਾਰਕਸਵਾਦੀ ਸਰਕਾਰ ਹੁੰਦਿਆਂ ਅਤੇ ਬਾਅਦ 'ਚ ਮਮਤਾ ਬੈਨਰਜੀ ਸਰਕਾਰ ਹੁੰਦਿਆਂ ਕਾਰਪੋਰੇਟ ਪੱਖੀ ਐੱਨ ਪੀ ਐੱਸ ਨੂੰ ਆਪਣੇ ਨੇੜੇ ਵੀ ਨਹੀਂ ਸੀ ਆਉਣ ਦਿਤਾ। ਤ੍ਰਿਪੁਰਾ 'ਚ ਭਾਜਪਾ ਸਰਕਾਰ ਆਉਣ 'ਤੇ ਚਾਰ ਮਹੀਨਿਆਂ ਚ ਹੀ ਐੱਨ ਪੀ ਐੱਸ ਲਾਗੂ ਕਰ ਦਿੱਤਾ ਗਿਆ। ਯਾਦ ਰਹੇ ਚਾਰ ਰਾਜਾਂ, ਬੰਗਾਲ, ਤ੍ਰਿਪੁਰਾ, ਕੇਰਲਾ, ਤਾਮਿਲਨਾਡੂ ਨੇ ਐੱਨ ਪੀ ਐੱਸ ਲਾਗੂ ਨੀ ਸੀ ਕੀਤਾ। ਬੰਗਾਲ ਸਦਾ ਹੀ ਓ ਪੀ ਐੱਸ ਸਟੇਟ ਰਿਹਾ। ਜੇ ਇਥੇ ਵੀ ਐੱਨ ਪੀ ਐੱਸ ਲਾਗੂ ਹੋ ਜਾਂਦਾ ਤਾਂ ਐੱਨ ਪੀ ਐੱਸ ਕਰਮਚਾਰੀਆਂ ਨੂੰ ਓ ਪੀ ਐੱਸ ਮੰਗਣ ਦਾ ਹੌਸਲਾ ਨਹੀਂ ਸੀ ਪੈਣਾ। ਦੂਸਰਾ ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ ਨੇ ਐਨ ਪੀ ਐਸ ਲਾਗੂ ਤਾਂ ਕੀਤਾ ਪਰੰਤੂ ਆਪਣੇ ਹਿਸਾਬ ਨਾਲ। ਤਾਮਿਲਨਾਡੂ ਸਰਕਾਰ ਨੇ ਅੱਜ ਤੱਕ ਪੀ ਐਫ ਆਰ ਡੀ ਏ ਨੂੰ ਪੈਨਸਨ ਫੰਡ ਦਾ ਨਵਾਂ ਪੈਸਾ ਵੀ ਨੀ ਦਿਤਾ।


ਪ੍ਰਭਜੀਤ ਸਿੰਘ ਰਸੂਲਪੁਰ

ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਸਰਕਾਰ ਕੇਵਲ 2004 ਤੋਂ ਬਾਅਦ ਭਰਤੀ ਹੋਣ ਵਾਲੇ ਮੁਲਾਜ਼ਮਾਂ ਨੂੰ ਹੀ ਰਗੜਾ ਨਹੀਂ ਸੀ ਲਾਉਣਾ ਚਾਹੁੰਦੀ, ਉਹ ਕੁਝ ਸਮਾਂ ਪਹਿਲਾਂ 2004 ਤੋਂ ਪਹਿਲਾਂ ਭਰਤੀ ਵਾਲਿਆਂ ਨੂੰ ਵੀ ਨਿਸ਼ਾਨੇ 'ਤੇ ਲੈਣ ਲੱਗੀ ਸੀ, ਪਰ ਉਹ ਪੁਰਾਣੀ ਪੈਨਸ਼ਨ ਬਹਾਲੀ ਅੰਦੋਲਨ ਅਤੇ ਕਿਸਾਨ ਅੰਦੋਲਨਾਂ ਦੇ ਚਲਦਿਆਂ ਰੁਕ ਗਈ ਸੀ। ਸਾਨੂੰ ਸਭ ਨੂੰ ਆਰ ਬੀ ਆਈ ਦੁਆਰਾ ਗਠਿਤ 'ਮਾਹਰ ਗਰੁੱਪ' ਦੀ ਰਿਪੋਰਟ 'ਤੇ ਨਜ਼ਰ ਮਾਰਨ ਦੀ ਲੋੜ ਹੈ, ਜਿਸ ਬਾਰੇ 2004 ਤੋਂ ਪਹਿਲਾਂ ਭਰਤੀ ਹੋਣ ਵਾਲੇ ਕਰਮਚਾਰੀ ਬੇਖਬਰ ਬੈਠੇ ਹਨ। ਇਸ ਰਿਪੋਰਟ ਦਾ ਕਹਿਣਾ ਹੈ 2004 ਤੋਂ ਪਹਿਲਾਂ ਭਰਤੀ ਕਰਮਚਾਰੀਆਂ ਲਈ ਸੇਵਾ-ਮੁਕਤੀ ਸਮੇਂ ਮਿਲ ਰਹੀ ਮੌਜੂਦਾ ਅੰਤਮ ਮੁੱਢਲੀ ਤਨਖਾਹ ਦੀ 50 % ਦੀ ਜਗ੍ਹਾ 36 ਮਹੀਨਿਆਂ ਦੀ ਔਸਤਨ ਤਨਖਾਹ ਦਾ 30% ਕੀਤੀ ਜਾਵੇ। ਗਰੈਚੁਟੀ ਦਾ ਫਾਰਮੂਲਾ ਬਦਲ ਕੇ ਇਸ 'ਤੇ ਟੈਕਸ ਵੀ ਲਗਾਇਆ ਜਾਵੇ। ਪੈਨਸ਼ਨਰ ਨੂੰ 75 ਸਾਲ ਦੀ ਉਮਰ ਤੱਕ ਹੀ ਪੈਨਸ਼ਨ ਦਿੱਤੀ ਜਾਵੇ।

ਅੱਜਕੱਲ੍ਹ ਕਾਰਪੋਰੇਟ ਪੱਖੀ ਵਿਦਵਾਨਾਂ ਨੇ ਨਵੀਂ ਪੈਨਸ਼ਨ ਸਕੀਮ ਦਾ ਲਾਲਚਵੱਸ ਪ੍ਰਚਾਰ ਅਤੇ ਨਵੀਂ ਪੈਨਸ਼ਨ ਸਕੀਮ ਲਾਗੂ ਕਰਨ ਦਾ ਵਿਰੋਧ ਵੀ ਧੜੱਲੇ ਨਾਲ ਸ਼ੁਰੂ ਕੀਤਾ ਹੋਇਆ ਹੈ। ਹੋਰ ਤਾਂ ਹੋਰ ਭਾਰਤ ਦੇ ਪ੍ਰਧਾਨ ਮੰਤਰੀ ਨੇ ਵੀ ਕੁਝ ਰਾਜਾਂ ਦੇ ਪੈਨਸ਼ਨ ਬਹਾਲੀ ਦੇ ਫੈਸਲਿਆਂ ਨੂੰ ਗਲਤ ਫੈਸਲੇ ਕਰਾਰ ਦਿੱਤਾ ਹੈ। ਨੀਤੀ ਆਯੋਗ ਦੇ ਮੀਤ ਪ੍ਰਧਾਨ ਨੇ ਵੀ ਪੈਨਸ਼ਨ ਬਹਾਲੀ ਦੇ ਫੈਸਲੇ ਨੂੰ ਅਨੈਤਿਕ ਕਿਹਾ ਹੈ। ਚਾਰ ਰਾਜਾਂ; ਰਾਜਸਥਾਨ, ਛਤੀਸਗੜ੍ਹ, ਝਾਰਖੰਡ ਅਤੇ ਪੰਜਾਬ ਦੀਆਂ ਸਰਕਾਰਾਂ ਦਾ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਫੈਸਲਾ ਨਾ ਤਾਂ ਅਨੈਤਿਕ ਹੈ ਅਤੇ ਨਾ ਹੀ ਗਲਤ। ਇਸ ਨਾਲ ਅਰਥਤੰਤਰ ਡਗਮਗਾਉਣ ਦੀ ਨੌਬਤ ਆਵੇਗੀ। ਇਹ ਜੋ ਖਦਸ਼ੇ ਕੁਝ ਪ੍ਰਕਾਸ਼ਨ ਸਮੂਹ ਦੇ ਰਾਸ਼ਟਰੀ ਅਤੇ ਖੇਤਰੀ ਐਡੀਸ਼ਨਾਂ ਚ ਖੇਤਰੀ ਸੰਪਾਦਕਾਂ ਅਤੇ ਕੁਝ ਕਾਰਪੋਰੇਟ ਪੱਖੀ ਵਿਦਵਾਨਾਂ ਵੱਲੋਂ ਪ੍ਰਗਟਾਏ ਜਾ ਰਹੇ ਹਨ, ਕੇਵਲ ਨਿਰਮੂਲ ਹੀ ਨਹੀਂ ਹਨ, ਸਗੋਂ ਗੁੰਮਰਾਹਕੁੰਨ ਵੀ ਹਨ। ਦਰਅਸਲ ਨਵੀਂ ਪੈਨਸ਼ਨ ਰੱਦ ਕਰਕੇ ਪੁਰਾਣੀ ਪੈਨਸ਼ਨ ਬਹਾਲ ਕਰਨਾ ਕੋਈ ਆਮ ਪ੍ਰਸ਼ਾਸਨਿਕ ਫੈਸਲਾ ਜਾਂ ਕੋਈ ਛੋਟਾ-ਮੋਟਾ ਮੁਲਾਜ਼ਮਾਂ ਨਾਲ ਸੰਬੰਧਤ ਫੈਸਲਾ ਨਹੀਂ, ਸਗੋਂ ਇਹ ਦੇਸ਼ ਵਿਚ ਜਨਤਕ ਖੇਤਰ ਨੂੰ ਨਿੱਜੀ ਖੇਤਰ ਬਣਾਉਣ ਦੀ ਮੰਜ਼ਲ ਤੱਕ ਪਹੁੰਚਣ ਲਈ ਇੱਕ ਪੌੜੀ ਵਜੋਂ ਵਰਤੇ ਜਾਣ ਵਾਲੇ ਕਦਮ ਕਿ 'ਪਹਿਲਾਂ ਪੈਨਸ਼ਨ ਦਾ ਨਿੱਜੀਕਰਨ ਫਿਰ ਸੇਵਾਵਾਂ ਦਾ ਨਿਜੀਕਰਨ' ਨੂੰ ਤੋੜਨ ਦੇ ਬਰਾਬਰ ਹੈ। ਪੁਰਾਣੀ ਪੈਨਸ਼ਨ ਬਹਾਲੀ ਹੋਣ ਨਾਲ ਕਾਰਪੋਰੇਟ ਸੈਕਟਰ ਦੀ ਆਰਥਿਕ ਹਾਲਤ ਕਮਜ਼ੋਰ ਵੀ ਹੋਵੇਗੀ। ਯਾਦ ਰਹੇ ਕਿ ਪੈਨਸ਼ਨ ਦਾ ਨਿਜੀਕਰਨ ਉਹਨਾਂ ਕੜੀਆਂ ਦੀ ਅਗਲੀ ਕੜੀ ਹੈ ਜਿਹੜੀ ਬੈਂਕਾ ਦੇ ਨਿਜੀਕਰਨ, ਬੀਮਾ ਸੈਕਟਰ ਦਾ ਨਿੱਜੀਕਰਨ ਅਤੇ ਕਦਮ ਦਰ ਕਦਮ ਹੋਏ ਹੋਰ ਨਿੱਜੀਕਰਨ ਨਾਲ ਜੁੜਦੀ ਹੈ। ਸੰਨ 1992 ਤੋਂ 2003 ਤੱਕ ਦਾ ਇਕ ਦਹਾਕਾ ਨਿਜੀਕਰਨ ਦੀ ਨੀਂਹ ਤਿਆਰ ਕਰਨ ਵਾਲਾ ਸੀ। ਇਸ ਲਈ ਪੁਰਾਣੀ ਪੈਨਸ਼ਨ ਬਹਾਲੀ ਕਰਨਾ ਕਾਰਪੋਰੇਟ ਘਰਾਣਿਆਂ ਨੂੰ ਮਨਜ਼ੂਰ ਨਹੀਂ ਹੋਵੇਗਾ। ਇਹਨਾਂ ਘਰਾਣਿਆਂ ਦੁਆਰਾ ਸਿੱਧੇ ਜਾਂ ਅਸਿੱਧੇ ਤੌਰ 'ਤੇ ਚਲਾਏ ਜਾਣ ਵਾਲੇ ਅਖਬਾਰ ਕਦੇ ਸਟੇਟ ਬੈਂਕ ਆਫ ਇੰਡੀਆ ਕਦੇ ਰਾਜੀਵ ਕੁਮਾਰ ਦੀਆਂ ਸਟੋਰੀਆਂ ਕਦੇ ਇਹਨਾਂ ਦੇ ਚਹੇਤੇ ਅਰਵਿੰਦ ਪਾਨਗੜ੍ਹੀਆ ਦੇ ਲੇਖ ਛਾਪ ਰਿਹਾ ਹੈ। ਇਹ ਲੋਕ ਪ੍ਰਸਿੱਧ ਅਰਥ ਸ਼ਾਸਤਰੀ ਪ੍ਰਵੀਨ ਚੱਕਰਵਰਤੀ ਦੀਆਂ ਦਲੀਲਾਂ ਵੱਲ ਕੰਨ ਨਹੀਂ ਕਰਦੇ ਕਿ ਅਰਥਚਾਰੇ ਨੂੰ ਬਿਮਾਰ ਹੀ ਨਰਿੰਦਰ ਮੋਦੀ ਦੀ ਕੀਤੀ ਨੋਟਬੰਦੀ ਨੇ ਕੀਤਾ ਹੈ। ਵਿਵੇਕ ਕੌਲ ਵਰਗਾ ਅਰਥ ਸ਼ਾਸਤਰੀ 2019-20 ਤੱਕ ਆਖਰੀ 25 ਤਿਮਾਹੀਆਂ 'ਚ ਭਾਰਤ ਦਾ ਸਭ ਤੋਂ ਮੰਦਾ ਆਰਥਕ ਵਿਕਾਸ ਦੱਸਦਾ ਹੈ। ਇਹ ਮੰਦੀ ਦਾ ਯੁੱਗ ਸਾਰੇ ਦੇਸ਼ ਨੂੰ ਗਲਤ ਢੰਗ ਨਾਲ ਚਲਾਉਣ ਨਾਲ ਆਇਆ ਹੈ, ਨਾ ਕਿ ਕਿਸੇ ਤਰ੍ਹਾਂ ਦੀ ਪੈਨਸ਼ਨ ਦੀ ਬਹਾਲੀ ਕਰਨ ਕਾਰਨ। ਜੇਕਰ ਕਰੋਨਾ ਕਾਲ 'ਚ ਮੈਡੀਕਲ ਖੇਤਰ 'ਚ ਹਸਪਤਾਲਾਂ ਦੀ ਲੋੜ ਵੇਖ ਕੇ ਵੀ ਸਾਡੇ ਨੇਤਾ ਆਪਣਾ ਧਿਆਨ ਅਤੇ ਪ੍ਰਮੁੱਖਤਾ ਨਵੀ ਪਾਰਲੀਮੈਂਟ ਬਿਲਡਿੰਗ ਉਸਾਰਨ, ਨਵੇਂ ਰਾਸ਼ਟਰਪਤੀ ਭਵਨ ਬਣਾਉਣ ਵੱਲ ਲਾਉਂਦੇ ਹੋਣ, ਜਾਂ ਗਰੀਬੀ ਅਤੇ ਭੁਖਮਰੀ ਵਧਦਿਆਂ ਅਰਬਾਂ ਰੁਪਏ ਮੂਰਤੀਆਂ ਤੇ ਲਾਉਣ ਅਤੇ ਕੇਵਲ ਪੰਜ ਸਾਲਾਂ ਚ ਕਾਰਪੋਰੇਟ ਦਾ ਦਸ ਲੱਖ ਕਰੋੜ ਤੋਂ ਵੱਧ ਕਰਜ ਮਾਫ ਕਰ ਦੇਣ ਤਾਂ ਅਰਥਚਾਰਾ ਡਗਮਗਾਵੇ ਗਾ ਹੀ, ਉਸ ਨੂੰ ਕੋਈ ਨੀ ਰੋਕ ਸਕਦਾ। ਇਹ ਵਿਦਵਾਨ ਆਪਣੀ ਸਮਝ ਅਤੇ ਸਿਆਣਪ ਨੂੰ ਕਾਰਪੋਰੇਟਰਾਂ ਦੀ ਖੁਸ਼ਾਮਦ ਕਰਨ 'ਚ ਵਰਤ ਰਹੇ ਹਨ। ਅੰਕੜਿਆਂ ਦਾ ਖੇਲ ਸਮਝਣਾ ਹਰ ਇਕ ਦੇ ਵੱਸ ਨਹੀਂ ਹੁੰਦਾ। ਇਹਨਾਂ ਨੇ ਭਾਰਤ ਦੀ ਕੁੱਲ ਸਾਲਾਨਾ ਪੈਨਸ਼ਨ ਦੇਣਦਾਰੀ ਦੇ ਇੱਕ ਲੱਖ ਨੱਬੇ ਹਜ਼ਾਰ ਕਰੋੜ ਵਾਲੇ ਅੰਕੜੇ ਨੂੰ ਬਹੁਤ ਵੱਡਾ ਕਰਕੇ ਵਿਖਾਇਆ ਹੈ, ਜਿਹੜਾ ਪੈਨਸ਼ਨਰਾਂ ਨੂੰ ਉਹਨਾਂ ਦੀਆਂ ਸੇਵਾ ਕਾਲ ਦੌਰਾਨ ਸੇਵਾਵਾਂ ਨਿਭਾਉਣ ਬਦਲੇ ਮਿਲਣਾ ਉਹਨਾਂ ਦਾ ਹੱਕ ਹੈ। ਕੁੱਲ ਸਾਲਾਨਾ ਰਾਸ਼ਟਰੀ ਜੀ ਡੀ ਪੀ ਦਾ ਇਕ ਪ੍ਰਤੀਸ਼ਤ ਦੇ ਨੇੜੇ ਹੀ ਹੈ।

ਭਾਰਤ ਦੀ ਕੁਲ ਜੀ ਡੀ ਪੀ ਦਾ 0.1% ਤੋਂ ਵੀ ਘੱਟ ਹਿੱਸਾ ਪੈਨਸ਼ਨ ਲਈ ਖਰਚ ਕੀਤਾ ਜਾਂਦਾ ਹੈ। ਇਹ ਖਰਚਾ ਕੋਈ ਜ਼ਿਆਦਾ ਖਰਚਾ ਨਹੀਂ ਹੈ, ਜਿਸ ਦਾ ਆਥਣ-ਸਵੇਰ ਰੌਲਾ ਪਾਇਆ ਜਾ ਰਿਹਾ ਹੈ। ਇਸ ਦੇ ਮੁਕਾਬਲੇ ਸਾਊਥ ਕੋਰੀਆ ਅਤੇ ਹਾਂਗਕਾਂਗ ਵਰਗੇ ਦੇਸ਼ ਆਪਣੀ ਜੀ. ਡੀ .ਪੀ ਦਾ 02 % ਹਿੱਸਾ , ਜਾਪਾਨ 09%, ਜਰਮਨੀ 12% ਅਤੇ ਇਟਲੀ ਵਰਗੇ ਦੇਸ਼ਾਂ 'ਚ ਇਹ ਹਿੱਸਾ 14 ਫੀਸਦੀ ਹੈ। ਪੈਨਸ਼ਨ ਨੂੰ ਬੋਝ ਦੱਸਣ ਵਾਲੇ ਅਜੇ ਆਪਣੀਆਂ ਨਜ਼ਰਾਂ ਅਸਲੀ ਬੋਝ ਵੱਲ ਘੁਮਾ ਈ ਨਹੀਂ ਰਹੇ। ਇਹਨਾਂ ਨੂੰ ਦੱਸਣਾ ਪੈਣਾ ਹੈ ਕਿ ਗਲਤ ਪ੍ਰਬੰਧ ਕਾਰਨ ਬੈਂਕਿੰਗ ਸੈਕਟਰ ਦੇ ਟੌਪ ਟੈੱਨ ਸਕੈਮਾਂ ਦਾ ਜੋੜ ਕੀਤਾ ਜਾਵੇ ਤਾਂ ਇਹ ਹੀ 72383 ਕਰੋੜ ਬਣਦਾ ਹੈ। ਪੀ ਐੱਨ ਬੀ ਦਾ 14000 ਕਰੋੜ ਅਸਲ 'ਚ ਪੈਸਾ ਬੈਂਕ ਦਾ ਨਹੀਂ ਅਸਲ 'ਚ ਤਾਂ ਲੋਕਾਂ ਦਾ ਸੀ, ਜਿਸ ਨੂੰ ਚਾਹੇ ਨੀਰਵ ਮੋਦੀ ਤੇ ਮੇਹਲ ਚੋਕਸੀ ਲੈ ਕੇ ਭੱਜ ਜਾਣ ਉਹ ਵੀ ਬੋਝ ਮੰਨਣਾ ਚਾਹੀਦਾ ਹੈ ਅਤੇ ਅਜਿਹਾ ਵਾਪਰਨਾ ਤੋਂ ਬਚਾਉਣ ਲਈ ਸਖਤ ਕਾਨੂੰਨ ਬਣਾਏ ਜਾਣ। ਅਜਿਹੇ ਅੰਕੜੇ ਹੋਰ ਵੀ ਹਨ, ਜੋ ਨਸ਼ਰ ਨਹੀਂ ਕੀਤੇ ਜਾਂਦੇ। ਇਹ ਅੰਕੜਾ ਮਾਹਰ ਕਾਰਪੋਰੇਟ ਘਰਾਣਿਆਂ ਦੇ ਕਰਜ਼ ਮਾਫ ਨੂੰ ਸਿੱਧਾ ਵੀਹ ਲੱਖ ਕਰੋੜ ਨਹੀਂ ਲਿਖਦੇ, ਸਗੋਂ ਪਬਲਿਕ ਸੈਕਟਰ ਬੈਂਕਾਂ ਦਾ 8,16,421ਕਰੋੜ ਅਤੇ ਕਮਰਸ਼ੀਅਲ ਬੈਂਕਾਂ ਦਾ 11,17,883 ਕਰੋੜ ਵੱਖਰਾ-ਵੱਖਰਾ ਦਰਸਾਉਂਦੇ ਹਨ। ਆਰ ਬੀ ਆਈ ਦੇ ਮਾਹਰ ਗਰੁੱਪ ਨੇ ਪਹਿਲਾਂ ਵੀ ਪੈਨਸ਼ਨਰ ਹੱਕਾਂ ਖਿਲਾਫ ਹੀ ਲਿਖਿਆ ਸੀ, ਹੁਣ ਵੀ ਉਸ ਦੀ ਸਥਿਤੀ ਉਹੀ ਜਿਹੀ ਹੈ। ਜੇ ਉਸ ਨੇ ਕੁਝ ਠੀਕ ਵੀ ਲਿਖਿਆ ਹੁੰਦਾ ਹੈ ਤਾਂ ਮੀਡੀਆ 'ਚ ਉਹ ਵੀ ਅਰਥ ਬਦਲ ਕੇ ਪੇਸ਼ ਕੀਤਾ ਗਿਆ ਹੁੰਦਾ ਹੈ। ਕੋਰੋਨਾ ਕਾਲ 'ਚ ਕੁਝ ਕੁ ਕਾਰਪੋਰੇਟ ਘਰਾਣਿਆਂ ਨੂੰ 3608 ਕਰੋੜ ਰੋਜ਼ਾਨਾ ਮੁਨਾਫਾ ਹੋਇਆ। ਸਰਕਾਰਾਂ ਸਰਕਾਰੀ ਮੁਲਾਜ਼ਮਾਂ ਤੇ ਪਰੋਫੈਸ਼ਨਲ ਟੈਕਸ ਲਗਾ ਕੇ ਆਰਥਕ ਭਾਰ ਪਾਉਂਦੀ ਹੈ ਅਤੇ ਕਾਰਪੋਰੇਟ ਘਰਾਣਿਆਂ ਦਾ ਕਰਜ਼ ਮਾਫ ਕਰ ਕੇ ਹੋਰ ਅਮੀਰ ਕਰ ਰਹੀ ਹੈ। ਕੁਝ ਕੁ ਲੋਕਾਂ ਕੋਲ ਦੇਸ਼ ਦਾ 40% ਸਰਮਾਇਆ ਇਕੱਠਾ ਹੋਇਆ ਹੈ, ਉਸ ਤੇ ਮੋਟਾ ਟੈਕਸ ਕਿਉਂ ਨਹੀਂ ਲੱਗਦਾ? ਕੀ ਕੇਂਦਰ ਸਰਕਾਰ ਅਜਿਹਾ ਕਰਕੇ ਪੂਰੇ ਦੇਸ਼ ਦੇ ਕਰਮਚਾਰੀਆਂ ਦੀ ਪੈਨਸ਼ਨ ਦੇਣਦਾਰੀ ਦਾ ਪ੍ਰਬੰਧ ਨਹੀਂ ਕਰ ਸਕਦੀ ? ਆਰ ਬੀ ਆਈ ਦਾ ਸਵਾਲ ਤਾਂ ਕੇਵਲ ਚਾਰ-ਪੰਜ ਸਟੇਟਾਂ ਨੂੰ ਹੀ ਨਹੀਂ ਹੋਣਾ ਚਾਹੀਦਾ, ਇਹ ਸਾਰੇ ਦੇਸ਼ ਨੂੰ ਹੋਵੇ। ਪੈਨਸ਼ਨ ਦੇਣਦਾਰੀਆਂ ਦਾ ਪ੍ਰਬੰਧ ਕਰਨ ਦਾ ਹੁਕਮ ਸੁਪਰੀਮ ਕੋਰਟ ਕਰੇ, ਜਿਸ ਦੀ ਪੂਰਤੀ ਲਈ ਇਕ ਸੌਖੇ ਜਿਹੇ ਕਦਮ ਨੂੰ ਵੀ ਉਠਾਇਆ ਜਾ ਸਕਦਾ ਹੈ। (ਬਾਕੀ ਸਫ਼ਾ 3 'ਤੇ)

# ਨਗਰ ਨਿਗਮ ਦੀ ਅਣਦੇਖੀ ਕਾਰਨ ਸ਼ਹਿਰ ਦੀ ਮੰਦੀ ਹਾਲਤ : ਸੀ ਪੀ ਆਈ

## ਸੀ ਪੀ ਆਈ ਜ਼ਿਲ੍ਹਾ ਲੁਧਿਆਣਾ ਦੀ ਕਾਰਜਕਾਰਨੀ ਦੀ ਮੀਟਿੰਗ 'ਚ ਵੱਖ-ਵੱਖ ਮੁੱਦਿਆਂ 'ਤੇ ਚਰਚਾ

**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**

ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਵੱਲੋਂ ਇਥੇ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਪਾਰਟੀ ਦੀ ਕਾਰਜਕਾਰਨੀ ਦੀ ਮੀਟਿੰਗ ਕੀਤੀ ਗਈ। ਮੀਟਿੰਗ ਦੇ ਸ਼ੁਰੂ ਵਿੱਚ ਪਿਛਲੇ ਦਿਨੀਂ ਵਿਛੜੇ ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਰੂਪ ਸਿੰਘ ਰੂਪਾ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਸੀਰੀਆ ਤੇ ਤੁਰਕੀ ਵਿੱਚ ਕੁਦਰਤੀ ਆਫਤ ਨਾਲ ਮਾਰੇ ਗਏ ਹਜ਼ਾਰਾਂ ਲੋਕਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ। ਮੀਟਿੰਗ ਵਿੱਚ ਆਉਣ ਵਾਲੇ ਸਮੇਂ ਵਿੱਚ ਹੋਣ ਵਾਲੀਆਂ ਸਥਾਨਕ ਸਰਕਾਰਾਂ ਦੀਆ ਚੋਣਾਂ ਬਾਰੇ ਵੀ ਵਿਸਥਾਰ ਨਾਲ ਚਰਚਾ ਕੀਤੀ ਗਈ। ਸਭ ਤੋਂ ਪਹਿਲਾਂ ਜ਼ਿਲ੍ਹਾ ਸਕੱਤਰ ਸਾਥੀ ਡੀ ਪੀ ਮੌੜ ਨੇ ਸੂਬਾ ਕਾਰਜਕਾਰਨੀ ਦੀ ਪਿਛਲੇ ਦਿਨੀਂ ਹੋਈ ਮੀਟਿੰਗ ਬਾਰੇ ਜਾਣਕਾਰੀ ਦਿੱਤੀ। ਆਗੂਆਂ ਨੇ ਲੁਧਿਆਣਾ ਵਿਖੇ ਪੀਏਯੂ ਤੇ ਗੁਰੂ ਅੰਗਦ ਦੇਵ ਯੂਨੀਵਰਸਿਟੀ ਦੇ ਅਧਿਆਪਕਾਂ ਦੇ ਸੰਘਰਸ਼ ਦੀ ਹਮਾਇਤ ਕੀਤੀ। ਉਨ੍ਹਾਂ ਪੰਜਾਬ ਵਿੱਚ ਕਾਲਜਾਂ ਦੇ ਮੁਲਾਜ਼ਮਾਂ ਦੇ ਚੱਲ ਰਹੇ ਸੰਘਰਸ਼ ਦੀ ਹਮਾਇਤ ਵੀ ਕੀਤੀ। ਪਾਰਟੀ ਵੱਲੋਂ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ 19 ਤਰੀਕ ਨੂੰ ਮੁਹਾਲੀ ਵਿਖੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਦਾ ਸਮਰਥਨ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਜੋ ਮਜ਼ਦੂਰਾਂ, ਖੇਤ ਮਜ਼ਦੂਰਾਂ,



ਮੁਲਾਜ਼ਮਾਂ, ਕਿਸਾਨਾਂ ਤੇ ਸਮਾਜ ਦੇ ਹੋਰ ਵਰਗਾਂ ਨਾਲ ਜੋ ਵਾਅਦੇ ਕਰਕੇ ਸੱਤਾ ਵਿੱਚ ਆਈ ਹੈ, ਉਨ੍ਹਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹੀ ਹੈ।

ਲੁਧਿਆਣਾ ਸ਼ਹਿਰ ਦੀ ਮੰਦੀ ਹਾਲਤ ਬਾਰੇ ਗੱਲ ਕਰਦਿਆਂ ਜ਼ਿਲ੍ਹਾ ਪਾਰਟੀ ਦੇ ਵਿੱਤ ਸਕੱਤਰ ਤੇ ਲੁਧਿਆਣਾ ਸ਼ਹਿਰੀ ਦੇ ਸਕੱਤਰ ਕਾਮਰੇਡ ਐੱਮ. ਐੱਸ. ਭਾਟੀਆ ਨੇ ਕਿਹਾ ਕਿ ਇਸ ਲਈ ਨਗਰ ਨਿਗਮ ਦੀ ਅਣਦੇਖੀ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਥਾਂ ਥਾਂ ਗੰਦਗੀ ਦੇ ਢੇਰ ਲੱਗੇ ਹੋਏ ਹਨ, ਸੜਕਾਂ ਟੁੱਟੀਆਂ ਹੋਈਆਂ ਹਨ, ਟ੍ਰੈਫਿਕ ਦਾ ਬੁਰਾ ਹਾਲ ਹੈ, ਜਿਸ ਨੇ ਸ਼ਹਿਰ ਵਿੱਚ ਰਹਿਣ ਵਾਲੇ ਲੋਕਾਂ ਦਾ ਜੀਣਾ ਮੁਹਾਲ ਕੀਤਾ ਹੋਇਆ ਹੈ। ਸ਼ਹਿਰ ਵਿੱਚ 40 ਹਜ਼ਾਰ ਦੇ ਕਰੀਬ ਰੇਹੜੀ ਫੜੀ ਵਾਲੇ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਨਗਰ ਨਿਗਮ ਨਾਲ ਰਜਿਸਟਰਡ ਵੀ ਹਨ। ਵੈਲਡਿੰਗ ਜ਼ੋਨ ਦਾ ਐਕਟ 2014 ਲਾਗੂ ਨਾ ਹੋਣ ਕਰਕੇ ਸ਼ਹਿਰ ਵਿੱਚ ਰੇਹੜੀਆ ਦੀ ਵਿਵਸਥਾ ਢੰਗ ਨਾਲ ਨਹੀਂ ਕੀਤੀ ਜਾ ਰਹੀ। ਸ਼ਹਿਰ ਦੀਆਂ ਸੜਕਾਂ 'ਤੇ ਵੱਡੀ ਗਿਣਤੀ ਵਿੱਚ ਚੱਲ ਰਹੇ ਥ੍ਰੀ ਵ੍ਹੀਲਰਾਂ ਦੀ ਸਹੀ ਵਿਵਸਥਾ ਕਰਨ ਲਈ ਪ੍ਰਸ਼ਾਸਨ ਵੱਲੋਂ ਕੋਈ ਕਦਮ ਨਹੀਂ ਚੁੱਕੇ ਜਾ ਰਹੇ। ਪਾਣੀ ਦੇ ਨਿਕਾਸ ਦੀ ਹਾਲਤ ਤਰਸਯੋਗ ਹੈ। ਪਾਰਟੀ ਆਗੂਆਂ ਵੱਲੋਂ ਪੰਜਾਬ ਸਰਕਾਰ ਦੀ ਇਸ ਗੱਲੋਂ ਆਲੋਚਨਾ ਕੀਤੀ ਗਈ ਕਿ ਜੋ ਵਾਅਦੇ ਕਰਕੇ ਆਪ ਸਰਕਾਰ ਸੱਤਾ ਵਿੱਚ ਆਈ ਹੈ, ਉਨ੍ਹਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹੀ ਹੈ।

ਮੀਟਿੰਗ ਵਿੱਚ ਹਾਜ਼ਰ ਸਾਥੀਆਂ ਨੇ ਕੇਂਦਰੀ ਬਜਟ ਬਾਰੇ ਬੋਲਦਿਆਂ ਸਰਕਾਰ ਦੀ ਆਲੋਚਨਾ ਕੀਤੀ ਕਿ ਬਜਟ ਵਿੱਚ ਸਿਹਤ ਸੇਵਾਵਾਂ, ਸਿੱਖਿਆ ਤੇ ਨਰੇਗਾ ਵਗੈਰਾ 'ਤੇ ਬਜਟ ਘਟਾ ਦਿੱਤਾ ਗਿਆ ਹੈ। ਆਂਗਣਵਾੜੀ ਤੇ ਹੋਰ ਸਕੀਮ ਵਰਕਰਾਂ ਨੂੰ ਰੈਗੂਲਰ ਕਰਨ ਦੀ ਕੋਈ ਗੱਲ ਨਹੀਂ ਕੀਤੀ ਗਈ। ਬੇਰੁਜ਼ਗਾਰੀ ਤੇ ਮਹਿੰਗਾਈ ਨੂੰ ਕਾਬੂ ਕਰਨ ਲਈ ਵੀ ਬਜਟ ਵਿੱਚ ਪ੍ਰਬੰਧ ਨਹੀਂ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਇਹ ਬਜਟ ਲੋਕ ਵਿਰੋਧੀ ਤੇ ਦੇਸ਼ ਵਿਰੋਧੀ ਹੈ ਅਤੇ ਇਹ ਕਾਰਪੋਰੇਟਾਂ ਦੇ ਪੱਖ ਦਾ ਹੈ।

ਮੀਟਿੰਗ ਵਿੱਚ ਇਹ ਵੀ ਮੰਗ ਕੀਤੀ ਗਈ ਕਿ ਹਿੰਡਨਬਰਗ ਦੀ ਰਿਪੋਰਟ ਆਉਣ ਤੋਂ ਬਾਅਦ ਸਾਂਝੀ ਸੰਸਦੀ ਕਮੇਟੀ ਬਣਾਈ ਜਾਵੇ, ਜੋ ਅਡਾਨੀ ਵੱਲੋਂ ਕੀਤੇ ਘਪਲੇ ਦੀ ਨਿਰਪੱਖ ਜਾਂਚ ਕਰੇ। ਸੰਸਦ ਵਿੱਚ ਅਡਾਨੀ ਦੇ ਮੁੱਦੇ 'ਤੇ ਮੋਦੀ ਦੀ ਚੁੱਪੀ ਦੀ ਪਾਰਟੀ ਨੇ ਨਿਖੇਧੀ ਕੀਤੀ। ਪਾਰਟੀ ਨੇ ਇਨਕਮ ਟੈਕਸ ਵਿਭਾਗ ਵੱਲੋਂ ਬੀਬੀਸੀ ਦੇ ਮੁੰਬਈ ਤੇ ਦਿੱਲੀ ਸਥਿਤ ਦਫਤਰਾਂ ਵਿੱਚ ਛਾਪਿਆਂ ਦੀ ਨਿਖੇਧੀ ਕੀਤੀ ਅਤੇ ਕਿਹਾ ਕਿ ਇਸ ਨਾਲ ਵਿਸ਼ਵ ਪੱਧਰ 'ਤੇ ਸਾਡੇ ਦੇਸ਼ ਦੀ ਸ਼ਾਖ ਡਿੱਗੀ ਹੈ। ਇਸ ਨਾਲ ਪ੍ਰੈੱਸ ਦੀ ਆਜ਼ਾਦੀ ਨੂੰ ਧੱਕਾ ਵੱਜਿਆ ਹੈ। ਪਾਰਟੀ ਨੇ ਫੈਸਲਾ ਕੀਤਾ ਹੈ ਕਿ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਲੈ ਕੇ ਪਾਰਟੀ ਲੋਕਾਂ ਵਿੱਚ ਜਾਏਗੀ ਤੇ ਬ੍ਰਾਂਚ ਅਤੇ ਬਲਾਕ ਪੱਧਰ 'ਤੇ ਮੀਟਿੰਗਾਂ ਕਰਕੇ ਲੋਕਾਂ ਨਾਲ ਰਾਬਤਾ ਕਾਇਮ ਕਰੇਗੀ। ਮੀਟਿੰਗ ਵਿੱਚ ਸਾਥੀ ਚਮਕੌਰ ਸਿੰਘ, ਗੁਲਜਾਰ ਗੋਰੀਆ, ਗੁਲਜਾਰ ਪੰਧੇਰ, ਚਰਨ ਸਰਾਭਾ, ਭਗਵਾਨ ਸਿੰਘ, ਕੇਵਲ ਸਿੰਘ ਬਨਵੈਤ, ਰਾਮ ਪ੍ਰਤਾਪ ਤੇ ਵਿਨੋਦ ਕੁਮਾਰ ਨੇ ਚਰਚਾ ਵਿੱਚ ਹਿੱਸਾ ਲਿਆ। ਇਨ੍ਹਾਂ ਤੋਂ ਇਲਾਵਾ ਗੁਰਨਾਮ ਸਿੱਧੂ, ਕੁਲਵੰਤ ਕੌਰ, ਕਾ: ਕਾਮੇਸ਼ਵਰ ਤੇ ਗੁਰਮੀਤ ਸਿੰਘ ਹਾਜ਼ਰ ਸਨ। ਮੀਟਿੰਗ ਦੀ ਪ੍ਰਧਾਨਗੀ ਕਾਮਰੇਡ ਰਮੇਸ਼ ਰਤਨ ਨੇ ਕੀਤੀ।

# ਸਾਬਕਾ ਸੈਨਿਕਾਂ ਨੇ ਵਨ ਰੈਂਕ ਵਨ ਪੈਨਸ਼ਨ ਤੇ ਨਾ-ਬਰਾਬਰੀ ਖ਼ਿਲਾਫ਼ ਖੋਲ੍ਹਿਆ ਮੋਰਚਾ

**■ 20 ਨੂੰ ਪੁੱਜਣਗੇ ਜੰਤਰ ਮੰਤਰ, ਬਲਾਕ ਪੱਧਰ 'ਤੇ ਪੁਤਲੇ ਫੂਕਣ ਦੀ ਅਪੀਲ**



ਸ਼ੇਰਪੁਰ ਵਿਖੇ ਮੀਟਿੰਗ ਦੌਰਾਨ ਹਾਜ਼ਰ ਹੋਏ ਸਾਬਕਾ ਸੈਨਿਕ।

**ਸ਼ੇਰਪੁਰ (ਸੁਖਦੇਵ ਧੂਰੀ)**-ਭਾਰਤੀਆ ਸਾਬਕਾ ਸੈਨਿਕ ਲੀਗ (ਪੰ. ਤੇ ਚੰਡੀ.) ਬਲਾਕ ਸ਼ੇਰਪੁਰ ਦੀ ਮਹੀਨਾਵਾਰ ਮੀਟਿੰਗ ਸੈਨਿਕ ਆਗੂ ਸੂਬੇਦਾਰ ਮੇਜਰ ਹਰਜੀਤ ਸਿੰਘ (ਰਿਟਾ.) ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਇਲਾਕੇ ਦੇ ਸਾਬਕਾ ਫੌਜੀਆਂ ਨੇ ਹਿੱਸਾ ਲਿਆ। ਸੈਨਿਕਾਂ ਵੱਲੋਂ ਪੁਲਵਾਮਾ ਦੇ 44 ਸ਼ਹੀਦ ਜਵਾਨਾਂ ਨੂੰ ਸ਼ਰਧਾਂਜਲੀ ਭੇਟ ਕਰਨ ਉਪਰੰਤ ਮਹੀਨੇ ਭਰ ਦੀਆਂ ਸੈਨਿਕ ਗਤੀਵਿਧੀਆਂ ਬਾਰੇ ਚਰਚਾ ਕੀਤੀ ਗਈ। ਸੈਨਿਕ ਆਗੂ ਹਰਜੀਤ ਸਿੰਘ ਨੇ ਕਿਹਾ ਕੇਂਦਰ ਸਰਕਾਰ ਆਏ ਦਿਨ ਨਵੀਆਂ ਨਵੀਆਂ ਸਕੀਮਾਂ ਤੇ ਕਾਨੂੰਨਾਂ ਨਾਲ ਚਰਚਾ ਵਿੱਚ ਰਹਿੰਦੀ ਹੈ, ਪ੍ਰੰਤੂ ਰੱਖਿਆ ਸੇਵਾਵਾਂ 'ਚ ਕੀਤੀਆਂ ਜਾ ਰਹੀਆਂ ਆਪਹੁਦਰੀਆਂ ਜਿਵੇਂ 'ਅਗਨੀਪੱਥ ਸਕੀਮ', 'ਲੋਹ ਟੋਪ', ਮਹਿੰਗਾਈ ਭੱਤੇ ਦਾ ਬਕਾਇਆ ਰਾਸ਼ੀ ਨਾ ਜਾਰੀ ਕਰਨ ਤੇ ਹੁਣ ਵਨ ਰੈਂਕ ਵਨ ਪੈਨਸ਼ਨ ਟੇਬਲ-2 ਵਿੱਚ ਅਫਸਰਾਂ ਤੇ ਜਵਾਨਾਂ ਵਿੱਚ ਵੱਡਾ ਫਰਕ ਰੱਖਣ ਦਾ ਭਾਰਤੀਆ ਸਾਬਕਾ ਸੈਨਿਕ ਲੀਗ ਸ਼ੇਰਪੁਰ ਸਖ਼ਤ ਵਿਰੋਧ ਕਰਦੀ ਹੈ। ਜ਼ਿਲ੍ਹਾ ਸੰਗਰੂਰ ਦੇ ਮੀਤ ਪ੍ਰਧਾਨ ਸੁਰਜੀਤ ਸਿੰਘ ਅਲਾਲ ਨੇ ਕਿਹਾ ਕਿ ਓ ਆਰ ਓ ਪੀ ਸੰਘਰਸ਼ ਦੌਰਾਨ ਜਵਾਨਾਂ ਵੱਲੋਂ ਇਕੱਠੇ ਕੀਤੇ ਫੰਡ ਨਾਲ ਜਨਰਲ ਸਤਬੀਰ ਸਿੰਘ ਨੇ ਸਰਕਾਰ ਦੀ ਕਠ-ਪੁਤਲੀ ਬਣ ਅਫਸਰਸ਼ਾਹੀ ਨੂੰ ਫਾਇਦਾ ਦਿਵਾਇਆ ਅਤੇ ਜਵਾਨਾਂ ਨੂੰ ਅਖੀਰ ਤੱਕ ਹਨੇਰੇ ਵਿੱਚ ਰੱਖਿਆ। ਅਲਾਲ ਨੇ ਕਿਹਾ ਕਿ ਇਸ ਦਾ ਡੱਟਵਾਂ ਵਿਰੋਧ ਹੋ ਰਿਹਾ, ਜਿਸ ਲਈ ਪੂਰੇ ਦੇਸ਼ ਦੇ ਸਾਬਕਾ ਸੈਨਿਕ 20 ਫ਼ਰਵਰੀ ਨੂੰ ਦਿੱਲੀ ਜੰਤਰ ਮੰਤਰ 'ਤੇ ਧਰਨਾ ਦੇਣ ਪੁੱਜ ਰਹੇ ਹਨ। ਉਨ੍ਹਾਂ ਲੀਗ ਆਗੂਆਂ ਨੂੰ 20 ਫ਼ਰਵਰੀ ਨੂੰ ਬਲਾਕ ਪੱਧਰ 'ਤੇ ਰੋਸ ਵਜੋਂ ਕੇਂਦਰ ਸਰਕਾਰ ਤੇ ਜਨਰਲ ਸਤਬੀਰ ਸਿੰਘ ਦੇ ਪੁਤਲੇ ਫੂਕਣ ਦੀ ਅਪੀਲ ਕੀਤੀ।

ਆਨਰੇਰੀ ਕੈਪਟਨ ਅਵਤਾਰ ਸਿੰਘ ਨੇ ਦੱਸਿਆ ਕਿ ਪਿਛਲੇ ਛਿਮਾਹੀ 'ਚ ਥੋਕ ਮਹਿੰਗਾਈ 15 ਪ੍ਰਤੀਸ਼ਤ ਤੋਂ ਉੱਪਰ ਰਹੀ ਹੈ ਤੇ ਪਰਚੂਨ ਮਹਿੰਗਾਈ 7 ਪ੍ਰਤੀਸ਼ਤ ਤੋਂ ਉੱਪਰ ਰਹੀ ਹੈ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਜਨਵਰੀ ਤੋਂ ਮਹਿੰਗਾਈ ਭੱਤੇ ਵਿੱਚ 4 ਦੀ ਥਾਂ 7 ਪ੍ਰਤੀਸ਼ਤ ਦਾ ਵਾਧਾ ਕੀਤਾ ਜਾਵੇ।

ਇਸ ਮੌਕੇ ਕੈਪਟਨ ਅਵਤਾਰ ਸਿੰਘ ਟਿੱਬਾ, ਸੂਬੇਦਾਰ ਮਨੀ ਸਿੰਘ ਕਾਤਰੋਂ, ਸੂਬੇਦਾਰ ਜੰਗ ਸਿੰਘ, ਸੂਬੇਦਾਰ ਬਲਵੰਤ ਸਿੰਘ ਬਧੇਸ਼ਾ, ਸੂਬੇਦਾਰ ਸਿਕੰਦਰ ਸਿੰਘ, ਹੌਲਦਾਰ ਅਮਰਜੀਤ ਸਿੰਘ ਖਹਿਰਾ, ਨਾਇਬ ਸੂਬੇਦਾਰ ਵਿਸ਼ਨੂ ਭਗਵਾਨ, ਸੂਬੇਦਾਰ ਗੁਰਦੀਪ ਸਿੰਘ ਖੇੜੀ, ਬਲਦੇਵ ਸਿੰਘ, ਪ੍ਰਸ਼ੋਤਮ ਸਿੰਘ ਟਿੱਬਾ, ਮਨਜੀਤ ਸਿੰਘ ਘਨੌਰੀ, ਹੌਲਦਾਰ ਹਰਵਿੰਦਰ ਸਿੰਘ, ਨਾਇਕ ਰਣਜੀਤ ਸਿੰਘ, ਬਲਕਾਰ ਸਿੰਘ ਖੇੜੀ, ਸੁਖਦੇਵ ਸਿੰਘ ਸਰਪੰਚ ਕਾਲਾਬੂਲਾ, ਹੌਲਦਾਰ ਪ੍ਰੀਤਮ ਸਿੰਘ ਗਰੇਵਾਲ, ਹਰਦੀਪ ਸਿੰਘ, ਗੁਰਮੇਲ ਸਿੰਘ ਘਨੌਰੀ, ਸੁਰਜੀਤ ਸਿੰਘ ਕਾਲਾਬੂਲਾ, ਕਰਨੈਲ ਸਿੰਘ, ਨਾਜ਼ਰ ਸਿੰਘ, ਬੁੱਧ ਸਿੰਘ ਖੇੜੀ ਖੁਰਦ ਤੋਂ ਇਲਾਵਾ ਹੋਰ ਵੀ ਲੀਗ ਮੈਂਬਰ ਹਾਜ਼ਰ ਸਨ।

## ਕਾਤਰਾਂ

### 1 ਕਿੱਲੋ 200 ਗ੍ਰਾਮ ਅਫੀਮ ਤੇ ਟਰੱਕ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀਆਈਏ ਸਟਾਫ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਛਾਪੇਮਾਰੀ ਦੌਰਾਨ ਇੱਕ ਵਿਅਕਤੀ ਨੂੰ 1 ਕਿੱਲੋ 200 ਗ੍ਰਾਮ ਅਫੀਮ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਥਾਣਾ ਕੁੱਲਗੜ੍ਹੀ ਵਿਖੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਮੰਗਲ ਸਿੰਘ ਨੇ ਦੱਸਿਆ ਕਿ ਉਨ੍ਹਾ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ 'ਚ ਡਿਫੈਂਸ ਕਾਲੋਨੀ 1 ਦੇ ਗੇਟ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਮੁਲਜ਼ਮ ਗੁਰਪ੍ਰੀਤ ਸਿੰਘ ਉਰਫ ਗੋਰਾ ਪੁੱਤਰ ਗੁਰਮੀਤ ਸਿੰਘ ਵਾਸੀ ਬਹਿਕ ਗੁੱਜਰਾਂ, ਜੋ ਆਪਣੇ ਘੋੜਾ ਟਰਾਲਾ ਨੰਬਰ ਪੀ ਬੀ 04 ਵੀ 9847 'ਤੇ ਬਾਹਰਲੀ ਸਟੇਟ ਤੋਂ ਅਫੀਮ ਲਿਆ ਕੇ ਵੇਚਣ ਦਾ ਆਦੀ ਹੈ, ਅੱਜ ਵੀ ਜ਼ੀਰਾ ਵੱਲੋਂ ਆ ਰਿਹਾ ਹੈ। ਜੇਕਰ ਹੁਣੇ ਨਾਕਾਬੰਦੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਮੁਲਜ਼ਮ ਨੂੰ ਸਮੇਤ ਉਕਤ ਟਰੱਕ ਦੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 1 ਕਿੱਲੋ 200 ਗ੍ਰਾਮ ਅਫੀਮ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਜੀਤੂ ਬਾਂਸਲ ਕਾਂਗਰਸ ਪਾਰਟੀ ਹਲਕਾ ਭੁੱਚੋ ਦੇ ਕੋਆਰਡੀਨੇਟਰ ਬਣਾਏ



**ਜੈਤੋ (ਸਤੀਸ਼ ਕੁਮਾਰ ਭੀਰੀ)**-ਜੈਤੋ ਤੋਂ ਨੌਜਵਾਨ ਕਾਂਗਰਸੀ ਆਗੂ ਤੇ ਨਗਰ ਕੌਂਸਲ ਦੇ ਮੀਤ ਪ੍ਰਧਾਨ ਜੀਤੂ ਬਾਂਸਲ ਨੂੰ ਕਾਂਗਰਸ ਪਾਰਟੀ ਵੱਲੋਂ ਭੁੱਚੋ ਹਲਕੇ ਦਾ ਕੁਆਰਡੀਨੇਟਰ ਬਣਾ ਕੇ ਅਹਿਮ ਜ਼ਿੰਮੇਵਾਰੀ ਨਾਲ ਨਿਵਾਜਿਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੀਤੂ ਬਾਂਸਲ ਨੇ ਮਿਲੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਵਾਅਦਾ ਕੀਤਾ ਤੇ ਨਾਲ ਹੀ ਕਾਂਗਰਸ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਮਲਿਕਾਰਜੁਨ ਖੜਗੇ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਇਲਾਕੇ ਦੇ ਕਾਂਗਰਸੀ ਆਗੂ ਤੇ ਵਰਕਰਾਂ ਮਨੇਸ਼ ਗੋਇਲ ਮੰਨੂ, ਹਰਸੰਗੀਤ ਸਿੰਘ ਹੈਪੀ, ਸੰਦੀਪ ਉਰਫ ਬੰਟੀ ਜਿੰਦਲ, ਵਿਨੀਤ ਕੁਮਾਰ, ਆਸ਼ੂ ਮਿੱਤਲ, ਨਵਜੋਤ ਸਿੰਘ ਅੰਗਰੋਈਆ ਨਵੀ, ਸਰਪੰਚ ਭੁਪਿੰਦਰ ਸਿੰਘ ਮੱਲਾ, ਸੀਤਾ ਰਾਮ ਕੋਟਲੀ, ਰਾਜਾ ਬਰਾੜ ਆਦਿ ਵੱਲੋਂ ਜੀਤੂ ਬਾਂਸਲ ਦੀ ਨਿਯੁਕਤੀ 'ਤੇ ਕਾਂਗਰਸ ਹਾਈ ਕਮਾਂਡ ਦਾ ਧੰਨਵਾਦ ਕੀਤਾ ਗਿਆ ਤੇ ਜੀਤੂ ਬਾਂਸਲ ਨੂੰ ਮੁਬਾਰਕਬਾਦ ਦਿੱਤੀ ਗਈ।

### ਬੀ ਕੇ ਯੂ ਲੱਖੋਵਾਲ ਦੀ ਮੀਟਿੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕਿਸਾਨੀ ਮਸਲਿਆਂ ਤੇ ਕਿਸਾਨ ਵਰਗ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਸਬੰਧੀ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਪੱਧਰੀ ਆਗੂਆਂ ਦੀ ਮਹੀਨਾਵਾਰ ਬੈਠਕ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਸੰਧੂ ਦੀ ਅਗਵਾਈ ਹੇਠ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਹੋਈ, ਜਿਸ ਵਿੱਚ ਵੱਡੀ ਗਿਣਤੀ 'ਚ ਆਗੂਆਂ ਨੇ ਹਿੱਸਾ ਲਿਆ। ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਚੰਡੀਗੜ੍ਹ ਵਿਖੇ ਲੱਗੇ ਮੋਰਚੇ ਦੀ ਹਮਾਇਤ ਦਾ ਐਲਾਨ ਕੀਤਾ ਤੇ ਕਿਹਾ ਕਿ 6 ਮਾਰਚ ਨੂੰ ਵੱਡੀ ਸੰਖਿਆ ਵਿੱਚ ਜਥੇਬੰਦੀ ਦੇ ਆਗੂ ਤੇ ਮੈਂਬਰ ਧਰਨੇ ਵਿੱਚ ਸ਼ਮੂਲੀਅਤ ਕਰਨਗੇ।ਉਨ੍ਹਾਂ ਕੇਂਦਰ ਤੇ ਸੂਬਾ ਸਰਕਾਰ ਨੂੰ ਅਪੀਲ ਕੀਤੀ ਕਿ ਮਨੁੱਖੀ ਅਧਿਕਾਰ ਤਹਿਤ ਸਜ਼ਾ ਪੂਰੀ ਕਰ ਚੁੱਕੇ ਸਿੰਘਾਂ ਨੂੰ ਬਿਨਾਂ ਕਿਸੇ ਸ਼ਰਤ ਰਿਹਾਅ ਕੀਤਾ ਜਾਵੇ।ਇਸ ਮੌਕੇ ਗੁਰਮੀਤ ਸਿੰਘ ਬਲਾਕ ਪ੍ਰਧਾਨ, ਸੁਖਮੰਦਰ ਸਿੰਘ ਜਨਰਲ ਸਕੱਤਰ ਤੇ ਹੋਰ ਆਗੂ ਹਾਜ਼ਰ ਸਨ।

# ਮੰਡੀ ਹਜ਼ੂਰ ਸਿੰਘ ਦੇ ਨਰੇਗਾ ਮਾਮਲੇ ਨੂੰ ਲੈ ਕੇ ਟੈਂਕੀ 'ਤੇ ਚੜ੍ਹਿਆ ਪਰਵਾਰ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਫਾਜ਼ਿਲਕਾ ਦੇ ਪਿੰਡ ਮੰਡੀ ਹਜ਼ੂਰ ਸਿੰਘ 'ਚ ਕੁੱਝ ਸਾਲ ਪਹਿਲਾਂ ਹੋਏ ਨਰੇਗਾ ਘੋਟਾਲੇ ਨੂੰ ਲੈ ਕੇ ਨਰੇਗਾ 'ਚ ਕੰਮ ਕਰਦੇ ਪਿੰਡ ਦੇ ਹੀ ਕੁੱਝ ਪਰਿਵਾਰਾਂ ਵੱਲੋਂ ਆਪਣੇ ਪਰਿਵਾਰਕ ਮੈਂਬਰਾਂ ਸਮੇਤ ਫਾਜ਼ਿਲਕਾ ਦੀ ਸੈਸ਼ਨ ਅਦਾਲਤ ਦੇ ਨਜ਼ਦੀਕ ਬਣੀ ਪਾਣੀ ਦੀ ਟੈਂਕੀ 'ਤੇ ਚੜ੍ਹ ਕੇ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਪ੍ਰੇਮ ਸਿੰਘ ਤੇ ਹੋਰਨਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 11-02-19 ਨੂੰ ਥਾਣਾ ਸਦਰ ਫਾਜ਼ਿਲਕਾ ਵਿਖੇ ਮੁਕੱਦਮਾ ਨੰਬਰ 21 ਅਧੀਨ ਧਾਰਾ 409, 406, 465, 467, 468, 471 ਤੇ 120ਬੀ ਤਹਿਤ ਪਿੰਡ ਦੇ ਨਰੇਗਾ ਮੇਟ ਗੁਰਚਰਨ ਸਿੰਘ ਸਹਿਤ 6 ਵਿਅਕਤੀਆਂ ਤੇ ਦਰਜ ਕੀਤਾ ਗਿਆ ਸੀ। ਇਸ ਮੁਕੱਦਮੇ ਵਿੱਚ ਉਨ੍ਹਾਂ ਦੇ ਨਾਮ ਵੀ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਨਰੇਗਾ ਅਧੀਨ ਉਸ ਸਮੇਂ ਦੇ ਮੇਟ ਤੇ ਸਰਪੰਚ ਦੀ ਕਥਿਤ ਮਿਲੀਭੁਗਤ ਨਾਲ ਕੁੱਝ ਮ੍ਰਿਤਕ ਲੋਕਾਂ ਦੀ ਹਾਜ਼ਰੀ ਗਲਤ ਤਰੀਕੇ ਨਾਲ ਲਗਵਾ ਕੇ ਹੋਰਨਾਂ ਦੇ ਖਾਤਿਆਂ ਰਾਹੀਂ ਨਰੇਗਾ ਦੇ ਪੈਸੇ ਕਢਵਾਏ ਗਏ ਸਨ। ਉਨ੍ਹਾਂ ਕਿਹਾ ਕਿ ਜਿਹੜੇ ਵਿਅਕਤੀਆਂ ਨੇ ਇਸ ਤਰ੍ਹਾਂ ਗਲਤ ਹਾਜ਼ਰੀਆਂ ਲਗਵਾ ਕੇ ਪੈਸੇ ਕਢਵਾਏ ਸਨ, ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨਾਲ ਕਥਿਤ ਮਿਲੀਭੁਗਤ ਅਤੇ ਆਪਣੀ ਸਿਆਸੀ ਪਹੁੰਚ ਕਾਰਨ ਆਪਣਾ ਨਾਮ ਮੁਕੱਦਮੇ ਵਿੱਚੋਂ ਕੱਢਵਾ ਲਿਆ, ਪਰ ਉਨ੍ਹਾਂ ਦਾ ਨਾਮ ਅਜੇ ਤੱਕ ਨਹੀਂ ਨਿੱਕਲਿਆ। ਉਨ੍ਹਾਂ ਕਿਹਾ ਕਿ ਉਨ੍ਹਾਂ 'ਤੇ ਨਜਾਇਜ਼ ਮੁਕੱਦਮਾ ਦਰਜ ਕੀਤਾ ਗਿਆ ਸੀ ਤੇ ਇਸ ਦੌਰਾਨ ਉਨ੍ਹਾਂ ਨੂੰ ਕਈ ਦਿਨ ਜੇਲ੍ਹ ਵਿੱਚ ਵੀ ਬੰਦ ਰਹਿਣਾ ਪਿਆ ਸੀ। ਉਨ੍ਹਾਂ ਕਿਹਾ ਕਿ ਉਹ ਉਦੋਂ ਤੋਂ ਹੀ ਆਪਣੇ 'ਤੇ ਹੋਏ ਮੁੱਕਦਮੇ ਨੂੰ ਰੱਦ ਕਰਵਾਉਣ ਲਈ ਸਬੰਧਤ ਅਧਿਕਾਰੀਆਂ ਦੇ ਦਫਤਰਾਂ ਦੇ ਚੱਕਰ ਕੱਟ ਰਹੇ ਹਨ, ਪਰ ਅਜੇ ਤੱਕ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋਈ। ਉਨ੍ਹਾਂ ਨੇ ਉਨ੍ਹਾਂ 'ਤੇ ਹੋਏ ਮੁਕੱਦਮੇ ਦੀ ਜਾਂਚ ਕਰਵਾ ਕੇ ਉਨ੍ਹਾਂ ਦੇ ਨਾਮ ਮੁਕੱਦਮੇ ਵਿੱਚੋਂ ਬਾਹਰ ਕੱਢਣ ਤੇ ਇਸ ਮਾਮਲੇ 'ਚ ਸ਼ਾਮਲ ਮੇਟ ਤੇ ਸਰਪੰਚ 'ਤੇ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਸ ਮੌਕੇ ਉਨ੍ਹਾਂ ਵੱਲੋਂ ਕੀਤੇ ਗਏ ਪ੍ਰਦਰਸ਼ਨ ਤੋਂ ਬਾਅਦ ਪ੍ਰਸ਼ਾਸਨ ਅਧਿਕਾਰੀ ਮੌਕੇ 'ਤੇ ਪਹੁੰਚੇ ਤੇ ਉਨ੍ਹਾਂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਪ੍ਰਦਰਸ਼ਨਕਾਰੀ ਆਪਣੀਆਂ ਮੰਗਾਂ 'ਤੇ ਅੜੇ ਰਹੇ। ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਫਾਜ਼ਿਲਕਾ ਸੇਨੂ ਦੁੱਗਲ ਮੌਕੇ 'ਤੇ ਪਹੁੰਚੇ ਅਤੇ ਉਨ੍ਹਾਂ ਵੱਲੋਂ ਭਰੋਸਾ ਦੇਣ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਨੇ ਆਪਣਾ ਪ੍ਰਦਰਸ਼ਨ ਸਮਾਪਤ ਕੀਤਾ। ਇਸ ਦੌਰਾਨ ਉਨ੍ਹਾਂ ਵੱਲੋਂ ਸਰਕਾਰ ਤੇ ਪ੍ਰਸ਼ਾਸਨ ਵਿਰੁੱਧ ਜ਼ੋਰਦਾਰ ਨਅਰੇਬਾਜ਼ੀ ਕੀਤੀ ਗਈ।

## ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋ. ਨੇ ਭਾਜਪਾ ਜ਼ਿਲ੍ਹਾ ਪ੍ਰਧਾਨ ਨੂੰ ਮੰਗ ਪੱਤਰ ਸੌਂਪਿਆ



**ਧੂਰੀ (ਸੁਖਦੇਵ ਧੂਰੀ)**-ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਧੂਰੀ ਦੀ ਵਿਸ਼ੇਸ਼ ਮੀਟਿੰਗ ਜਗਦੀਸ਼ ਸ਼ਰਮਾ ਦੀ ਪ੍ਰਧਾਨਗੀ ਹੇਠ ਜਥੇਬੰਦੀ ਦੇ ਦਫਤਰ ਵਿੱਚ ਹੋਈ। ਮੀਟਿੰਗ ਵਿੱਚ ਸ਼ਹਿਰ ਦੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ 'ਤੇ ਵਿਚਾਰਾਂ ਕੀਤੀਆਂ ਗਈਆਂ ਅਤੇ ਜ਼ਰੂਰੀ ਫੈਸਲੇ ਲਏ ਗਏ। ਬੀਤੀ 5 ਫਰਵਰੀ ਦੀ ਮੀਟਿੰਗ ਦੇ ਕੀਤੇ ਫੈਸਲੇ ਮੁਤਾਬਿਕ ਸੀਨੀਅਰ ਸਿਟੀਜ਼ਨ ਨੂੰ ਪਿਛਲੇ ਲੰਮੇ ਸਮੇਂ ਤੋਂ ਮਿਲ ਰਹੀ ਰੇਲ ਕਿਰਾਇਆ ਛੋਟ ਦੀ ਸਹੂਲਤ ਕੋਰੋਨਾ ਸਮੇਂ ਦੌਰਾਨ ਬੰਦ ਕੀਤੇ ਜਾਣ ਦਾ ਨੋਟਿਸ ਲੈਂਦਿਆਂ ਇਸ ਸਬੰਧੀ ਅਤੇ ਰੇਲਵੇ ਸਟੇਸ਼ਨ ਧੂਰੀ ਉਪਰ ਇੱਕ ਪਲੇਟਫਾਰਮ ਤੋਂ ਦੂਸਰੇ 'ਤੇ ਜਾਣ ਲਈ ਇਲੈਕਟ੍ਰਾਨਿਕ ਐਲੀਵੇਟਰ ਲਗਵਾਉਣ ਲਈ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਨੂੰ ਮੰਗ ਪੱਤਰ ਭੇਜਣ ਦੇ ਫੈਸਲੇ ਤੋਂ ਪ੍ਰਧਾਨ ਨੂੰ ਜਾਣੂ ਕਰਵਾਇਆ। ਉਨਾਂ ਦੋਹਾਂ ਹੀ ਮੰਗਾਂ ਨੂੰ ਜਾਇਜ਼ ਠਹਿਰਾਉਂਦੇ ਇਸ ਸਬੰਧੀ ਆਪ ਆ ਕੇ ਮੰਗ ਪੱਤਰ ਪ੍ਰਾਪਤ ਕਰਨ ਦੀ ਇੱਛਾ ਜ਼ਾਹਰ ਕੀਤੀ ਤੇ ਮੀਟਿੰਗ ਵਿੱਚ ਪਹੁੰਚ ਕੇ ਮੰਗ ਪੱਤਰ ਪ੍ਰਾਪਤ ਕੀਤਾ। ਉਨ੍ਹਾਂ ਕਿਹਾ ਕਿ ਜੋ ਵੀ ਸੰਭਵ ਹੋਇਆ, ਉਹ ਕਰਵਾਉਣ ਦੀ ਕਸ਼ਿਸ਼ ਕਰਨਗੇ। ਸਮੁੱਚੀ ਐਸੋਸੀਏਸ਼ਨ ਨੇ ਰਨਦੀਪ ਦਿਓਲ ਦਾ ਇਥੇ ਆ ਕੇ ਮੰਗ ਪੱਤਰ ਪ੍ਰਾਪਤ ਕਰਨ ਲਈ ਧੰਨਵਾਦ ਕੀਤਾ।

# ਡੀ ਏ ਵੀ ਸਕੂਲ 'ਚ ਸੁਆਮੀ ਦਯਾਨੰਦ ਦਾ ਜਨਮ ਦਿਹਾੜਾ ਮਨਾਇਆ



ਮਲੋਟ ਦੇ ਡੀ.ਏ.ਵੀ. ਸਕੂਲ ਵਿਖੇ ਸਮਾਗਮ ਦੌਰਾਨ ਕਰਵਾਏ ਹਵਨ ਯੱਗ ਵਿੱਚ ਸ਼ਾਮਲ ਮੁੱਖ ਮਹਿਮਾਨ, ਪ੍ਰਿੰਸੀਪਲ ਸੰਧਿਆ ਬਠਲਾ ਤੇ ਹੋਰ।

**ਮਲੋਟ (ਗੁਰਮੀਤ ਸਿੰਘ ਮੱਕੜ)**

ਸਥਾਨਕ ਡੀ.ਏ.ਵੀ. ਪਬਲਿਕ ਸਕੂਲ ਵਿਖੇ ਮਹਾਂਰਿਸ਼ੀ ਸਵਾਮੀ ਦਯਾਨੰਦ ਸਰਸਵਤੀ ਦਾ 200ਵਾਂ ਜਨਮ ਦਿਹਾੜਾ, ਰਿਸ਼ੀ ਬੋਧਤਸਵ ਤੇ ਸਕੂਲ ਦਾ ਸਥਾਪਨਾ ਦਿਵਸ ਸਕੂਲ ਦੀ ਪ੍ਰਿੰਸੀਪਲ ਸੰਧਿਆ ਬਠਲਾ ਦੀ ਅਗਵਾਈ ਹੇਠ ਮਨਾਇਆ ਗਿਆ।ਸਭ ਤੋਂ ਪਹਿਲਾਂ ਧਰਮਾਚਾਰੀਆ ਰਾਮ ਚੰਦਰ ਸ਼ਾਸਤਰੀ ਦੀ ਅਗਵਾਈ ਹੇਠ ਪੰਜ ਕੁੰਡੀਆ ਮਹਾਂਯੱਗ ਕੀਤਾ ਗਿਆ, ਜਿਸ ਵਿੱਚ ਸਾਰਿਆਂ ਦੀ ਖੁਸ਼ੀ, ਸਿਹਤ, ਉਮਰ, ਖੁਸ਼ਹਾਲੀ ਦੀ ਕਾਮਨਾ ਕੀਤੀ ਗਈ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸੰਧਿਆ ਬਠਲਾ ਨੇ ਕਿਹਾ ਕਿ ਜਦੋਂ ਸਵਾਮੀ ਦਯਾਨੰਦ ਜੀ ਦਾ ਜਨਮ ਹੋਇਆ ਸੀ ਤਾਂ ਚਾਰੇ ਪਾਸੇ ਅਗਿਆਨਤਾ, ਜਾਤ-ਪਾਤ, ਛੂਤ-ਛਾਤ ਦਾ ਹਨੇਰਾ ਫੈਲਿਆ ਹੋਇਆ ਸੀ।ਸਵਾਮੀ ਦਯਾਨੰਦ ਸਰਸਵਤੀ ਨੇ ਜਾਤੀ ਵਿਵਸਥਾ ਦਾ ਸਖ਼ਤ ਵਿਰੋਧ ਕੀਤਾ ਤੇ ਔਰਤਾਂ ਦੀ ਸਿੱਖਿਆ ਨੂੰ ਅੱਗੇ ਵਧਾਇਆ ਅਤੇ ਮਨੁੱਖਤਾ ਨੂੰ ਏਕਤਾ, ਪਿਆਰ ਤੇ ਭਾਈਚਾਰੇ ਦਾ ਪਾਠ ਪੜ੍ਹਾਇਆ, ਇਸ ਲਈ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਸਵਾਮੀ ਜੀ ਦੇ ਬਚਨਾਂ ਨੂੰ ਜਨ-ਜਨ ਤੱਕ ਪਹੁੰਚਾਈਏ ਅਤੇ ਬੱਚਿਆਂ ਵਿੱਚ ਸੇਵਾ, ਸੰਸਕ੍ਰਿਤੀ ਆਦਿ ਦੇ ਗੁਣ ਪੈਦਾ ਕਰਕੇ ਉਨ੍ਹਾਂ ਨੂੰ ਸਮਾਜ ਦੇ ਸੱਭਿਅਕ ਨਾਗਰਿਕ ਬਣਨ ਵਿੱਚ ਮੱਦਦ ਕਰੀਏ।ਇਸ ਤੋਂ ਪਹਿਲਾਂ ਸਵਾਮੀ ਦਯਾਨੰਦ ਸਰਸਵਤੀ ਦੇ 200ਵੇਂ ਜਨਮ ਦਿਵਸ ਮੌਕੇ ਸਕੂਲ ਦੇ ਚੇਅਰਮੈਨ ਸ਼੍ਰੀ ਰਵੀ ਛਾਬੜਾ ਦੇ ਦਿਸ਼ਾ-ਨਿਰਦੇਸ਼ਾਂ ਤੇ ਸਕੂਲ ਦੀ ਪ੍ਰਿੰਸੀਪਲ ਸੰਧਿਆ ਬਠਲਾ ਦੀ ਅਗਵਾਈ ਹੇਠ ਸਕੂਲ ਵਲੋਂ ਵਿਸ਼ਾਲ ਜਨ ਚੇਤਨਾ ਟੂਰ ਕੱਢਿਆ ਗਿਆ। ਸਮਾਗਮ ਦੇ ਅੰਤ ਵਿੱਚ ਸਕੂਲ ਦੀ ਪ੍ਰਿੰਸੀਪਲ ਸੰਧਿਆ ਬਠਲਾ ਨੇ ਸਾਰਿਆਂ ਦਾ ਧੰਨਵਾਦ ਕੀਤਾ। ਅੰਤ ਵਿੱਚ ਸਕੂਲ ਦੀਆਂ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਭਜਨ ਪੇਸ਼ ਕੀਤੇ ਗਏ। ਇਸ ਮੌਕੇ ਸ਼ਹਿਰ ਦੀਆਂ ਨਾਮਵਰ ਸ਼ਖ਼ਸੀਅਤਾਂ, ਸਕੂਲ ਦੇ ਸਾਬਕਾ ਵਿਦਿਆਰਥੀ, ਮਾਪੇ, ਬੱਚੇ ਤੇ ਅਧਿਆਪਕ ਹਾਜ਼ਰ ਸਨ।

# ਮਹਾਂਸ਼ਿਵਰਾਤਰੀ ਦੇ ਤਿਉਹਾਰ 'ਤੇ ਕੱਢੀ ਵਿਸ਼ਾਲ ਸ਼ੋਭਾ ਯਾਤਰਾ



**ਸਮਰਾਲਾ (ਸੁਰਜੀਤ ਸਿੰਘ)**

ਮਹਾਸ਼ਿਵਰਾਤਰੀ ਦੇ ਸ਼ੁਭ ਮੌਕੇ 'ਤੇ ਸ੍ਰੀ ਨੀਲਕੰਠ ਮਹਾਦੇਵ ਸੇਵਾ ਸਮਿਤੀ ਵੱਲੋਂ 23ਵੀਂ ਵਿਸ਼ਾਲ ਸ਼ੋਭਾ ਯਾਤਰਾ ਬੜੀ ਧੂਮਧਾਮ ਨਾਲ ਕੱਢੀ ਗਈ। ਇਸ ਦੌਰਾਨ ਪੂਰਾ ਸ਼ਹਿਰ ਭਗਵਾਨ ਭੋਲੇਨਾਥ ਦੀ ਭਗਤੀ 'ਚ ਲੀਨ ਹੋ ਗਿਆ। ਇੰਝ ਲੱਗ ਰਿਹਾ ਸੀ ਜਿਵੇਂ ਭਗਵਾਨ ਭੋਲੇਨਾਥ ਆਪ ਕੈਲਾਸ਼ ਪਰਬਤ 'ਚੋਂ ਉਤਰ ਕੇ ਸਮਰਾਲਾ 'ਚ ਵਸੇ ਹੋਣ।

ਇਸ ਮੌਕੇ ਪੂਰੇ ਸਹਿਰ ਨੂੰ ਰੰਗ-ਬਿਰੰਗੀਆਂ ਲਾਈਟਾਂ ਨਾਲ ਸਜਾਇਆ ਗਿਆ। ਸੀਸਹਾਰਨਪੁਰ ਤੋਂ ਆਏ ਕਾਰੀਗਰਾਂ ਵੱਲੋਂ ਸ਼ਹਿਰ ਨੂੰ ਬਹੁਤ ਹੀ ਖੂਬਸੂਰਤੀ ਨਾਲ ਸਜਾਇਆ ਗਿਆ ਸੀ, ਜਿਸ ਨੇ ਵੀ ਦੇਖਿਆ ਉਹ ਤਾਰੀਫ਼ ਕਰਦਿਆਂ ਨਹੀਂ ਥੱਕਿਆ।

ਸ਼ੋਭਾ ਯਾਤਰਾ ਵਿੱਚ ਇਲਾਕੇ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਅਤੇ ਸਮਾਜਿਕ ਜਥੇਬੰਦੀਆਂ ਸ਼ਾਮਲ ਹੋਈਆਂ।ਜਿਸ ਵਿੱਚ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ, ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ, ਅਕਾਲੀ ਦਲ ਦੇ ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ, ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਨਗਰ ਕੌਂਸਲ ਦੇ ਪ੍ਰਧਾਨ ਕਰਨਵੀਰ ਸਿੰਘ ਢਿੱਲੋਂ, ਬਹੁਜਨ ਸਮਾਜ ਪਾਰਟੀ ਦੇ ਐਡਵੋਕੇਟ ਸ਼ਿਵ ਕੁਮਾਰ ਕਲਿਆਣ, ਲਾਲਾ ਮੰਗਤ ਰਾਏ ਸਾਬਕਾ ਪ੍ਰਧਾਨ ਨਗਰ ਕੌਂਸਲ ਸਮਰਾਲਾ, ਸ਼ੰਟੀ ਬੇਦੀ, ਕੌਂਸਲਰ ਡਾ. ਸਿਕੰਦਰ ਸਿੰਘ, ਐਡਵੋਕੇਟ ਜਸਪ੍ਰੀਤ ਕਲਾਲ ਮਾਜਰਾ, ਸ਼ਿਵ ਸੈਨਾ ਬਾਲ ਠਾਕਰੇ ਦੇ ਰਮਨ ਵਡੇਰਾ, ਨੀਲ ਕਮਲ ਸ਼ਰਮਾ, ਜੈ ਵਰਮਾ ਪ੍ਰਧਾਨ ਕ੍ਰਮਚਾਰੀ ਯੂਨੀਅਨ ਲੁਧਿਆਣਾ, ਤਰਸੇਮ ਪਾਲ ਸ਼ਰਮਾ (ਜਰਮਨੀ), ਹਰਪਾਲ ਸਿੰਘ ਕਲਸੀ ਵਿਸ਼ਵਕਰਮਾ ਫਰਨੀਚਰ, ਕਪੀਸ ਕੌਸ਼ਲ, ਅਰਜੁਨ ਵਰਮਾ, ਹਰਸ਼ ਖੁੱਲਰ, ਲਵਲੇਸ਼ ਖੁੱਲਰ, ਪ੍ਰਸ਼ਾਂਤ ਸ਼ਰਮਾ ਆਦਿ ਤੋਂ ਇਲਾਵਾ ਸ਼ਹਿਰ ਵਾਸੀ ਤੇ ਆਸ-ਪਾਸ ਦੇ ਪਿੰਡਾਂ ਦੇ ਨਿਵਾਸੀ ਵੀ ਸ਼ੋਭਾ ਯਾਤਰਾ ਵਿੱਚ ਨਾਲ ਚੱਲ ਰਹੇ ਸਨ।

ਸ਼ੋਭਾ ਯਾਤਰਾ ਵਿੱਚ ਭੋਲੇਨਾਥ ਜੀ ਦੀ ਯਾਤਰਾ ਦੇ ਸਵਾਗਤ ਲਈ ਸ਼ਹਿਰ ਵਾਸੀਆਂ ਵੱਲੋਂ ਫੁੱਲਾਂ ਦੀ ਵਰਖਾ ਕੀਤੀ ਗਈ ਤੇ ਵੱਖ-ਵੱਖ ਕਿਸਮਾਂ ਦੇ ਸੈਂਕੜੇ ਭੰਡਾਰੇ ਲਾਏ ਗਏ, ਜਿਸ ਵਿੱਚ ਬਰੈੱਡ ਪਕੌੜੇ, ਖੀਰ, ਸਮੋਸੇ, ਕੁਲਫ਼ੀ, ਫਾਸਟ ਫੂਡ, ਫਲ, ਡਰਾਈ ਫਰੂਟ ਤੇ ਹੋਰ ਕਈ ਕਿਸਮਾਂ ਦੇ ਲੰਗਰ ਲਾਏ ਗਏ।

# ਆਲ ਇੰਡੀਆ ਅੰਤਰ ਯੂਨੀਵਰਸਿਟੀ ਖੋ-ਖੋ (ਮਹਿਲਾ) ਮੁਕਾਬਲੇ ਰਹੇ ਜ਼ਬਰਦਸਤ



ਆਲ ਇੰਡੀਆ ਅੰਤਰ-ਯੂਨੀਵਰਸਿਟੀ ਖੋ-ਖੋ (ਮਹਿਲਾ) ਦੂਜੇ ਦਿਨ ਦੀ ਜੇਤੂ ਟੀਮ ਨਾਲ ਮਹਿਮਾਨ ਤੇ ਪ੍ਰਬੰਧਕ।

**ਮੂਨਕ (ਰਾਜਪਾਲ ਸਿੰਗਲਾ)**

ਆਲ ਇੰਡਿਆ ਅੰਤਰ-ਯੂਨੀਵਰਸਿਟੀ ਖੋ-ਖੋ (ਮਹਿਲਾ) ਮੁਕਾਬਲਿਆਂ ਦੀ ਮੇਜ਼ਬਾਨੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਯੂਨੀਵਰਸਿਟੀ ਕਾਲਜ, ਮੂਨਕ (ਸੰਗਰੂਰ) ਵਿਖੇ ਕੀਤੀ ਜਾ ਰਹੀ ਹੈ।

ਮੁਕਾਬਲਿਆਂ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸੀ ਆਰ ਐਸ ਯੂਨੀਵਰਸਿਟੀ, ਜੀਂਦ, ਯੂਨੀਵਰਸਿਟੀ ਆਫ ਮੈਸੂਰ, ਸ਼ਵਤਰੀ ਬਾਈ ਫੂਲੇ ਯੂਨੀਵਰਸਿਟੀ, ਪੂਨੇ, ਫਕਰ ਮੋਹਨ ਯੂਨੀਵਰਸਿਟੀ, ਉੜੀਸਾ, ਡਾ. ਬੀ.ਏ. ਐਮ. ਯੂਨੀਵਰਸਿਟੀ, ਔਰੰਗਾਬਾਦ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਐਮ.ਡੀ. ਯੂਨੀਵਰਸਿਟੀ, ਰੋਹਤਕ, ਯੂਨੀਵਰਸਿਟੀ ਆਫ਼ ਕਾਲੀਕਟ ਦੀਆਂ ਟੀਮਾਂ ਜੇਤੂ ਰਹੀਆਂ।

ਕਾਲਜ ਪ੍ਰਿੰਸੀਪਲ/ਇੰਚਾਰਜ ਡਾ. ਗੁਰਪ੍ਰੀਤ ਸਿੰਘ (ਹਰੀਕਾ) ਨੇ ਆਏ ਹੋਏ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਿਆ ਤੇ ਕਿਹਾ ਆਲ ਇੰਡੀਆ ਅੰਤਰ-ਯੂਨੀਵਰਸਿਟੀ ਖੋ-ਖੋ (ਮਹਿਲਾ) ਮੁਕਾਬਲਿਆਂ ਦੀ ਮੇਜ਼ਬਾਨੀ ਕਰਨਾ ਸਾਡੇ ਲਈ ਮਾਣ ਦੀ ਗੱਲ ਹੈ।

ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਡਾ. ਅਜੈਬ ਸਿੰਘ (ਸਾਬਕਾ ਮੈਂਬਰ ਪੀ.ਪੀ.ਐਸ.ਸੀ. ਸਾਬਕਾ ਘੱਟ ਗਿਣਤੀ ਕਮਿਸ਼ਨ) ਨੇ ਸਾਰੀਆਂ ਟੀਮਾਂ ਦੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ।

ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼੍ਰੀ ਬਿਮਲ ਜੈਨ ਤੇ ਸ਼੍ਰੀ ਦਨੇਸਰ ਜੈਨ ਜੀ ਪਹੁੰਚੇ। ਡਾ. ਗੁਰਦੀਪ ਕੌਰ ਰੰਧਾਵਾ (ਡਿਪਟੀ ਡਾਇਰੈਕਟੋਰੇਟ ਆਫ਼ ਸਪੋਰਟਸ ਪੰਜਾਬੀ ਯੂਨੀਵਰਸਿਟੀ) ਤੇ ਸ਼੍ਰੀਮਤੀ ਮਹਿੰਦਰਪਾਲ ਕੌਰ (ਅਸਿਸਟੈਂਟ ਡਾਇਰੈਕਟੋਰੇਟ ਆਫ਼ ਸਪੋਰਟਸ) ਨੇ ਸਮੁੱਚੇ ਪ੍ਰਬੰਧਾਂ ਦਾ ਨਿਰਖਣ ਕੀਤਾ ਤੇ ਆਏ ਮਹਿਮਾਨਾਂ, ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਡਾ. ਰਜਿੰਦਰ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਫੁੱਲਾਂ ਦੇ ਗੁਲਦਸਤੇ ਦੇ ਕੇ ਸਵਾਗਤ ਕੀਤਾ। ਮੰਚ ਸੰਚਾਲਨ ਡਾ. ਬਲਦੇਵ ਸਿੰਘ ਨੇ ਕੀਤਾ। ਮੁਕਾਬਲਿਆਂ ਵਿੱਚ ਤਕਨੀਕੀ ਪ੍ਰਬੰਧ ਡਾ. ਸੰਜੀਵ ਦੱਤਾ, ਡਾ. ਰਾਜਵਿੰਦਰ ਸਿੰਘ, ਡਾ. ਬਲਵਿੰਦਰ ਕੁਮਾਰ, ਪ੍ਰੋ. ਗੁਰਜੰਟ ਸਿੰਘ ਤੇ ਆਫੀਸ਼ੀਅਲਜ ਨੇ ਕੀਤਾ।

ਇਸ ਪ੍ਰੋਗਰਾਮ ਵਿੱਚ ਪ੍ਰਸਿੱਧ ਕਬੱਡੀ ਖਿਡਾਰੀ ਸ੍ਰੀ ਗੁਲਜ਼ਾਰੀ ਮੂਨਕ ਵਿਸ਼ੇਸ਼ ਤੌਰ 'ਤੇ ਪਹੁੰਚੇ। ਪ੍ਰੋਗਰਾਮ ਦੇ ਸਮੁੱਚੇ ਪ੍ਰਬੰਧ ਵਿੱਚ ਸ੍ਰੀ ਰਾਜੀਵ ਜੈਨ (ਐਮ.ਡੀ. ਜਿੰਕ ਫੈਕਟਰੀ) ਤੇ ਸ਼੍ਰੀ ਸੰਦੀਪ ਸੋਨੂੰ ਨੇ ਵਿਸ਼ੇਸ਼ ਯੋਗਦਾਨ ਦੇ ਰਹੇ ਹਨ। ਸਮਾਗਮ 'ਚ ਕਾਲਜ ਦੇ ਸਮੂਹ ਸਟਾਫ਼ ਤੇ ਕਾਲਜ ਦੇ ਵਿਦਿਆਰਥੀ ਪ੍ਰੋਗਰਾਮ ਵਿੱਚ ਵਿਸ਼ੇਸ਼ ਸਰਗਰਮੀ ਨਾਲ ਕਾਰਜ ਕਰ ਰਹੇ ਹਨ।

## ਵਿਜੀਲੈਂਸ ਵੱਲੋਂ 4 ਲੱਖ ਦੀ ਰਿਸ਼ਵਤ ਲੈਂਦਾ ਵਿਅਕਤੀ ਗ੍ਰਿਫਤਾਰ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਇਥੇ ਇੱਕ ਪ੍ਰਾਈਵੇਟ ਵਿਅਕਤੀ ਰਸ਼ਿਮ ਗਰਗ ਵਾਸੀ ਸਮਾਣਾ ਜ਼ਿਲ੍ਹਾ ਪਟਿਆਲਾ ਨੂੰ 4 ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਹੈ, ਜੋ ਆਪਣੇ ਆਪ ਨੂੰ ਆਮ ਆਦਮੀ ਪਾਰਟੀ ਦੇ ਵਿਧਾਇਕ ਦਾ ਨੇੜਲਾ ਸਾਥੀ ਦੱਸਦਾ ਹੈ। ਇੱਥੇ ਇਹ ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਨੂੰ ਪਿੰਡ ਘੁੱਦਾ, ਬਲਾਕ ਸੰਗਤ, ਜ਼ਿਲ੍ਹਾ ਬਠਿੰਡਾ ਦੀ ਸਰਪੰਚ ਸੀਮਾ ਰਾਣੀ ਦੇ ਪਤੀ ਪ੍ਰਿਤਪਾਲ ਕੁਮਾਰ ਵੱਲੋਂ ਕੀਤੀ ਸ਼ਿਕਾਇਤ ਦੇ ਅਧਾਰ ਉੱਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾ ਦੱਸਿਆ ਕਿ ਉਕਤ ਸਰਪੰਚ ਤੇ ਉਸ ਦੇ ਪਤੀ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਇਲਜ਼ਾਮ ਲਾਇਆ ਕਿ ਗ੍ਰਾਮ ਪੰਚਾਇਤ ਘੁੱਦਾ ਨੂੰ 15ਵੇਂ ਵਿੱਤ ਕਮਿਸ਼ਨ ਤਹਿਤ ਬਲਾਕ ਸੰਮਤੀ ਰਾਹੀਂ ਪ੍ਰਾਪਤ 25 ਲੱਖ ਰੁਪਏ ਦੀ ਸਰਕਾਰੀ ਗ੍ਰਾਂਟ ਨੂੰ ਬੀਡੀਪੀਓ ਤੋਂ ਰਿਲੀਜ਼ ਕਰਾਉਣ ਬਦਲੇ ਉਕਤ ਮੁਲਜ਼ਮ ਉਸ ਕੋਲੋਂ 5 ਲੱਖ ਰੁਪਏ ਦੀ ਰਿਸ਼ਵਤ ਦੀ ਮੰਗ ਕਰ ਰਿਹਾ ਹੈ, ਪਰ ਉਹ ਇਸ ਕੰਮ ਲਈ ਰਿਸ਼ਵਤ ਨਹੀਂ ਸੀ ਦੇਣਾ ਚਾਹੁੰਦੀ, ਪਰ ਉਹ ਮਜਬੂਰਨ ਉਸ ਕੋਲੋਂ ਪਹਿਲੀ ਕਿਸ਼ਤ ਵਜੋਂ 50,000 ਰੁਪਏ ਲੈ ਚੁੱਕਾ ਹੈ ਤੇ ਬਾਕੀ ਰਹਿੰਦੀ ਰਿਸ਼ਵਤ ਦੀ ਰਕਮ ਲੈਣ ਲਈ ਵਾਰ ਵਾਰ ਮੰਗ ਕਰ ਰਿਹਾ ਹੈ।

ਉਕਤ ਸ਼ਿਕਾਇਤ ਦੀ ਮੁੱਢਲੀ ਪੜਤਾਲ ਉਪਰੰਤ ਵਿਜੀਲੈਂਸ ਬਿਊਰੋ ਨੇ ਜਾਲ ਵਿਛਾਇਆ ਤੇ ਉਕਤ ਮੁਲਜ਼ਮ ਨੂੰ ਸ਼ਿਕਾਇਤਕਰਤਾ ਕੋਲੋਂ ਦੂਜੀ ਕਿਸ਼ਤ ਵਜੋਂ 4 ਲੱਖ ਰੁਪਏ ਰਿਸ਼ਵਤ ਦੀ ਰਕਮ ਹਾਸਲ ਕਰਦਿਆਂ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧੀ ਉਕਤ ਮੁਲਜ਼ਮ ਖਿਲਾਫ ਵਿਜੀਲੈਂਸ ਬਿਊਰੋ ਦੇ ਥਾਣਾ ਬਠਿੰਡਾ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

# ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਅਫਸਰਾਂ/ਕਰਮਚਾਰੀਆਂ ਖਿਲਾਫ ਪ੍ਰਦਰਸ਼ਨ ਦਾ ਐਲਾਨ

**■ ਪੰਚਾਇਤਾਂ ਨੂੰ ਪਹਿਲਾਂ ਹੈਂਡਓਵਰ ਕੀਤੇ ਜਲ ਘਰ ਜ਼ਿਆਦਾਤਰ ਬੰਦ ਹੋਣ ਕਾਰਨ ਬਣੇ ਚਿੱਟਾ ਹਾਥੀ**



ਅਹੁਦੇਦਾਰ ਤੇ ਵਰਕਰ ਵਿਭਾਗ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਨਾਅਰੇਬਾਜ਼ੀ ਕਰਦੇ ਹੋਏ।

**ਜਲਾਲਾਬਾਦ (ਜੀਤ ਕੁਮਾਰ)**-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਬ੍ਰਾਂਚ ਜਲਾਲਾਬਾਦ ਦੀ ਮੀਟਿੰਗ ਸਥਾਨਕ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਬ੍ਰਾਂਚ ਪ੍ਰਧਾਨ ਗੁਰਮੀਤ ਸਿੰਘ ਆਲਮਕੇ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ 'ਚ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਵਿਸ਼ੇਸ਼ ਤੌਰ 'ਤੇ ਪੁੱਜੇ, ਜਦੋਂਕਿ ਜ਼ਿਲ੍ਹਾ ਮੀਤ ਪ੍ਰਧਾਨ ਬਲਵਿੰਦਰ ਸਿੰਘ ਨੂਰ ਸਮੰਦ, ਖਜ਼ਾਨਚੀ ਕੁੰਦਨ ਸਿੰਘ, ਬਲਾਕ ਦੇ ਜਨਰਲ ਸਕੱਤਰ ਸਤਪਾਲ ਸਿੰਘ ਕੋਟੂਵਾਲਾ ਸਮੇਤ ਵੱਡੀ ਗਿਣਤੀ 'ਚ ਵਰਕਰਾਂ ਨੇ ਸ਼ਿਰਕਤ ਕੀਤੀ ਅਤੇ ਇਥੇ ਲੋਕਲ ਪੱਧਰ 'ਤੇ ਵਰਕਰਾਂ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਇਹ ਵੀ ਫੈਸਲਾ ਕੀਤਾ ਗਿਆ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਪੇਂਡੂ ਜਲ ਸਪਲਾਈ ਸਕੀਮਾਂ ਦਾ ਪੰਚਾਇਤੀਕਰਨ/ਨਿੱਜੀਕਰਨ ਲਈ ਨੀਤੀਆਂ ਲਾਗੂ ਕਰਨ ਦੇ ਵਿਰੋਧ ਵਿੱਚ ਸੰਘਰਸ਼ ਸ਼ੁਰੂ ਕੀਤਾ ਜਾਵੇਗਾ ਤੇ ਜਦੋਂ ਵੀ ਕਿਸੇ ਵੀ ਪਿੰਡ 'ਚ ਵਿਭਾਗ ਦੇ ਅਫਸਰ, ਕਰਮਚਾਰੀ, ਵਲਡ ਬੈਂਕ ਦੇ ਨੁਮਾਇੰਦੇ, ਜੋਕਿ ਪੰਚਾਇਤੀਕਰਨ/ਨਿੱਜੀਕਰਨ ਲਈ ਨੀਤੀਆਂ ਲਾਗੂ ਕਰਨ ਲਈ ਆਉਣਗੇ, ਉਥੇ ਯੂਨੀਅਨ ਵੱਲੋਂ ਕਾਲੀ ਝੰਡੀਆਂ ਨਾਲ ਵਿਰੋਧ ਪ੍ਰਦਰਸ਼ਨ ਕੀਤਾ ਜਾਵੇਗਾ।

ਇਸ ਮੌਕੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਕਿਹਾ ਕਿ ਲੋਕ ਹਰ ਵਸਤੂ 'ਤੇ ਸਰਕਾਰ ਨੂੰ ਟੈਕਸ ਦਿੰਦੇ ਹਨ, ਜਿਸ ਦੇ ਬਦਲੇ ਸਰਕਾਰ ਵੱਲੋਂ ਲੋਕਾਂ ਨੂੰ ਸਿਹਤ, ਬਿਜਲੀ, ਪਾਣੀ ਸੜਕਾਂ, ਸਿੱਖਿਆ ਆਦਿ ਬੁਨਿਆਦੀ ਸਹੂਲਤਾਂ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਬਣਦੀ ਹੈ, ਪਰ ਹੁਣ ਸਰਕਾਰ, ਲੋਕਾਂ ਦੇ ਪੀਣ ਵਾਲੇ ਪਾਣੀ ਦੀ ਅਤਿ ਲੋੜਵੰਦ ਬੁਨਿਆਦੀ ਸਹੂਲਤ ਦਾ ਖੁਦ ਪ੍ਰਬੰਧ ਕਰਨ ਦੀ ਬਜਾਏ ਪੰਚਾਇਤੀਕਰਨ ਦੇ ਨਾਂਅ ਹੇਠ ਕੇਂਦਰ ਸਰਕਾਰ ਦੇ ਰਾਹ 'ਤੇ ਚੱਲ ਕੇ ਨਿੱਜੀਕਰਨ ਦੀਆਂ ਨੀਤੀਆਂ ਲਾਗੂ ਕਰ ਰਹੀ ਹੈ, ਜਿਸ ਤਹਿਤ ਹੀ ਸਾਰੇ ਪੰਜਾਬ 'ਚ ਨਹਿਰੀ ਪਾਣੀ ਸਪਲਾਈ ਦੇ ਲਾਲਚ ਨਾਲ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਬਲਾਕ ਪੱਧਰੀ ਵੱਡੇ-ਵੱਡੇ ਮੈਗਾ ਪ੍ਰੋਜੈਕਟ ਲਗਾਉਣ ਲਈ ਨਿੱਜੀ ਕੰਪਨੀਆਂ ਨਾਲ ਸਮਝੌਤਾ ਕੀਤਾ ਗਿਆ ਹੈ। ਇਹ ਪ੍ਰੋਜੈਕਟ ਮੁਕੰਮਲ ਹੋਣ ਤੋਂ ਬਾਅਦ ਪਾਣੀ ਸਪਲਾਈ ਦੀ ਜ਼ਿੰਮੇਵਾਰੀ ਪ੍ਰਾਈਵੇਟ ਕੰਪਨੀਆਂ ਦੇ ਹਵਾਲੇ ਕਰ ਦਿੱਤੀ ਜਾਵੇਗੀ, ਜਿਸ ਨਾਲ ਜਿੱਥੇ ਇਕ ਪਾਸੇ ਲੋਕਾਂ ਨੂੰ ਪਾਣੀ ਮਹਿੰਗੇ ਭਾਅ 'ਤੇ ਮਿਲੇਗਾ, ਉਥੇ ਹੀ ਵਿਭਾਗ 'ਚ ਸਾਲਾਂਬੱਧੀ ਅਰਸੇ ਤੋਂ ਸੇਵਾਵਾਂ ਦੇ ਰਹੇ ਹਜ਼ਾਰਾਂ ਦੀ ਗਿਣਤੀ 'ਚ ਠੇਕਾ ਅਧਾਰਤ ਮੁਲਾਜ਼ਮਾਂ ਦਾ ਕੱਚਾ-ਪਿੱਲਾ ਰੁਜ਼ਗਾਰ ਖੋਹ ਕੇ ਬੇਰੁਜ਼ਗਾਰ ਕੀਤਾ ਜਾਵੇਗਾ। ਇਸ ਲਈ ਇਸ ਸਰਕਾਰੀ ਵਿਭਾਗ ਦਾ ਨਿੱਜੀਕਰਨ ਹੋਣ ਤੋਂ ਬਚਾਉਣਾ ਸਮੇਂ ਦੀ ਵੱਡੀ ਲੋੜ ਹੈ, ਕਿਉਂਕਿ ਗਰੀਬ ਤੇ ਮੱਧ ਵਰਗ ਦੇ ਲੋਕਾਂ ਨੂੰ ਵੀ ਪਾਣੀ ਸਪਲਾਈ ਮਿਲਦੀ ਹੈ, ਜਿਸ ਲਈ ਸੰਘਰਸ਼ ਕਰ ਰਹੀਆਂ ਜਥੇਬੰਦੀ ਨੂੰ ਆਮ ਲੋਕਾਂ ਦੇ ਸਾਥ ਦੀ ਜ਼ਰੂਰਤ ਹੈ ਤਾਂ ਜੋ ਲੋਕ ਵਿਰੋਧੀ ਨੀਤੀਆਂ ਨੂੰ ਲਾਗੂ ਹੋਣ ਤੋਂ ਮੋੜਾ ਦਿੱਤਾ ਜਾ ਸਕੇ।

ਉਨ੍ਹਾ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਪਿਛਲੇ ਸਮੇਂ ਦੌਰਾਨ ਸਰਕਾਰ ਦੇ ਆਦੇਸ਼ਾਂ ਤਹਿਤ ਵਿਭਾਗ ਵੱਲੋਂ ਪੰਚਾਇਤਾਂ ਨੂੰ ਹੈਂਡਓਵਰ ਕੀਤੀਆਂ ਪੇਂਡੂ ਜਲ ਸਪਲਾਈ ਸਕੀਮਾਂ ਵਿੱਚੋਂ ਜ਼ਿਆਦਾਤਰ ਬੰਦ ਹੋਣ ਕਾਰਨ ਚਿੱਟਾ ਹਾਥੀ ਸਾਬਿਤ ਹੋ ਰਹੀਆਂ ਹਨ, ਜਿਸ ਦਾ ਮੁੱਖ ਕਾਰਨ ਇਹ ਹੈ ਕਿ ਪੰਚਾਇਤਾਂ ਕੋਲ ਵਾਟਰ ਸਪਲਾਈ ਸਕੀਮ ਨੂੰ ਚਲਾਉਣ ਲਈ ਨਾਂ ਤਾਂ ਤਕਨੀਕੀ ਤਜਰਬਾ ਹੈ ਤੇ ਨਾ ਹੀ ਅਮਦਨ ਦੇ ਸਾਧਨ ਹਨ। ਇਸ ਦੇ ਚਲਦੇ ਫਾਜ਼ਿਲਕਾ ਜ਼ਿਲ੍ਹੇ ਵਿੱਚ ਵੀ ਕਈ ਪਿੰਡਾਂ 'ਚ ਪੰਚਾਇਤਾਂ ਕੋਲ ਹੈਂਡਓਵਰ ਕੀਤੀਆਂ ਸਕੀਮਾਂ ਬੰਦ ਹੋਣ ਕਾਰਨ ਲੋਕਾਂ ਪੀਣ ਵਾਲੇ ਪਾਣੀ ਲਈ ਤਰਸ ਰਹੇ ਹਨ, ਪਰ ਫਿਰ ਵੀ ਸਰਕਾਰ ਤੇ ਵਿਭਾਗ, ਲੋਕ ਵਿਰੋਧੀ ਨੀਤੀਆਂ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਰਿਹਾ ਹੈ, ਜਿਸ ਨੂੰ ਜਥੇਬੰਦੀ ਕਿਸੇ ਵੀ ਕੀਮਤ 'ਤੇ ਲਾਗੂ ਨਹੀਂ ਹੋਣ ਦੇਵੇਗੀ ਤੇ ਸਖਤ ਵਿਰੋਧ ਕੀਤਾ ਜਾਵੇਗਾ। ਇਸ ਦੌਰਾਨ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਹੋਣ ਦੀ ਜ਼ਿੰਮੇਵਾਰੀ ਵਿਭਾਗੀ ਅਧਿਕਾਰੀਆਂ ਤੇ ਸਰਕਾਰ ਦੀ ਹੋਵੇਗੀ।

ਉਨ੍ਹਾ ਮੰਗ ਕੀਤੀ ਕਿ ਪੇਂਡੂ ਜਲ ਸਪਲਾਈ ਸਕੀਮਾਂ ਦਾ ਪੰਚਾਇਤੀਕਰਨ/ਨਿੱਜੀਕਰਨ ਬੰਦ ਕੀਤਾ ਜਾਵੇ। ਸਾਲਾਂਬੱਧੀ ਅਰਸੇ ਤੋਂ ਸੇਵਾਵਾਂ ਦੇ ਰਹੇ ਇਨਲਿਸਟਮੈਂਟ/ਆਊਟਸੋਰਸ ਕਾਮਿਆਂ ਨੂੰ ਵਿਭਾਗ 'ਚ ਮਰਜ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕੀਤਾ ਜਾਵੇ।

# ਲਾਭ ਸਿੰਘ ਰੋਡੇ ਬੀ ਕੇ ਯੂ ਕ੍ਰਾਂਤੀਕਾਰੀ ਦੇ ਬਣੇ ਜ਼ਿਲ੍ਹਾ ਪ੍ਰਧਾਨ

**■ ਪਰਮਿੰਦਰ ਫੌਜੀ ਬਣੇ ਜ਼ਿਲ੍ਹਾ ਸਕੱਤਰ**

**ਮੋਗਾ (ਅਮਰਜੀਤ ਬੱਬਰੀ)**

ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਆਗੂ ਮਨਜੀਤ ਸਿੰਘ ਸੈਦੋਕੇ ਨੇ ਕਿਹਾ ਕਿ ਮੋਗਾ ਜ਼ਿਲ੍ਹੇ ਦਾ ਇਜਲਾਸ ਪਿੰਡ ਵੈਰੋਕੇ ਵਿਖੇ ਕੀਤਾ ਗਿਆ। ਸਾਰੇ ਬਲਾਕਾਂ ਦੀਆਂ ਪਿੰਡ ਇਕਾਈਆਂ ਵਿੱਚੋਂ ਚੁਣ ਕੇ ਆਏ ਡੈਲੀਗੇਟਾਂ ਤੇ ਦਰਸ਼ਕਾਂ ਨੇ ਸ਼ਮੂਲੀਅਤ ਕੀਤੀ। ਇਜਲਾਸ ਦੀ ਪ੍ਰਧਾਨਗੀ ਸੂਬਾ ਪ੍ਰਧਾਨ ਸੁਰਜੀਤ ਫੂਲ, ਜਨਰਲ ਸਕੱਤਰ ਬਲਦੇਵ ਜੀਰਾ, ਸੂਬਾ ਮੀਤ ਪ੍ਰਧਾਨ ਗੁਰਦੀਪ ਵੈਰੋਕੇ, ਜ਼ਿਲ੍ਹਾ ਪ੍ਰਧਾਨ ਟਹਿਲ ਸਿੰਘ ਝੰਡੇਆਣਾ, ਜਿਲਾ ਕੈਸ਼ੀਅਰ ਲਾਭ ਸਿੰਘ,ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਲਖਵੀਰ ਸਿੰਘ ਲੱਖਾ ਤੇ ਲੋਕ ਸੰਗਰਾਮ ਮੋਰਚਾ ਦੇ ਪ੍ਰਧਾਨ ਤਾਰਾ ਸਿੰਘ ਮੋਗਾ ਨੇ ਕੀਤੀ। ਇਜਲਾਸ ਦੀ ਸ਼ੁਰੂਆਤ ਕਿਸਾਨੀ ਲਹਿਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇ ਕੇ ਕੀਤੀ ਗਈ। ਮੋਗੇ ਜ਼ਿਲ੍ਹੇ ਨਾਲ ਸਬੰਧਤ ਦਿੱਲੀ ਮੋਰਚੇ ਦੇ ਸ਼ਹੀਦਾਂ (ਕਰਨੈਲ ਸਿੰਘ ਵੈਰੋਕੇ, ਗੁਰਦਿਆਲ ਸਿੰਘ ਵੈਰੋਕੇ, ਹਰਜੀਤ ਸਿੰਘ ਨੱਥੂਵਾਲਾ ਤੇ ਜਗਦੇਵ ਸਿੰਘ ਕੋਟਲਾ ਮਿਹਰ ਸਿੰਘ) ਨੂੰ ਵਿਸ਼ੇਸ਼ ਤੌਰ 'ਤੇ ਯਾਦ ਕੀਤਾ।

ਸ਼ਰਧਾਂਜਲੀ ਤੋਂ ਬਾਅਦ ਸੁਰਜੀਤ ਫੂਲ ਨੇ ਉਦਘਾਟਨੀ ਭਾਸ਼ਣ ਦਿੱਤਾ। ਲਖਵੀਰ ਸਿੰਘ ਲੱਖਾ ਤੇ ਤਾਰਾ ਸਿੰਘ ਮੋਗਾ ਨੇ ਭਰਾਤਰੀ ਸੰਦੇਸ਼ ਦਿੱਤਾ। ਜ਼ਿਲ੍ਹਾ ਕਮੇਟੀ ਨੇ ਲਿਖਤੀ ਰਿਪੋਰਟ ਪੇਸ਼ ਕੀਤੀ ਸੀ, ਜੋ ਪਹਿਲਾਂ ਇਕਾਈਆਂ ਵਿੱਚ ਸਰਕੂਲੇਟ ਕਰ ਦਿੱਤੀ ਸੀ। ਟਹਿਲ ਸਿੰਘ ਤੇ ਬਲਦੇਵ ਜੀਰਾ ਨੇ ਜ਼ਿਲ੍ਹਾ ਰਿਪੋਰਟ ਦਾ ਸੰਖੇਪ ਡੈਲੀਗੇਟਾਂ ਅੱਗੇ ਰੱਖਿਆ। ਡੈਲੀਗੇਟਾਂ ਨੇ ਸਵਾਲ ਵੀ ਕੀਤੇ ਕਿ ਕੀ ਕਮੀਆਂ ਪੇਸ਼ੀਆਂ ਹਨ। ਆਗੂਆਂ ਦੇ ਵਿਹਾਰ 'ਤੇ ਵੀ ਸਵਾਲ ਰੱਖੇ। ਵਿਹਾਰ ਨਾਲ ਜੁੜ ਕੇ ਸੂਬਾ ਪ੍ਰਧਾਨ 'ਤੇ ਵੀ ਸਵਾਲ ਕੀਤਾ। ਸੂਬਾ ਪ੍ਰਧਾਨ ਨੇ ਵੀ ਸਵੈ ਪੜਚੋਲ ਕਰਦਿਆਂ ਕਿਹਾ ਕਿ ਅਜਿਹੀ ਮੁੜ ਸ਼ਿਕਾਇਤ ਨਹੀਂ ਆਵੇਗੀ।

ਜ਼ਿਲ੍ਹਾ ਕੈਸ਼ੀਅਰ ਲਾਭ ਸਿੰਘ ਰੋਡੇ ਨੇ ਵਿੱਤੀ ਰਿਪੋਰਟ ਪੇਸ਼ ਕੀਤੀ। ਇਸ ਵਿੱਚ ਦੱਸਿਆ ਕਿ ਜ਼ਿਲ੍ਹਾ ਕਮੇਟੀ ਘਾਟੇ ਵਿੱਚ ਹੈ। ਡੈਲੀਗੇਟਾਂ ਨੇ ਲੇਖਾ-ਜੋਖਾ ਰਿਪੋਰਟ ਸੋਧਾਂ ਵਾਧਿਆਂ ਨਾਲ ਪਾਸ ਕੀਤੀ। ਦੂਜੇ ਸੈਸ਼ਨ ਵਿੱਚ ਸੂਬਾ ਪ੍ਰਧਾਨ ਸੁਰਜੀਤ ਫੂਲ ਨੇ ਸੰਖੇਪ ਵਿੱਚ ਲੇਖਾ ਜੋਖਾ ਰਿਪੋਰਟ, ਦਿੱਲੀ ਅੰਦੋਲਨ ਦਾ ਲੇਖਾ ਜੋਖਾ ਤੇ ਮਨੋਰਥ ਪੱਤਰ ਅਤੇ ਵਿਧਾਨ ਬਾਰੇ ਰੱਖਿਆ। ਜਥੇਬੰਦੀ ਵਿੱਚ ਔਰਤਾਂ ਅਤੇ ਨੌਜਵਾਨਾਂ ਦੀ ਐਂਟਰੀ ਯਕੀਨੀ ਬਣਾਉਣ ਬਾਰੇ ਵਿਧਾਨ ਵਿੱਚ ਵਿਸ਼ੇਸ਼ ਤਬਦੀਲੀਆਂ ਕੀਤੀਆਂ। ਇਸ ਪਿਛੋਂ ਪਾਣੀ ਦੀ ਵੰਡ ਰਿਪੇਰੀਅਨ ਕਨੂੰਨ ਮੁਤਾਬਕ ਹੋਵੇ, ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇਣ, ਭਾਖੜਾ ਬਿਆਸ ਮੈਨੇਜਮੈਂਟ ਵਿੱਚ ਪੰਜਾਬ ਦੇ ਚੀਫ ਇੰਜਨੀਅਰ ਦਾ ਰੁਤਬਾ ਬਹਾਲ ਕਰਨ, ਮੰਤਰੀ ਅਜੇ ਮਿਸਰਾਈਮ ਨੂੰ ਗ੍ਰਿਫ਼ਤਾਰ ਕਰਨ, ਕਿਸਾਨਾਂ ਨੂੰ ਰਿਹਾਅ ਕਰਨ, ਮਜ਼ਦੂਰਾਂ ਦਾ ਕੰਪਨੀਆਂ ਵਾਲਾ ਕਰਜਾ ਮਾਫ਼ ਕਰਨ ਆਦਿ ਮਤੇ ਹੱਥ ਖੜੇ ਕਰਕੇ ਪਾਸ ਕੀਤੇ।



ਅਖੀਰ ਚੋਣ ਕੀਤੀ ਗਈ। ਲਾਭ ਸਿੰਘ ਰੋਡੇ ਜ਼ਿਲ੍ਹਾ ਪ੍ਰਧਾਨ, ਮਨਜੀਤ ਸਿੰਘ ਸੈਦੋਕੇ ਸੀਨੀਅਰ ਮੀਤ ਪ੍ਰਧਾਨ, ਕਿਰਪਾਲ ਸਿੰਘ ਮੀਤ ਪ੍ਰਧਾਨ, ਪਰਮਿੰਦਰ ਫੌਜੀ ਜ਼ਿਲ੍ਹਾ ਸਕੱਤਰ, ਗੁਰਸ਼ਰਨ ਸਿੰਘ ਢੁੱਡੀਕੇ ਪ੍ਰੈਸ ਸਕੱਤਰ, ਤਾਰਾ ਚੰਦ ਪ੍ਰਚਾਰ ਸਕੱਤਰ ਜਸਵਿੰਦਰ ਕੌਰ ਔਰਤ ਵਿੰਗ ਦੀ ਪ੍ਰਧਾਨ, ਹਰਬੰਸ ਸਿੰਘ ਕੈਸ਼ੀਅਰ ਤੇ ਕਰਮਜੀਤ ਕੌਰ, ਕਿਰਨਦੀਪ ਕੌਰ, ਬੱਬੂ ਅਮਰਜੀਤ ਕੌਰ ਦਲਜੀਤ ਸਿੰਘ ਭਾਈ ਕਮੇਟੀ ਮੈਂਬਰ ਚੁਣੇ/ਚੁਣੀਆਂ ਗਈਆਂ। ਪੂਰੀ ਜ਼ਿਲ੍ਹਾ ਟੀਮ ਨੂੰ ਸੂਬਾ ਪ੍ਰਧਾਨ ਨੇ ਸਹੁੰ ਚੁਕਾਈ। ਇਜਲਾਸ ਵਿੱਚ ਗਿਆਨ ਚੰਦ ਮੌੜ ਤੇ ਸੁਰਜੀਤ ਹਰੀਏਵਾਲਾ ਨੇ ਬੀ ਕੇ ਯੂ ਕਰਾਂਤੀਕਾਰੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਨਾਅਰੇ ਲਾ ਕੇ ਇਜਲਾਸ ਸਮਾਪਤ ਕੀਤਾ।

ਮਾਮਲਾ ਪੰਚਾਇਤਾਂ ਦੀ ਫ਼ਿਜ਼ੀਕਲ ਵੈਰੀਫਿਕੇਸ਼ਨ ਦਾ

# ਸਰਪੰਚ ਯੂਨੀਅਨ ਵੱਲੋਂ ਬੀ ਡੀ ਪੀ ਓ ਦਫਤਰ ਅੱਗੇ ਰੋਸ ਧਰਨਾ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੰਜਾਬ ਦੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਸਖਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਪੰਜਾਬ ਵਿੱਚ 2018 ਤੋਂ ਲੈ ਕੇ 2021 ਤੱਕ ਦੀਆਂ ਗ੍ਰਾਮ ਪੰਚਾਇਤਾਂ ਵੱਲੋਂ ਜੋ ਵਿਕਾਸ ਕਾਰਜ ਕਰਵਾਏ ਗਏ ਹਨ, ਉਸ ਦੀ ਫਿਜ਼ੀਕਲ ਵੈਰੀਫਿਕੇਸ਼ਨ ਕਰਨ ਲਈ ਟੀਮਾਂ ਦਾ ਗਠਨ ਕੀਤਾ ਗਿਆ ਹੈ, ਜਿਸ ਨੂੰ ਲੈ ਕੇ ਸਮੁੱਚੀਆਂ ਸੂਬੇ ਦੀਆਂ ਪੰਚਾਇਤਾਂ ਵੱਲੋਂ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ।

ਇਸ ਤਹਿਤ ਨਾਭਾ ਬਲਾਕ ਪੰਚਾਇਤ ਦਫਤਰ ਵਿੱਚ ਸੈਕਟਰੀ ਜ਼ਿਲ੍ਹਾ ਪ੍ਰੀਸ਼ਦ ਮੋਹਾਲੀ ਰਣਜੀਤ ਸਿੰਘ ਆਪਣੀ ਟੀਮ ਸਮੇਤ ਵੱਖ-ਵੱਖ ਪਿੰਡਾਂ ਦੀ ਵੈਰੀਫਿਕੇਸ਼ਨ ਕਰਨ ਪਹੁੰਚੇ ਤਾਂ ਨਾਭੇ ਹਲਕੇ ਦੇ ਸੈਂਕੜੇ ਸਰਪੰਚਾਂ ਵੱਲੋਂ ਨਾਭਾ ਬਲਾਕ ਦੇ ਪ੍ਰਧਾਨ ਬਲਵਿੰਦਰ ਸਿੰਘ ਬਬਲਾ ਤੇ ਹਲਕਾ ਦਿਹਾਤੀ ਦੇ ਪ੍ਰਧਾਨ ਰਘਬੀਰ ਸਿੰਘ ਰੋਡਾ ਦੀ ਅਗਵਾਈ ਹੇਠ ਧਰਨਾ ਲਗਾ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ ਅਤੇ ਚੇਤਾਵਨੀ ਦਿੱਤੀ ਕਿ ਅਸੀਂ ਕਿਸੇ ਕੀਮਤ 'ਤੇ ਵੈਰੀਫਿਕੇਸ਼ਨ ਨਹੀਂ ਕਰਾਵਾਂਗੇ ਅਤੇ ਸੈਕਟਰੀ ਨੂੰ ਬੇਰੰਗ ਹੀ ਵਾਪਸ ਪਰਤਣਾ ਪਿਆ। ਇਸ ਮੌਕੇ ਸਪਤ ਸਵਰਨ ਸਿੰਘ ਰਾਮਗੜ੍ਹ, ਇਸਰ ਸਿੰਘ ਕਕਰਾਲਾ, ਅਜੈਬ ਸਿੰਘ ਰੋਹਟੀ, ਹਰਪਾਲ ਸਿੰਘ ਬਿਨਾਂਹੇੜੀ, ਚਮਕੌਰ ਸਿੰਘ ਗੁਣੀਕੇ, ਭੀਮ ਸਿੰਘ ਬਨੇਰਾ, ਆਇਆ ਸਿੰਘ ਬਨੇਰਾ ਖੁਰਦ, ਬਹਾਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਇਲਾਕੇ ਦੇ ਸਰਪੰਚ ਮੌਜੂਦ ਸਨ।

# ਕਿਸਾਨ ਨੇ ਕਰਜ਼ੇ ਤੋਂ ਤੰਗ ਆ ਕੇ ਕੀਤੀ ਖ਼ੁਦਕੁਸ਼ੀ

**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-



ਕਿਸਾਨੀ ਕਰਜ਼ੇ ਕਾਰਨ ਲਗਾਤਾਰ ਖੁਦਕੁਸ਼ੀਆਂ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਹੁਣ ਤਾਜ਼ਾ ਮਾਮਲਾ ਖੰਨਾ ਦੇ ਨਜ਼ਦੀਕ ਪਿੰਡ ਤੋਂ ਸਾਹਮਣੇ ਆਇਆ ਹੈ, ਜਿੱਥੇ ਕਰਜ਼ੇ ਤੋਂ ਪ੍ਰੇਸ਼ਾਨ ਪਿੰਡ ਗੰਢੂਆਂ ਦੇ ਰਹਿਣ ਵਾਲੇ ਇੱਕ ਕਿਸਾਨ ਨੇ ਰੇਲਗੱਡੀ ਅੱਗੇ ਛਾਲ ਮਾਰ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। ਮ੍ਰਿਤਕ ਦੀ ਪਛਾਣ 36 ਸਾਲਾ ਸਤਜੀਤ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਪਿੰਡ ਗੰਢੂਆਂ ਵਜੋਂ ਹੋਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੇਲਵੇ ਪੁਲਸ ਚੌਕੀ ਖੰਨਾ ਦੇ ਇੰਚਾਰਜ ਕੁਲਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਸਤਜੀਤ ਸਿੰਘ (36) ਵਜੋਂ ਹੋਈ ਹੈ। ਪਿੰਡ ਗੰਢੂਆਂ ਵਾਸੀ ਗੁਰਮੇਲ ਸਿੰਘ, ਮਨਜਿੰਦਰ ਸਿੰਘ ਤੇ ਬਲਵਿੰਦਰ ਸਿੰਘ ਨੇ ਦੱਸਿਆ ਕਿ ਸਤਜੀਤ ਸਿੰਘ ਤਿੰਨ ਭੈਣਾਂ ਦਾ ਇਕਲੌਤਾ ਭਰਾ ਸੀ। ਉਹ ਆਪਣੇ ਪਿੱਛੇ ਬੁੱਢੀ ਮਾਤਾ, ਪਤਨੀ ਤੇ 9 ਸਾਲ ਦਾ ਬੇਟਾ ਛੱਡ ਗਿਆ ਹੈ। ਇਸ ਪਰਿਵਾਰ ਸਿਰ ਬੈਂਕਾਂ ਦਾ ਕਰੀਬ 12 ਲੱਖ ਦਾ ਕਰਜ਼ਾ ਸੀ। ਬਾਕੀ ਆੜ੍ਹਤੀ ਤੇ ਹੋਰ ਕਿਸਮ ਦੇ ਕਰਜ਼ੇ ਵੀ ਸਨ। ਇਸ ਕਾਰਨ ਸਤਜੀਤ ਸਿੰਘ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। ਇਸੇ ਪ੍ਰੇਸ਼ਾਨੀ ਦੇ ਚੱਲਦਿਆਂ ਸਤਜੀਤ ਸਿੰਘ ਨੇ ਰੇਲਗੱਡੀ ਅੱਗੇ ਛਾਲ ਮਾਰ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। ਇਸ ਸਬੰਧੀ ਧਾਰਾ 174 ਤਹਿਤ ਕਾਰਵਾਈ ਕਰਦੇ ਹੋਏ ਰੇਲਵੇ ਪੁਲਸ ਨੇ ਪੋਸਟਮਾਰਟਮ ਤੋਂ ਬਾਅਦ ਲਾਸ਼ ਵਾਰਿਸਾਂ ਨੂੰ ਸੌਂਪ ਦਿੱਤੀ।

# ਦਲਿਤ ਮਜ਼ਦੂਰਾਂ 'ਤੇ ਜਬਰ ਵਿਰੁੱਧ ਧਰਨਾ ਜਾਰੀ

## 20 ਦੇ ਇਕੱਠ 'ਚ ਹੋਵੇਗਾ ਅਗਲੇ ਸੰਘਰਸ਼ ਦਾ ਐਲਾਨ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਦਲਿਤ ਮਜ਼ਦੂਰਾਂ 'ਤੇ ਜਬਰ ਕਰਨ ਵਾਲੇ ਦੋਸ਼ੀਆਂ ਉਪਰ ਐੱਸ ਸੀ/ਐੱਸ ਟੀ ਕਾਨੂੰਨ ਅਧੀਨ ਕੇਸ ਦਰਜ ਕਰਵਾਉਣ ਲਈ ਲਾਏ ਧਰਨੇ ਦੇ ਪੰਜਵੇਂ ਦਿਨ ਵੀ ਮਜ਼ਦੂਰਾਂ ਨੇ ਪੁਲਸ ਪ੍ਰਸ਼ਾਸਨ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਪੁਲਸ ਵੱਲੋਂ ਦਿੱਤੇ ਸਮੇਂ ਅਨੁਸਾਰ ਅੱਜ ਪੰਜਾਬ ਖੇਤ ਮਜ਼ਦੂਰ ਯੂਨੀਅਨ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦਾ ਸਾਂਝਾ ਵਫਦ ਮਜ਼ਦੂਰ ਆਗੂ ਜੋਰਾ ਸਿੰਘ ਨਸਰਾਲੀ ਤੇ ਜਗਸੀਰ ਸਿੰਘ ਝੁੰਬਾ ਦੀ ਅਗਵਾਈ ਵਿੱਚ ਐੱਸ ਐੱਸ ਪੀ ਬਠਿੰਡਾ ਨੂੰ ਮਿਲਿਆ। ਉਨ੍ਹਾਂ ਇਨਕਲਾਬੀ ਗਾਇਕ ਜਗਸੀਰ ਸਿੰਘ ਜੀਦਾ ਦੇ ਖੇਤ ਦਾ ਰਾਹ ਰੋਕਣ ਵਾਲੇ ਵਿਅਕਤੀ ਉੱਤੇ ਐੱਸ ਸੀ/ਐੱਸ ਟੀ ਐਕਟ ਤਹਿਤ ਪਰਚਾ ਦਰਜ ਕਰਨ, ਇੱਕ ਸਾਲ ਤੋਂ ਖਾਲੀ ਰਹੇ ਖੇਤ ਦਾ ਯੋਗ ਹਰਜਾਨਾ ਦਿਵਾਉਣ, ਪਿੰਡ ਜਿਉਂਦ ਦੀ ਦਲਿਤ ਔਰਤ ਨੂੰ ਜਾਤੀ ਸੂਚਕ ਸ਼ਬਦ ਬੋਲਣ ਵਾਲੇ ਪਿੰਡ ਦੇ ਹੀ ਗੁਰਮੇਲ ਸਿੰਘ 'ਤੇ ਬਣੇ ਕੇਸ ਦੀ ਬੰਦ ਪਈ ਇਨਕੁਆਰੀ ਨੂੰ ਜਲਦੀ ਸਿਰੇ ਚੜ੍ਹਾਉਣ, ਪਿੰਡ ਜੀਦੇ ਦੇ ਹੀ ਐੱਸ ਸੀ/ਐੱਸ ਟੀ ਐਕਟ ਅਧੀਨ ਦਰਜ ਕੇਸ ਵਿੱਚ ਅਦਾਲਤ 'ਚ ਲਗਾਤਾਰ ਗੈਰ-ਹਾਜ਼ਰ ਰਹਿਣ ਵਾਲੇ ਰਣਜੀਤ ਸਿੰਘ ਦੀ ਜ਼ਮਾਨਤ ਰੱਦ ਕਰਕੇ ਗ੍ਰਿਫਤਾਰ ਕਰਨ ਤੇ ਕੇਸ ਦਾ ਚਲਾਨ ਪੇਸ਼ ਕਰਨ ਅਤੇ ਕੁੱਟਮਾਰ ਦਾ ਸ਼ਿਕਾਰ ਹੋਏ ਮਜ਼ਦੂਰਾਂ ਨੂੰ ਕਾਨੂੰਨ ਅਨੁਸਾਰ ਮੁਆਵਜ਼ਾ ਦੇਣ ਤੇ ਪਿੰਡ ਜੈ ਸਿੰਘ ਵਾਲਾ ਦੇ ਨਬਾਲਗ ਲੜਕੇ ਦਿਲਸ਼ਾਦ ਅਲੀ ਦੀ ਕੁੱਟਮਾਰ ਕਰਨ ਵਾਲੇ ਟੀਟੂ ਸੈਣੇਵਾਲਾ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਗਈ। ਮੀਟਿੰਗ ਵਿੱਚ ਇੱਕ ਵਾਰ ਫੇਰ ਪੁਲਸ ਪ੍ਰਸ਼ਾਸਨ ਨੇ ਮਸਲਾ ਜਲਦੀ ਹੱਲ ਕਰਨ ਦਾ ਮੁੜ ਭਰੋਸਾ ਦੇ ਕੇ ਸੰਘਰਸ਼ 'ਤੇ ਠੰਡਾ ਪਾਣੀ ਛਿੜਕਣ ਦੀ ਕੋਸ਼ਿਸ਼ ਕੀਤੀ। ਮੀਟਿੰਗ ਦੀ ਸਮਾਪਤੀ ਮਗਰੋਂ ਧਰਨੇ ਵਿੱਚ ਪਹੁੰਚੇ ਮਜ਼ਦੂਰਾਂ ਨੂੰ ਸੰਬੋਧਨ ਕਰਦੇ ਹੋਏ ਮਜ਼ਦੂਰ ਆਗੂ ਜੋਰਾ ਸਿੰਘ ਨਸਰਾਲੀ ਤੇ ਕਿਸਾਨ ਆਗੂ ਜਗਸੀਰ ਸਿੰਘ ਝੁੰਬਾ ਨੇ ਪੁਲਸ ਪ੍ਰਸ਼ਾਸਨ 'ਤੇ ਦੋਸ਼ ਲਾਉਦਿਆਂ ਕਿਹਾ ਕਿ ਉਹ ਅਕਾਲੀ ਸਿਆਸਤਦਾਨਾਂ ਦੇ ਦਬਾਅ ਹੇਠ ਦੋਸ਼ੀਆਂ ਨੂੰ ਹੱਥ ਨਹੀਂ ਪਾ ਰਿਹਾ।

ਉਪਰੋਕਤ ਸਾਰੇ ਮਸਲਿਆਂ 'ਤੇ ਬਣਦੀ ਕਾਰਵਾਈ ਨਾ ਕਰਨਾ ਦੋਸ਼ੀਆਂ ਵੱਲ ਪੁਲਸ ਦੀ ਸਵੱਲੀ ਨਜ਼ਰ ਹੋਣ ਦੀ ਗਵਾਹੀ ਭਰਦੀ ਹੈ। ਸੂਬਾ ਪ੍ਰਧਾਨ ਨੇ ਕਿਹਾ ਕਿ ਜੇਕਰ ਮਸਲੇ ਹੱਲ ਨਾ ਕੀਤੇ ਤਾਂ 20 ਫਰਵਰੀ ਨੂੰ ਮਜ਼ਦੂਰਾਂ ਦਾ ਵੱਡਾ ਇਕੱਠ ਕਰਕੇ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਹੋਰਨਾਂ ਤੋਂ ਇਲਾਵਾ ਧਰਨੇ ਨੂੰ ਮਾਸਟਰ ਸੇਵਕ ਸਿੰਘ ਮਹਿਮਾ ਸਰਜਾ, ਅਸ਼ਵਨੀ ਘੁੱਦਾ, ਸੁਖਜੀਵਨ ਸਿੰਘ ਬਬਲੀ ਮਹਿਮਾ ਭਗਵਾਨਾਂ, ਮਨਦੀਪ ਸਿੰਘ ਤੇ ਜਰਨੈਲ ਸਿੰਘ ਚਨਾਰਥਲ ਨੇ ਵੀ ਸੰਬੋਧਨ ਕੀਤਾ।

## ਕਾਤਰਾਂ

### ਮਲੋਟ-ਮੁਕਤਸਰ ਸੜਕ ਦੀ ਉਸਾਰੀ ਜਲਦ : ਡਾ. ਬਲਜੀਤ ਕੌਰ

**ਮਲੋਟ (ਗੁਰਮੀਤ ਸਿੰਘ ਮੱਕੜ)**-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਦੀ ਭਲਾਈ ਲਈ ਲਗਾਤਾਰ ਯਤਨਸ਼ੀਲ ਹੈ। ਇਸੇ ਲੜੀ ਤਹਿਤ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਅਤੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਦੇ ਯਤਨਾਂ ਸਦਕਾ ਮਲੋਟ-ਮੁਕਤਸਰ ਸੜਕ ਦੀ ਉਸਾਰੀ ਦਾ ਕੰਮ ਜਲਦ ਸ਼ੁਰੂ ਹੋਵੇਗਾ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਰਾਸ਼ਟਰੀ ਮਾਰਗ 354 ਭਾਗ ਮਲੋਟ ਤੋਂ ਸ੍ਰੀ ਮੁਕਤਸਰ ਸਾਹਿਬ ਸੜਕ ਦੀ ਉਸਾਰੀ ਲਈ ਭਾਰਤ ਸਰਕਾਰ ਵੱਲੋਂ ਉਸ ਜਗ੍ਹਾ 'ਤੇ ਆਉਂਦੇ ਦਰੱਖਤਾਂ ਦੀ ਪੁਟਾਈ ਸਬੰਧੀ ਪ੍ਰਵਾਨਗੀ ਮਿਲ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਬਹੁਤ ਜਲਦ ਇਸ ਸੜਕ ਦਾ ਕੰਮ ਸ਼ੁਰੂ ਹੋ ਜਾਵੇਗਾ। ਇਸ ਦੇ ਸਬੰਧ ਵਿੱਚ ਕੇਂਦਰ ਸਰਕਾਰ ਦੇ ਵਣ ਵਿਭਾਗ ਦੀ ਰਿਜ਼ਨਲ ਇੰਪਾਵਰਡ ਕਮੇਟੀ ਵੱਲੋਂ ਸੜਕ ਦੀ ਉਸਾਰੀ ਵਾਲੀ ਜਗ੍ਹਾ 'ਤੇ ਆਉਂਦੇ ਦਰੱਖਤਾਂ ਦੀ ਪੁਟਾਈ ਸਬੰਧੀ ਪ੍ਰਵਾਨਗੀ ਮਿਲ ਗਈ ਹੈ।

### ਅੱਜ ਤੇ ਭਲਕੇ ਬਿਜਲੀ ਬੰਦ ਰਹੇਗੀ

**ਤਪਾ ਮੰਡੀ (ਅਰੁਣ ਗੋਇਲ)**-ਪਾਵਰਕਾਮ ਤਪਾ-1 ਦੇ ਐੱਸ.ਡੀ.ਓ. ਪ੍ਰਸ਼ੋਤਮ ਲਾਲ ਦੱਸਿਆ ਕਿ 18 ਫਰਵਰੀ ਨੂੰ ਜ਼ਰੂਰੀ ਮੁਰੰਮਤ ਕਾਰਨ ਫੀਡਰ ਨੰ: 3 ਦੀ ਬਿਜਲੀ ਸਪਲਾਈ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਬੰਦ ਰਹੇਗੀ, ਜਿਸ ਨਾਲ ਢਿੱਲਵਾਂ ਰੋਡ, ਸਿਵਲ ਹਸਪਤਾਲ, ਸੂਰੀਆ ਸਿਟੀ, ਆਲੀਕੇ ਰੋਡ, ਦਰਾਜ ਰੋਡ, ਅਨੰਦਪੁਰ ਬਸਤੀ ਆਦਿ ਦੇ ਇਲਾਕੇ ਪ੍ਰਭਾਵਿਤ ਰਹਿਣਗੇ। ਇਸੇ ਤਰ੍ਹਾਂ 19 ਫਰਵਰੀ ਨੂੰ 11 ਕੇ ਵੀ ਫ਼ੀਡਰ ਦੀ ਬਿਜਲੀ ਸਪਲਾਈ ਜ਼ਰੂਰੀ ਮੁਰੰਮਤ ਕਾਰਨ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਬੰਦ ਰਹੇਗੀ, ਜਿਸ ਨਾਲ ਬਾਬਾ ਮੱਠ, ਰੌਲਕੀ ਪੱਤੀ, ਖੱਟਰ ਪੱਤੀ, ਘੜੈਲੀ ਰੋਡ, ਰੂਪ ਚੰਦ ਰੋਡ, ਸਦਰ ਬਜ਼ਾਰ, ਬਾਗ ਬਸਤੀ ਆਦਿ ਦੇ ਇਲਾਕੇ ਪ੍ਰਭਾਵਿਤ ਰਹਿਣਗੇ।

### ਵੱਡੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਤ ਧਾਰਮਿਕ ਸਮਾਗਮ ਸ਼ੁਰੂ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਇਤਿਹਾਸਕ ਗੁਰਦੁਆਰਾ ਸਿੱਧਸਰ ਕਾਲਾਮਾਲਾ ਸਾਹਿਬ ਛਾਪਾ ਵਿਖੇ ਵੱਡੇ ਘੱਲੂਘਾਰੇ ਦੇ ਮਹਾਨ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਤਿੰਨ ਰੋਜ਼ਾ ਸਾਲਾਨਾ ਧਾਰਮਿਕ ਸਮਾਗਮ 17, 18 ਤੇ 19 ਫਰਵਰੀ ਨੂੰ ਗੁਰਦੁਆਰਾ ਕਮੇਟੀ ਦੀ ਅਗਵਾਈ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਇਸ ਸਬੰਧੀ ਅੱਜ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਕੀਤੇ ਗਏ, ਜਿਨ੍ਹਾਂ ਦੇ ਭੋਗ 19 ਫਰਵਰੀ ਨੂੰ ਪਾਏ ਜਾਣਗੇ। ਇਸ ਉਪਰੰਤ ਵੱਖ-ਵੱਖ ਰਾਗੀ ਜਥੇ ਕਥਾ, ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

### ਭਗਵਤੀ ਜਾਗਰਣ ਅੱਜ

**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਹਰ ਸਾਲ ਦੀ ਤਰ੍ਹਾਂ ਜੈ ਜਗਨ ਨਾਥ ਕਲੱਬ ਖੰਨਾ ਵੱਲੋਂ ਸ੍ਰੀ ਗੁਰੂ ਹਰਕ੍ਰਿਸ਼ਨ ਨਗਰ ਵਾਰਡ ਨੰ. 26 ਖੰਨਾ ਵਿਖੇ 18 ਫਰਵਰੀ ਨੂੰ 25ਵਾਂ ਵਿਸ਼ਾਲ ਭਗਵਤੀ ਜਾਗਰਣ ਕਰਵਾਇਆ ਜਾ ਰਿਹਾ ਹੈ। ਇਸ ਜਾਗਰਣ ਵਿੱਚ ਲੱਕੀ ਧੀਮਾਨ ਐਂਡ ਪਾਰਟੀ ਵੱਲੋਂ ਮਾਤਾ ਦਾ ਗੁਨਗਾਣ ਕੀਤਾ ਜਾਵੇਗਾ। ਇਸ ਜਾਗਰਣ ਵਿੱਚ ਜੋਤੀ ਪ੍ਰਚੰਡ ਦੀ ਰਸਮ ਰਾਜਿੰਦਰ ਸਿੰਘ ਜੀਤ ਸੀਨੀਅਰ ਅਕਾਲੀ ਆਗੂ ਜ਼ਿਲ੍ਹਾ ਬੀ ਸੀ ਪ੍ਰਧਾਨ ਵੱਲੋਂ ਕੀਤੀ ਜਾਵੇਗੀ। ਇਸ ਮੌਕੇ ਗੌਤਮ ਕੁਮਾਰ, ਪ੍ਰੇਮ ਕੁਮਾਰ, ਰਾਜ ਕੁਮਾਰ, ਰਾਜਿੰਦਰ, ਆਦਿੱਤੀਆ, ਪ੍ਰਮੋਦ, ਅਜੇ ਕੁਮਾਰ, ਸੁਧੀਰ ਕੁਮਾਰ ਹਾਜ਼ਰ ਸਨ।

### ਮਾਘ ਮਹੀਨੇ ਦਾਨ ਪੁੰਨ ਦਾ ਵਿਸ਼ੇਸ਼ ਮਹੱਤਵ : ਅਨਿਲ ਸ਼ਰਮਾ

**ਤਪਾ ਮੰਡੀ (ਅਰੁਣ ਗੋਇਲ)**-ਪ੍ਰਾਚੀਨ ਸਰਾਂ ਮੰਦਿਰ ਤਪਾ 'ਚ ਚੱਲ ਰਹੀ ਸ੍ਰੀ ਆਖੰਡ ਰਮਾਇਣ ਪਾਠਾਂ ਦੀ ਲੜੀ ਤਹਿਤ ਅਗਰਵਾਲ ਸਭਾ ਦੇ ਪ੍ਰਧਾਨ ਮਦਨ ਲਾਲ ਗਰਗ ਦੇ ਪਰਿਵਾਰ ਵੱਲੋਂ ਪੂਜਾ ਅਰਚਨਾ ਕਰਵਾਈ ਗਈ, ਜਿਸ ਵਿੱਚ ਸ਼ਾਸਤਰੀ ਪ੍ਰਲਾਦਿ ਸ਼ਰਮਾ ਤੇ ਸ਼ਾਸਤਰੀ ਅਨਿਲ ਸ਼ਰਮਾ ਨੇ ਪ੍ਰਵਚਨ ਕਰਦਿਆਂ ਦੱਸਿਆ ਕਿ ਧਾਰਮਿਕ ਰੂਪ ਵਿੱਚ ਮਾਘ ਮਹੀਨਾ ਬੇਹੱਦ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਸ ਮਹੀਨੇ ਦਾਨ-ਪੁੰਨ, ਇਸ਼ਨਾਨ, ਧਿਆਨ, ਦਾਨ ਪੁੰਨ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਸ਼ਾਸਤਰਾਂ ਵਿੱਚ ਇਸ ਮਹੀਨੇ ਦੇ ਨਿਯਮ ਦੱਸੇ ਗਏ ਹਨ ਤੇ ਦੇਵੀ-ਦੇਵਤਾ ਖੁਸ਼ ਹੁੰਦੇ ਹਨ ਅਤੇ ਅਪਨੀ ਕ੍ਰਿਪਾ ਵਰਸਾਉਂਦੇ ਹਨ ਅਤੇ ਜਿਹੜਾ ਵਿਅਕਤੀ ਮਾਘ ਮਹੀਨੇ 'ਚ ਪੂਜਾ ਪਾਠ ਕਰਦਾ ਹੈ, ਉਸ ਦੇ ਘਰ ਵਿੱਚ ਸੁੱਖ-ਸ਼ਾਂਤੀ ਤੇ ਖੁਸ਼ਹਾਲੀ ਬਣੀ ਰਹਿੰਦੀ ਹੈ।

# ਕਮਿਸ਼ਨ ਨਾ ਮਿਲਣ ਕਾਰਨ ਡੀਪੂ ਹੋਲਡਰਾਂ 'ਚ ਰੋਸ, ਦਿੱਤਾ ਮੰਗ ਪੱਤਰ



ਸਰਕਲ ਤਪਾ ਦੇ ਡੀਪੂ ਹੋਲਡਰ ਖੁਰਾਕ ਸਪਲਾਈ ਵਿਭਾਗ ਨੂੰ ਮੰਗ ਪੱਤਰ ਦੀ ਕਾਪੀ ਦੇਣ ਸਮੇਂ।

**ਤਪਾ ਮੰਡੀ (ਅਰੁਣ ਗੋਇਲ)**-ਸਮੂਹ ਡਿੱਪੂ ਹੋਲਡਰ ਯੂਨੀਅਨ ਬਲਾਕ ਤਪਾ ਦੀ ਮੀਟਿੰਗ ਗੀਤਾ ਭਵਨ ਤਪਾ ਵਿਖੇ ਹੋਈ, ਜਿਸ ਵਿੱਚ ਡਿੱਪੂ ਹੋਲਡਰਾਂ ਨੂੰ ਆ ਰਹੀਆਂ ਸਮੱਸਿਆਵਾਂ ਸੰਬੰਧੀ ਵਿਚਾਰ ਵਟਾਂਦਰਾ ਕਰਨ ਉਪਰੰਤ ਮੰਗ ਪੱਤਰ ਖੁਰਾਕ ਸਪਲਾਈ ਵਿਭਾਗ ਜ਼ਿਲ੍ਹਾ ਬਰਨਾਲਾ ਦੇ ਨਾਮ ਲੋਕਲ ਦਫਤਰ ਤਪਾ ਨੂੰ ਦਿੱਤਾ ਗਿਆ। ਡਿੱਪੂ ਹੋਲਡਰ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਧਰਮ ਪਾਲ ਸ਼ਰਮਾ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਭੇਜੀ ਜਾ ਰਹੀ ਮੁਫਤ ਕਣਕ ਦਾ 14 ਮਹੀਨਿਆਂ ਦਾ ਅਜੇ ਤੱਕ ਕਮਿਸ਼ਨ ਨਾ ਮਿਲਣ ਕਾਰਨ ਕਣਕ ਦੀ ਵੰਡ ਨਾ ਕਰਨ ਦਾ ਫੈਸਲਾ ਲਿਆ ਗਿਆ ਸੀ, ਪਰ ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰ ਹਰਪ੍ਰੀਤ ਸਿੰਘ ਵੱਲੋਂ ਇਹ ਮੰਗ ਪੱਤਰ ਦੀ ਕਾਪੀ ਡਾਇਰੈਕਟਰ ਫੂਡ ਸਪਲਾਈਜ਼ ਚੰਡੀਗੜ੍ਹ ਨੂੰ ਭੇਜਣ ਦਾ ਭਰੋਸਾ ਦੇਣ ਉਪਰੰਤ ਫੈਸਲਾ ਹੋਇਆ ਕਿ ਕਣਕ ਦੀ ਵੰਡ ਕੀਤੀ ਜਾਵੇਗੀ। ਖੁਰਾਕ ਸਪਲਾਈ ਵਿਭਾਗ ਦੇ ਇੰਸਪੈਕਟਰ ਤਪਸ ਗੋਇਲ ਤੇ ਇੰਸਪੈਕਟਰ ਭੂਸ਼ਨ ਗੋਇਲ ਨੇ ਦੱਸਿਆ ਕਿ ਸਰਕਾਰ ਵੱਲੋਂ ਸਰਕਲ ਤਪਾ ਲਈ ਥੋੜ੍ਹੀ ਜਿਹੀ ਕਟੌਤੀ ਲਗਾਈ ਗਈ ਹੈ, ਜਿਸ ਦੀ ਪੂਰਤੀ ਵੰਡਣ ਉਪਰੰਤ ਵੀ ਕਰਵਾਉਣ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਮੁੱਖ ਬੁਲਾਰਾ ਪੰਜਾਬ ਬਿੰਦਰ ਉਗੋਕੇ, ਅਮਿਤ ਢੀਂਗਰਾ ਪ੍ਰਧਾਨ ਇਕਾਈ ਤਪਾ, ਸੰਜੀਵ ਮਹਿਤਾ, ਮੱਖਣ ਜਿੰਦਲ, ਹਰਸ਼ ਕੁਮਾਰ ਗਰਗ, ਰਮੇਸ਼ ਕੁਮਾਰ ਪੱਖੋ, ਰੋਹਿਤ ਸਿੰਗਲਾ, ਪ੍ਰਿੰਸ ਢਿੱਲਵਾਂ, ਰਾਮ ਕੁਮਾਰ ਘੁੰਨਸ, ਸ਼ਾਮ ਗਰਗ, ਰਮੇਸ਼ ਕੁਮਾਰ ਆਦਿ ਹਾਜ਼ਰ ਸਨ।

# ਕਾਂਗਰਸ ਵੱਲੋਂ 'ਹੱਥ ਨਾਲ ਹੱਥ ਜੋੜੋ' ਮੁਹਿੰਮ ਦਾ ਆਗਾਜ਼

## ਲੋਕਾਂ ਦਾ ਆਮ ਆਦਮੀ ਪਾਰਟੀ ਤੋਂ ਮੋਹ ਭੰਗ, ਕਾਂਗਰਸ ਕਰੇਗੀ ਵਾਪਸੀ : ਹੈਨਰੀ



**ਲਹਿਰਾਗਾਗਾ (ਸਿੰਗਲਾ)**

ਆਲ ਇੰਡੀਆ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਕੰਨਿਆ ਕੁਮਾਰੀ ਤੋਂ ਕਸ਼ਮੀਰ ਤੱਕ ਦੀ ਕੱਢੀ ਗਈ ਭਾਰਤ ਜੋੜੋ ਯਾਤਰਾ ਨੂੰ ਸਮੁੱਚੇ ਦੇਸ਼ ਵਿੱਚ ਮਿਲੇ ਜਨ ਸਮਰਥਨ ਤੋਂ ਉਤਸ਼ਾਹਤ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਕਾਂਗਰਸ ਨੂੰ ਸੂਬੇ ਅੰਦਰ ਹੋਰ ਮਜ਼ਬੂਤ ਕਰਨ ਲਈ ਸਮੁੱਚੇ ਪੰਜਾਬ ਅੰਦਰ 'ਹੱਥ ਨਾਲ ਹੱਥ ਜੋੜੋ' ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਮੁਹਿੰਮ ਸਬੰਧੀ ਹਲਕੇ ਨਾਲ ਸਬੰਧਤ ਸੂਬਾ ਕਾਂਗਰਸ ਦੇ ਮੈਂਬਰ ਸਨਮੀਕ ਸਿੰਘ ਹੈਨਰੀ ਨੂੰ ਹਲਕਾ ਸੁਨਾਮ ਦਾ ਕੁਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਨਿਯੁਕਤੀ ਉਪਰੰਤ ਹੈਨਰੀ ਨੇ ਸੂਬਾ ਪ੍ਰਧਾਨ ਨਾਲ ਮੁਲਾਕਾਤ ਕਰਦਿਆਂ ਹੱਥ ਨਾਲ ਹੱਥ ਜੋੜੋ ਯਾਤਰਾ 'ਤੇ ਚਰਚਾ ਕੀਤੀ ਅਤੇ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਵਿਸ਼ਵਾਸ ਦਿਵਾਇਆ। ਉਨ੍ਹਾ ਕਿਹਾ ਕਿ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਨੇ ਭਾਜਪਾ ਨੂੰ ਸਕਤੇ ਵਿੱਚ ਪਾ ਦਿੱਤਾ ਅਤੇ 2024 ਵਿੱਚ ਕਾਂਗਰਸ ਦੇ ਕੇਂਦਰ ਦੀ ਸੱਤਾ ਵਿੱਚ ਆਉਣ ਦਾ ਰਾਹ ਸਾਫ ਕਰ ਦਿੱਤਾ, ਹੱਥ ਨਾਲ ਹੱਥ ਜੋੜੋ ਮੁਹਿੰਮ ਦੇ ਤਹਿਤ ਸਮੂਹ ਕਾਂਗਰਸੀ ਆਗੂ ਤੇ ਵਰਕਰ ਘਰ ਘਰ ਜਾ ਕੇ ਹਰ ਵਿਅਕਤੀ ਨਾਲ ਪਹੁੰਚ ਕਰਕੇ ਕਾਂਗਰਸ ਦੀਆਂ ਨੀਤੀਆਂ ਤੋਂ ਜਾਣੂ ਕਰਵਾਉਣਗੇ ਤੇ ਕਾਂਗਰਸ ਨਾਲ ਜੋੜਨ ਦੇ ਨਾਲ ਨਾਲ ਆਮ ਆਦਮੀ ਪਾਰਟੀ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਪਰਦਾਫਾਸ਼ ਕਰਨਗੇ। ਹੈਨਰੀ ਨੇ ਦਾਅਵਾ ਕੀਤਾ ਕਿ ਸਿਰਫ ਇੱਕ ਸਾਲ ਵਿੱਚ ਹੀ ਪੰਜਾਬ ਦੀ ਜਨਤਾ ਦਾ ਆਪ ਸਰਕਾਰ ਤੋਂ ਮੋਹ ਭੰਗ ਹੋ ਚੁੱਕਾ ਹੈ ਤੇ ਸੂਬੇ ਦੇ ਲੋਕ ਆਮ ਆਦਮੀ ਪਾਰਟੀ ਨੂੰ ਸੱਤਾ ਵਿੱਚ ਲਿਆ ਕੇ ਪਛਤਾ ਰਹੇ ਹਨ। ਉਨ੍ਹਾ ਦਾਅਵਾ ਕੀਤਾ ਕਿ ਪੰਜਾਬ ਵਿੱਚੋਂ ਅਕਾਲੀ ਤੇ ਭਾਜਪਾ ਦਾ ਸਿਆਸੀ ਵਜੂਦ ਹੀ ਖਤਮ ਹੁੰਦਾ ਜਾ ਰਿਹਾ। ਇਹ ਪਾਰਟੀਆਂ ਆਪਣੀ ਸਿਆਸੀ ਹੋਂਦ ਬਚਾਉਣ ਲਈ ਲੋਕਾਂ ਨੂੰ ਧਰਮ ਤੇ ਜਾਤ ਦੇ ਨਾਂ 'ਤੇ ਲੜਾ ਰਹੀਆਂ ਹਨ, ਪਰ ਕਾਂਗਰਸ ਇਨ੍ਹਾਂ ਦੀਆਂ ਚਾਲਾਂ ਨੂੰ ਕਾਮਯਾਬ ਨਹੀਂ ਹੋਣ ਦੇਵੇਗੀ। ਇਸ ਮੌਕੇ ਰਣਧੀਰ ਸਿੰਘ ਖਾਈ, ਅੰਮ੍ਰਿਤ ਮਾਨ, ਗੁਰਪ੍ਰੀਤ ਸਿੰਘ, ਗੁਰਜੀਤ ਸਿੰਘ, ਗੁਰਸੇਵਕ ਸਿੰਘ ਰੋੜੇਵਾਲਾ, ਮਨਦੀਪ ਕਾਲੀਆ, ਗੁਰਵਿੰਦਰ ਗੁਰੀ, ਰਤਨ ਸ਼ਰਮਾ, ਬੀਰਬਲ ਸਿੰਘ ਸਰਪੰਚ ਘੋੜੇਨਬ, ਬੂਟਾ ਸਿੰਘ ਭੁਟਾਲ ਖੁਰਦ, ਮੇਜਰ ਸਿੰਘ ਆਲਮਪੁਰ, ਸੁਰਜੀਤ ਸਿੰਘ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਸਕੂਲੀ ਬੱਸ ਨਾਲ ਵਾਪਰੇ ਸੜਕ ਹਾਦਸੇ 'ਚ ਇੱਕ ਦੀ ਮੌਤ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਕਸਬਾ ਮਹਿਲ ਕਲਾਂ ਵਿਖੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਨਜ਼ਦੀਕ ਛੀਨੀਵਾਲ ਰੋਡ 'ਤੇ ਸਕੂਲੀ ਬੱਸ ਦੀ ਲਪੇਟ 'ਚ ਆਉਣ ਨਾਲ ਇੱਕ ਵਿਅਕਤੀ ਦੀ ਮੌਤ ਹੋਣ ਦਾ ਪਤਾ ਲੱਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮਾਨ ਆਟਾ ਚੱਕੀ, ਛੀਨੀਵਾਲ ਕਲਾਂ ਦਾ ਮਾਲਕ ਜਰਨੈਲ ਸਿੰਘ ਮਾਨ (52) ਮੋਟਰਸਾਈਕਲ 'ਤੇ ਸਵਾਰ ਹੋ ਕੇ ਛੀਨੀਵਾਲ ਕਲਾਂ ਤੋਂ ਆਪਣੇ ਕੋਈ ਘਰੇਲੂ ਕੰਮ ਆ ਰਿਹਾ ਸੀ ਕਿ ਅੱਗਿਓਂ ਆ ਰਹੀ ਬੱਸ ਨੇ ਉਸ ਨੂੰ ਆਪਣੀ ਲਪੇਟ 'ਚ ਲੈ ਲਿਆ। ਇਹ ਬੱਸ ਛੁੱਟੀ ਉਪਰੰਤ ਵਿਦਿਆਰਥੀਆਂ ਨੂੰ ਛੱਡਣ ਲਈ ਜਾ ਰਹੀ ਸੀ ਕਿ ਅਗਲੇ ਹਿੱਸੇ ਦਾ ਟਾਈਰਾਈਡ ਟੁੱਟ ਜਾਣ ਕਾਰਨ ਅਚਾਨਕ ਬੇਕਾਬੂ ਹੋ ਗਈ। ਇਸ ਹਾਦਸੇ 'ਚ ਜਰਨੈਲ ਸਿੰਘ ਮਾਨ ਗੰਭੀਰ ਰੂਪ 'ਚ ਜ਼ਖ਼ਮੀਂ ਗਿਆ, ਜਿਸ ਨੂੰ ਬੱਸ ਡਰਾਈਵਰ, ਕਿਸਾਨ ਆਗੂ ਅਜਮੇਰ ਸਿੰਘ ਭੱਠਲ ਤੇ ਸਥਾਨਕ ਲੋਕਾਂ ਵੱਲੋਂ ਸਿਵਲ ਹਸਪਤਾਲ ਮਹਿਲ ਕਲਾਂ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

# 21 ਤੇ 22 ਨੂੰ ਲੱਗੇਗਾ ਫ੍ਰੀ ਮੈਡੀਕਲ ਚੈਕਅੱਪ ਕੈਂਪ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਸਾਬਕਾ ਵਿਦਿਆਰਥੀ ਸੇਵਕ ਜੱਥਾ (ਰਜਿ) ਵੱਲੋਂ ਵਰਲਡ ਕੈਂਸਰ ਕੇਅਰ ਦੇ ਸਹਿਯੋਗ ਨਾਲ 21 ਤੇ 22 ਫ਼ਰਵਰੀ ਨੂੰ ਫ਼ਰੀ ਅੱਖਾਂ ਦਾ ਚੈੱਕਅਪ ਅਪ੍ਰੇਸ਼ਨ, ਖ਼ੂਨਦਾਨ ਕੈਂਪ, ਫ੍ਰੀ ਕੈਂਸਰ ਚੈੱਕਅਪ ਤੇ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਜਾਵੇਗਾ। ਕੈਂਪ ਦੌਰਾਨ ਪ੍ਰਸਿੱਧ ਸਮਾਜ ਸੇਵੀ ਸ਼ਖ਼ਸੀਅਤਾਂ ਕੁਲਵੰਤ ਸਿੰਘ ਧਾਲੀਵਾਲ ਤੇ ਡਾ. ਤੇਜਿੰਦਰ ਕੌਰ (ਯੂ.ਕੇ.) ਵੱਲੋਂ ਸੈਮੀਨਾਰ ਦੌਰਾਨ ਵੱਖ-ਵੱਖ ਬਿਮਾਰੀਆਂ ਬਾਰੇ ਜਾਗਰੂਕ ਵੀ ਕੀਤਾ ਜਾਵੇਗਾ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਿਹਾ ਕਿ ਸਮਾਜ ਭਲਾਈ ਦੇ ਕਾਰਜਾਂ ਲਈ ਮਾਤਾ ਗੁਜਰੀ ਕਾਲਜ ਦਾ ਸਮੂਹ ਸਟਾਫ਼ ਤੇ ਵਿਦਿਆਰਥੀ ਹਮੇਸ਼ਾਂ ਤਤਪਰ ਰਹਿੰਦੇ ਹਨ, ਇਸ ਲਈ ਇਹ ਅੱਖਾਂ ਦਾ ਚੈੱਕਅੱਪ ਅਪ੍ਰੇਸ਼ਨ ਅਤੇ ਖ਼ੂਨਦਾਨ ਕੈਂਪ, ਕੈਂਸਰ ਚੈਕਅੱਪ ਅਤੇ ਮੈਡੀਕਲ ਕੈਂਪ ਦਾ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਅਮਰਜੀਤ ਸਿੰਘ ਚੀਮਾ, ਪ੍ਰਧਾਨ, ਸਾਬਕਾ ਵਿਦਿਆਰਥੀ ਸੇਵਕ ਜੱਥਾ (ਰਜਿ) ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਹਰ ਸਾਲ ਮਾਤਾ ਗੁਜਰੀ ਕਾਲਜ ਦੇ ਸਾਬਕਾ ਵਿਦਿਆਰਥੀ ਸੇਵਕ ਜੱਥਾ ਦੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਇਸ ਕੈਂਪ ਦਾ ਆਯੋਜਨ ਕੀਤਾ ਜਾਂਦਾ ਹੈ। ਕਾਲਜ ਦੇ ਸਾਬਕਾ ਵਿਦਿਆਰਥੀ ਐਸੋਸੀਏਸ਼ਨ ਦੇ ਡੀਨ ਪ੍ਰੋ. ਜੁਪਿੰਦਰ ਸਿੰਘ ਨੇ ਕਿਹਾ ਕਿ ਮਾਤਾ ਗੁਜਰੀ ਕਾਲਜ ਤੇ ਸਾਬਕਾ ਵਿਦਿਆਰਥੀ ਸੇਵਕ ਜੱਥਾ (ਰਜਿ) ਵੱਲੋਂ ਹਰ ਸਾਲ ਇਸ ਕੈਂਪ ਦਾ ਉਪਰਾਲਾ ਕੀਤਾ ਜਾਂਦਾ ਹੈ, ਜਿਸ ਵਿੱਚ ਫ੍ਰੀ ਮੈਡੀਕਲ ਚੈੱਕਅਪ ਕੀਤਾ ਜਾਂਦਾ ਹੈ। ਸਾਬਕਾ ਵਿਦਿਆਰਥੀ ਸੇਵਕ ਜਥਾ (ਰਜਿ) ਦੇ ਮੀਡਿਆ ਸਕੱਤਰ ਮੋਹਣ ਸਿੰਘ ਸਰਹਿੰਦ ਨੇ ਇਸ ਕੈਂਪ ਸੰਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਰਣਦੀਪ ਸਿੰਘ ਅੱਤੇਵਾਲੀ, ਥਾਣੇਦਾਰ ਬਲਜਿੰਦਰ ਸਿੰਘ, ਜੈ ਸਿੰਘ ਬਾੜਾ, ਗੁਰਜੀਤ ਸਿੰਘ ਬਾਠ, ਸ੍ਰੀ ਦਿਨੇਸ਼ ਓਬਰਾਏ ਤੇ ਸਾਬਕਾ ਵਿਦਿਆਰਥੀ ਸੇਵਕ ਜਥਾ (ਰਜਿ) ਦੇ ਸਮੂਹ ਮੈਂਬਰ ਹਾਜ਼ਰ ਸਨ।

# ਲੜਕੀਆਂ ਨੂੰ ਸਵੈ ਨਿਰਭਰ ਬਣਾਉਣ ਲਈ ਯਤਨ ਜੁਟਾਉਣ ਦੀ ਲੋੜ : ਮਾਨਸ਼ਾਹੀਆ



**ਭੀਖੀ (ਧਰਮਵੀਰ ਸ਼ਰਮਾ)**

ਸਿਲਾਈ ਕਢਾਈ ਦਾ ਕੋਰਸ ਕਰ ਚੁੱਕੀਆਂ ਲੜਕੀਆਂ ਨੂੰ ਸਿਲਾਈ ਮਸ਼ੀਨਾਂ ਦੇਣ ਲਈ ਸਮਾਰੋਹ ਨੇੜਲੇ ਪਿੰਡ ਹੋਡਲਾ ਕਲਾਂ ਵਿਖੇ ਕੀਤਾ ਗਿਆ। ਸਮਾਰੋਹ ਦੇ ਮੁੱਖ ਮਹਿਮਾਨ ਹਲਕਾ ਮਾਨਸਾ ਦੇ ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆਂ ਸਨ, ਜਦੋਂ ਕਿ ਸਮਾਰੋਹ ਦੀ ਪ੍ਰਧਾਨਗੀ ਅੰਗਰੇਜ ਸਿੰਘ ਬਿੱਲੂ (ਸੋਨੂੰ ਮੋਟਰ ਗੈਰੇਜ) ਨੇ ਕੀਤੀ। ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਨੇ ਕਿਹਾ ਕਿ ਲੜਕੀਆਂ ਨੂੰ ਸਵੈ ਨਿਰਭਰ ਬਣਾਉਣ ਲਈ ਯਤਨ ਜੁਟਾਉਣ ਦੀ ਲੋੜ ਹੈ, ਜੋ ਸਮਾਜ ਸੇਵੀ ਲੋਕਾਂ ਦੇ ਸਹਿਯੋਗ ਨਾਲ ਹੀ ਸੰਭਵ ਹੈ। ਉਨ੍ਹਾਂ ਕਿਹਾ ਕਿ ਅਜਿਹੇ ਕੰਮਾਂ ਲਈ ਇਲਾਕੇ ਦੀਆਂ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਅੱਗੇ ਆਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਆਪਣੇ ਪੱਧਰ 'ਤੇ ਹੀ ਵੱਖ-ਵੱਖ ਪਿੰਡਾਂ ਵਿੱਚ ਲੜਕੀਆਂ ਨੂੰ ਸਿਲਾਈ ਮਸ਼ੀਨਾਂ ਵੰਡ ਕੇ ਸਵੈ ਨਿਰਭਰ ਬਣਾਉਣ ਦੇ ਯਤਨ ਕੀਤੇ ਗਏ ਹਨ, ਜੋ ਅੱਜ ਵੀ ਜਾਰੀ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਇਹ ਉਪਰਾਲੇ ਨਿਰੰਤਰ ਜਾਰੀ ਰਹਿਣਗੇ। ਇਸ ਮੌਕੇ 15 ਲੜਕੀਆਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਗਈਆਂ ਅਤੇ 3 ਵਿਅਕਤੀਆਂ ਨੂੰ ਟਰਾਈ ਸਾਇਕਲ ਦਿੱਤੇ ਗਏ।

ਸਮਾਰੋਹ ਦੌਰਾਨ ਅੰਗਰੇਜ਼ ਸਿੰਘ ਬਿੱਲੂ ਵੱਲੋਂ ਚਾਕ, ਕੈਂਚੀ, ਧਾਗੇ, ਰੀਲਾਂ, ਤੇਲ ਕੁੱਪੀ ਤੇ ਪੇਚਕਸ ਦੀਆਂ ਕਿੱਟਾਂ ਨੂੰ ਵੰਡਿਆਂ ਗਿਆ। ਇਸ ਮੌਕੇ ਅਸ਼ੋਕ ਕੁਮਾਰ ਠੇਕੇਦਾਰ ਭੀਖੀ ਨੇ ਆਪਣੀ ਲੋਅਰ ਫੈਕਟਰੀ ਵਿੱਚ ਜ਼ਰੂਰਤਮੰਦ ਲੜਕੀਆਂ ਨੂੰ ਲੋਅਰ ਬਨਾਉਣ ਦੀ ਫਰੀ ਟ੍ਰੇਨਿੰਗ ਦੇਣ ਦਾ ਐਲਾਨ ਵੀ ਕੀਤਾ। ਇਸ ਮੌਕੇ ਸਾਬਕਾ ਮੈਂਬਰ ਦਰਸ਼ਨ ਸਿੰਘ, ਹਰਭਜਨ ਸਿੰਘ, ਬਲਵਿੰਦਰ ਸਿੰਘ, ਸੂਰਤ ਸਿੰਘ, ਅਮਰਜੀਤ ਸਿੰਘ ਫੌਜੀ, ਸੱਤਪਾਲ ਮੱਤੀ ਤੇ ਹੋਰ ਵੀ ਹਾਜ਼ਰ ਸਨ।

# ਬਾਡੀ ਬਿਲਡਰ ਤੇ ਫਿਟਨੈੱਸ ਚੈਂਪੀਅਨਸ਼ਿਪ ਮੁਕਾਬਲੇ 'ਚ ਲਵਪ੍ਰੀਤ ਦੂਜੇ ਸਥਾਨ 'ਤੇ ਰਿਹਾ

## ਡੀ ਐੱਸ ਪੀ ਬਾਜਵਾ ਤੋਂ ਲਿਆ ਅਸ਼ੀਰਵਾਦ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਬੀਤੇ 12 ਫਰਵਰੀ ਨੂੰ ਪੰਜਾਬ ਦੇ ਮਲੇਰਕੋਟਲਾ ਵਿਖੇ ਮਿਸਟਰ ਪੰਜਾਬ ਸੀਨੀਅਰ ਤੇ ਜੂਨੀਅਰ ਬਾਡੀ ਬਿਲਡਰ ਤੇ ਫਿਟਨੈੱਸ ਚੈਂਪੀਅਨਸ਼ਿਪ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਗੁਰੂ ਹਰਸਹਾਏ ਦੇ ਨਿਵਾਸੀ ਲਵਪ੍ਰੀਤ ਨੇ 60 ਕਿੱਲੋ ਭਾਰ ਵਰਗ ਵਿੱਚ ਪੰਜਾਬ 'ਚੋਂ ਦੂਸਰਾ ਸਥਾਨ ਹਾਸਲ ਕਰਦੇ ਹੋਏ ਆਪਣੇ ਮਾਤਾ ਪਿਤਾ ਤੇ ਹਲਕਾ ਗੁਰ ਹਰਸਹਾਏ ਦਾ ਨਾਮ ਰੌਸ਼ਨ ਕੀਤਾ ਹੈ। ਇਸ ਉਪਲਬਧੀ ਹਾਸਲ ਕਰਨ ਤੋਂ ਬਾਅਦ ਉਨ੍ਹਾਂ ਨੇ ਡੀ ਐੱਸ ਪੀ ਯਾਦਵਿੰਦਰ ਸਿੰਘ ਬਾਜਵਾ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਕੋਲੋਂ ਅਸ਼ੀਰਵਾਦ ਲਿਆ। ਇਸ ਮੌਕੇ ਜਾਣਕਾਰੀ ਸਾਂਝੀ ਕਰਦੇ ਹੋਏ ਲਵਪ੍ਰੀਤ ਨੇ ਦੱਸਿਆ ਕਿ ਮਲੇਰਕੋਟਲਾ ਵਿਖੇ 12 ਫਰਵਰੀ ਨੂੰ ਹੋਏ ਮਿਸਟਰ ਪੰਜਾਬ ਸੀਨੀਅਰ ਤੇ ਜੂਨੀਅਰ ਬਾਡੀ ਬਿਲਡਰ ਤੇ ਫਿਟਨੈੱਸ ਚੈਂਪੀਅਨਸ਼ਿਪ ਮੁਕਾਬਲੇ 'ਚ ਉਨ੍ਹਾਂ ਨੇ ਪੰਜਾਬ ਵਿੱਚੋਂ ਦੂਸਰਾ ਸਥਾਨ ਹਾਸਲ ਕੀਤਾ ਹੈ।

ਇਸ ਮੌਕੇ ਡੀ ਐੱਸ ਪੀ ਯਾਦਵਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਗੁਰੂ ਹਰਸਹਾਏ ਦੇ ਨਿਵਾਸੀ ਲਵਪ੍ਰੀਤ ਨੇ ਬਾਡੀ ਬਿਲਡਰ ਮੁਕਾਬਲੇ 'ਚ ਪੰਜਾਬ 'ਚੋਂ ਦੂਸਰਾ ਸਥਾਨ ਹਾਸਲ ਕੀਤਾ ਹੈ, ਇਹ ਵਧਾਈ ਦੇ ਪਾਤਰ ਹਨ ਤੇ ਇਨ੍ਹਾਂ ਤੋਂ ਦੂਸਰੇ ਨੌਜਵਾਨਾਂ ਨੂੰ ਸਿੱਖਿਆ ਲੈਣੀ ਚਾਹੀਦੀ ਹੈ ਤੇ ਇਨ੍ਹਾਂ ਦੀ ਤਰ੍ਹਾਂ ਆਪਣੇ ਸਰੀਰ ਦੀ ਦੇਖਭਾਲ ਕਰਨੀ ਚਾਹੀਦੀ ਹੈ ਅਤੇ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਲਵਪ੍ਰੀਤ ਨੇ ਹਲਕਾ ਗੁਰੂ ਹਰਸਹਾਏ ਦਾ ਪੰਜਾਬ ਵਿੱਚ ਨਾਮ ਰੋਸ਼ਨ ਕੀਤਾ ਹੈ। ਇਸ ਮੌਕੇ ਉਨ੍ਹਾ ਨਾਲ ਡਾ. ਚਰਨਜੀਤ ਸਿੰਘ, ਸਤਪਾਲ ਸਿੰਘ, ਗੁਰਮੀਤ ਸਿੰਘ ਆਦਿ ਹਾਜ਼ਰ ਹਨ।

# ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਨੈਤਿਕ ਸਿੱਖਿਆ ਇਮਤਿਹਾਨ



**ਦੋਰਾਹਾ (ਹਰਿਮੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵੱਲੋਂ 'ਨੈਤਿਕ ਸਿੱਖਿਆ ਇਮਤਿਹਾਨ-2023' ਕਰਵਾਇਆ ਗਿਆ। ਡੀਨ ਐਕਸਟੈਂਸ਼ਨ ਐਕਟੀਵਿਟੀਜ਼ ਡਾ. ਲਵਲੀਨ ਬੈਂਸ ਦੀ ਅਗਵਾਈ ਵਿੱਚ ਕਰਵਾਈ ਗਈ ਇਸ ਨੈਤਿਕ ਪ੍ਰੀਖਿਆ ਵਿੱਚ ਕਾਲਜ ਦੇ 53 ਵਿਦਿਆਰਥੀ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਇਮਤਿਹਾਨ ਦਾ ਉਦੇਸ਼ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ ਕੀਮਤਾਂ ਪ੍ਰਤੀ ਜਾਗਰੂਕ ਕਰਨਾ ਹੈ। ਇਸ ਪ੍ਰੀਖਿਆ ਦੇ ਆਯੋਜਨ ਵਿੱਚ ਪ੍ਰੋ. ਅਮਨਦੀਪ ਕੌਰ, ਡਾ. ਗੁਰਪ੍ਰੀਤ ਸਿੰਘ, ਪ੍ਰੋ. ਹਰਪ੍ਰੀਤ ਕੌਰ ਕਾਹਲੋਂ ਤੇ ਪ੍ਰੋ. ਮਨਦੀਪ ਕੌਰ ਨੇ ਯੋਗਦਾਨ ਪਾਇਆ। ਇਸ ਇਮਤਿਹਾਨ ਦੇ ਸਫ਼ਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਸੰਬੰਧਤ ਪ੍ਰਾਧਿਆਪਕਾਂ ਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।


## ਜੰਮੂ ਤਵੀ ਅਤੇ ਹਰਿਦੁਆਰ ਦੇ ਵਿਚ ਵਿਸ਼ੇਸ਼ ਰੇਲਗੱਡੀ

ਰੇਲਯਾਤਰੀਆਂ ਦੇ ਸੁਵਿਧਾਜਨਕ ਆਵਾਜਾਈ ਲਈ ਰੇਲਵੇ ਦੁਆਰਾ ਹੇਠਾਂ ਲਿਖਤ ਵਿਸ਼ੇਸ਼ ਰੇਲਗੱਡੀ ਹੇਠਾਂ ਦਿਤੀ ਗਈ ਸਮੇਂ-ਸਾਰਣੀ ਦੇ ਅਨੁਸਾਰ ਚਲਾਈ ਜਾਏਗੀ:-

| 04666/04665 ਜੰਮੂ ਤਵੀ - ਹਰਿਦੁਆਰ - ਜੰਮੂ ਤਵੀ ਐਕਸਪ੍ਰੈਸ ਵਿਸ਼ੇਸ਼ ਰੇਲਗੱਡੀ | | | | 02 ਫੇਰੇ |
|---|---|---|---|---|
| ਰੇਲਗੱਡੀ ਨੰ. 04666 | | ਸਟੇਸ਼ਨ | ਰੇਲਗੱਡੀ ਨੰ. 04665 | |
| ਪਹੁੰਚ | ਰਵਾਨਗੀ | | ਪਹੁੰਚ | ਰਵਾਨਗੀ |
| --- | 19:45 | ਜੰਮੂ ਤਵੀ | 09:15 | --- |
| 05:50 | --- | ਹਰਿਦੁਆਰ | --- | 21:45 |

ਚੱਲਣ ਦੇ ਦਿਨ :04666 ਜੰਮੂ ਤਵੀ ਤੋਂ ਮਿਤੀ 19.02.2023 (ਐਤਵਾਰ) ਨੂੰ ਅਤੇ 04665 ਹਰਿਦੁਆਰ ਤੋਂ ਮਿਤੀ 20.03.2023 (ਸੋਮਵਾਰ) ਨੂੰ।
ਠਹਿਰਾਓ : ਕਠੂਆ, ਪਠਾਨਕੋਟ ਛਾਉਣੀ, ਜਲੰਧਰ ਛਾਉਣੀ, ਲੁਧਿਆਣਾ ਜੰ., ਸਰਹਿੰਦ ਜੰ., ਰਾਜਪੁਰਾ ਜੰ., ਅੰਬਾਲਾ ਛਾਉਣੀ ਜੰ. ਯਮੁਨਾਨਗਰ ਜਗਾਧਰੀ, ਸਹਾਰਨਪੁਰ ਜੰ. ਅਤੇ ਰੁੜਕੀ ਸਟੇਸ਼ਨ
ਸਥਾਨ : 2 ਟੀਯਰ ਏਸੀ., ਸਲੀਪਰ ਅਤੇ ਜਨਰਲ।
ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਉਪਰੋਕਤ ਰੇਲਗੱਡੀਆਂ ਦੇ ਮਾਰਗ ਵਿਚ ਪੈਣ ਵਾਲੇ ਸਟੇਸ਼ਨਾਂ ਉਨ੍ਹਾਂ ਦੀ ਵਿਸਤ੍ਰਿਤ ਸਮੇਂ-ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ.139 'ਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES ਐਪ ਦੇਖਣ।
ਰੇਲਮਦਦ ਵੈਬਸਾਈਟ ਦੇਖੋ : www.railmadad.indianrailways.gov.in ਰੇਲਮਦਦ ਐਪ ਡਾਊਨਲੋਡ ਕਰੋ
ਰੇਲਮਦਦ ਹੈਲਪਲਾਈਨ ਨੰ.139 'ਤੇ ਸਾਨੂੰ ਫਾਲੋ ਕਰੋ
ਆਜ਼ਾਦੀ ਕਾ ਅੰਮ੍ਰਿਤ ਮਹੋਤਸਵ
ਉੱਤਰ ਰੇਲਵੇ
ਤੁਹਾਡੀ ਸੁਵਿਧਾ - ਸਾਡਾ ਲਕਸ਼
532/2023
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ | ਸਾਨੂੰ www.nr.indianrailways.gov.in 'ਤੇ ਮਿਲੋ



## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

ਨਿਵਿਦਾ ਸੂਚਨਾ ਪੱਤਰ ਨੰ: 770-W/169/WA/FZR/2022-2023 Date : 17.02.2023

ਸੀਨੀਅਰ ਮੰਡਲ ਇੰਜੀਨੀਅਰ-ਤੀਜਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ ਅੰਤਿਮ ਮਿਤੀ 13.03.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ ਕੇਵਲ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੈਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁੱਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਕਰਨ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 17.02.2023 | 27.02.2023 | 13.03.2023/15:00 ਵਜੇ |

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 1 | 443-2022-23-ADEN-II-ASR- | ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਅੰਮ੍ਰਿਤਸਰ ਤਹਿਤ ਆਉਣ ਵਾਲੇ ਸੈਕਸ਼ਨ ਇੰਜੀਨੀਅਰ/ਪੀਵੇਂ/ਬਿਆਸ ਦੇ ਖੇਤਰ ਵਿਚ ਪੂਰਨ ਰੇਲਪਥ ਨਵੀਨੀਕਰਨ (ਪੀ) 17.55 ਕਿ.ਮੀ. ਕਿਮੀ 491.45 ਤੋਂ 509.00 (ਡਾਊਨ), ਪਹਿਲੇ ਤੋਂ ਹੀ PSC-5 ਸਲੀਪਰਾਂ 'ਤੇ 52 Kg/90/72/UTS ਰੇਲ ਵਿਛ ਚੁਕੇ ਹਨ ਅਤੇ ਜਲੰਧਰ ਸ਼ਹਿਰ-ਅੰਮ੍ਰਿਤਸਰ ਸੈਕਸ਼ਨ ਤੇ 300mm ਤੋਂ 350mm ਤਕ ਰਾਈਜਿੰਗ ਕੁਸ਼ਨ ਦੇ ਨਾਲ ਇਲਾਸਟਿਕ ਫਾਸਟਨਿੰਗ ਦੇ ਨਾਲ PSC-6ਨਵੇਂ ਚੌੜੇ ਸੀਟ ਸਲੀਪਰਾਂ ਤੇ 60Kg/90 UTSਰੇਲ ਦੇ ਨਾਲ (M+7) ਡੇਂਸਿਟੀ ਵਿਛਾਈ ਗਈ ਹੈ। ਕੰਮ ਕਰਨ ਲਈ। |

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 3,03,28,934.08/- | 3,01,700/- | 60 ਦਿਨ | 12 ਮਹੀਨੇ |

ਸਮਾਨ ਨੇਚਰ ਦਾ ਕੰਮ- ਪੂਰਾ ਟ੍ਰੈਕ ਨਵੀਨੀਕਰਨ/ਪੂਰਾ ਰੇਲ ਨਵੀਨੀਕਰਨ/ਪੂਰਾ ਫਿਟਿੰਗ ਨਵੀਨੀਕਰਨ/ਪੂਰਾ ਟਰਨ ਆਉਟ ਨਵੀਨੀਕਰਨ, ਟ੍ਰੈਕ ਦੇ ਉਠਾਨ ਦੀ ਜਾਂਚ/ਛਨਾਈ, ਡਿਸਟ੍ਰੇਸਿੰਗ, ਟ੍ਰੈਕ ਮੇਂਟਨੈਂਸ ਮਸ਼ੀਨ ਦੇ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਮਸ਼ੀਨ ਤੋਂ ਟਰਨ ਆਊਟ ਨਵੀਨੀਕਰਨ ਦਾ ਕੰਮ।

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 2 | 444-2022-23-ADEN-II-ASR- | ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਅੰਮ੍ਰਿਤਸਰ ਤਹਿਤ ਆਉਣ ਵਾਲੇ ਸੈਕਸ਼ਨ ਇੰਜੀਨੀਅਰ/ਪੀਵੇਂ/ਬਿਆਸ ਦੇ ਤਹਿਤ ਬਿਆਸ-ਤਰਨਤਾਰਨ ਸੈਕਸ਼ਨ ਵਿਚ ਪੂਰਨ ਰੇਲਪਥ ਨਵੀਨੀਕਰਨ (ਪੀ) 6.839 ਕਿ.ਮੀ. ਕਿਮੀ 482.75 ਤੋਂ 486.45 (ਡਾਊਨ) ਅਤੇ ਕਿਮੀ ਅਤੇ ਕਿਮੀ 469.105 ਤੋਂ 472.243 (ਯੂਪੀ) ਅਤੇ ਸੀਟੀਆਰ (ਪੀ) ਕਿਮੀ 473.091 ਤੋਂ 480.60 (ਅਪ) ਤਕ 7.509 ਕਿਲੋਮੀਟਰ ਪਹਿਲਾਂ ਤੋਂ ਹੀ PSC-5 'ਤੇ 52 ਕਿਲੋਗ੍ਰਾਮ / 90/72 ਯੂਟੀਐਸ ਰੇਲ ਵਿਛਾਈ ਜਾ ਚੁਕੀ ਹੈ ਸਲੀਪਰਸ (ਐਮ+7) ਡੇਂਸਿਟੀ ਦੇ ਨਾਲ 60 ਕਿਗ੍ਰਾ/90 ਯੂਟੀਐਸ ਰੇਲ ਪੀਐਸਸੀ-6 ਤੇ ਵਿਛਾਏ ਗਏ ਹਨ। ਅਤੇ ਜਲੰਧਰ ਸ਼ਹਿਰ-ਅੰਮ੍ਰਿਤਸਰ ਸੈਕਸ਼ਨ ਤੇ 300 ਐਮਐਮ ਤੋਂ 350 ਐਮਐਮ ਤਕ ਰਾਈਜਿੰਗ ਕੁਸ਼ਨ ਦੇ ਨਾਲ ਇਲਾਸਟਿਕ ਫਾਸਟਨਿੰਗ ਦੇ ਨਾਲ ਐਮ+8 ਡੇਂਸੀ ਦੇ ਲਈ ਨਵੇਂ ਚੌੜੇ ਸੀਟ ਸਲੀਪਰ ਅਤੇ 16.50 ਕਿਲੋਮੀਟਰ ਰੇਲ ਨਵੀਨੀਕਰਨ ਦੇ ਮਾਧਿਅਮ ਨਾਲ ਉਤੇ 60 ਕਿਲੋਗ੍ਰਾਮ 90 ਯੂਟੀਐਸ ਨਵੀਆਂ ਰੇਲਾਂ ਦੇ ਨਾਲ ਪੀਐਸਸੀ-6 ਸਲੀਪਰ (ਐਮ+8 ਘਣਤਵ) ਤੇ ਮੌਜੂਦਾ 60 ਕਿਗ੍ਰਾ ਰੇਲ ਦੀ ਕਿਮੀ 29.00 ਤੋਂ 36.00 ਅਤੇ ਕਿਮੀ 38.00 ਤੋਂ ਕਿਮੀ 47.50 ਤਕ। ਕੰਮ ਕਰਨ ਲਈ। |

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 3,68,54,181.77/- | 3,34,300/- | 60 ਦਿਨ | 12 ਮਹੀਨੇ |

ਸਮਾਨ ਨੇਚਰ ਦਾ ਕੰਮ- ਪੂਰਾ ਟ੍ਰੈਕ ਨਵੀਨੀਕਰਨ/ਪੂਰਾ ਰੇਲ ਨਵੀਨੀਕਰਨ/ਪੂਰਾ ਫਿਟਿੰਗ ਨਵੀਨੀਕਰਨ/ਪੂਰਾ ਟਰਨ ਆਉਟ ਨਵੀਨੀਕਰਨ, ਟ੍ਰੈਕ ਦੇ ਉਠਾਨ ਦੀ ਜਾਂਚ/ਛਨਾਈ, ਡਿਸਟ੍ਰੇਸਿੰਗ, ਟ੍ਰੈਕ ਮੇਂਟਨੈਂਸ ਮਸ਼ੀਨ ਦੇ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਮਸ਼ੀਨ ਤੋਂ ਟਰਨ ਆਊਟ ਨਵੀਨੀਕਰਨ ਦਾ ਕੰਮ।

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਵੇਗੀ। 534/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਆਤਮਾ ਸਕੀਮ ਅਧੀਨ ਫਾਰਮ ਸਕੂਲ ਦੀ ਕਲਾਸ ਲਗਾਈ



**ਤਲਵੰਡੀ ਸਾਬੋ (ਜਗਦੀਪ ਗਿੱਲ)**

ਮੁੱਖ ਖੇਤੀਬਾੜੀ ਅਫਸਰ ਡਾ. ਦਿਲਬਾਗ ਸਿੰਘ ਹੀਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਬੀ.ਟੀ.ਟੀ. ਕਨਵੀਨਰ-ਕਮ-ਖੇਤੀਬਾੜੀ ਅਫਸਰ ਤਲਵੰਡੀ ਸਾਬੋ ਡਾ. ਬਲਜੀਤ ਸਿੰਘ ਬਰਾੜ ਦੀ ਅਗਵਾਈ ਹੇਠ ਬਲਾਕ ਤਲਵੰਡੀ ਸਾਬੋ ਦੇ ਪਿੰਡ ਜੱਜਲ ਵਿਖੇ ਕਿਸਾਨ ਗੁਰਮੀਤ ਸਿੰਘ ਦੇ ਖੇਤ ਵਿੱਚ ਪਰਾਲੀ ਦੇ ਪ੍ਰਬੰਧਨ ਸਬੰਧੀ ਫਾਰਮ ਸਕੂਲ ਦੀ ਕਲਾਸ ਲਗਾਈ ਗਈ। ਇਸ ਦੌਰਾਨ ਵਿਕਾਸ ਸਿੰਗਲਾ ਸਹਾਇਕ ਤਕਨੀਕੀ ਮੈਨੇਜਰ ਨੇ ਹਾਜ਼ਰ ਕਿਸਾਨਾਂ ਦਾ ਸਵਾਗਤ ਕੀਤਾ ਤੇ ਕਿਸਾਨਾਂ ਨੂੰ ਫਾਰਮ ਸਕੂਲ ਬਾਰੇ ਜਾਣੂ ਕਰਵਾਇਆ ਗਿਆ।

ਡਾ. ਬਲਤੇਜ ਸਿੰਘ ਖੇਤਬਾੜੀ ਵਿਕਾਸ ਅਫਸਰ ਤਲਵੰਡੀ ਸਾਬੋ ਨੇ ਕਣਕ ਦੀ ਫਸਲ ਵਿੱਚ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਪੰਜਾਬ ਸਰਕਾਰ ਵੱਲੋਂ ਵਿਭਾਗ ਵਿੱਚ ਸਬਸਿਡੀ ਤੇ ਪਰਾਲੀ ਦੀ ਸੰਭਾਲ ਵਾਸਤੇ ਮੁਹੱਈਆ ਕਰਵਾਈ ਜਾਣ ਵਾਲੀ ਖੇਤੀ ਮਸ਼ੀਨਰੀ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਕਣਕ ਤੇ ਸਰ੍ਹੋਂ ਦੀ ਫਸਲ ਸਬੰਧੀ ਜ਼ਰੂਰੀ ਤਕਨੀਕੀ ਜਾਣਕਾਰੀ ਦਿੱਤੀ ਗਈ। ਡਾ. ਨਰਿੰਦਰ ਸਿੰਘ ਗੋਦਾਰਾ ਵੱਲੋਂ ਆਤਮਾ ਸਕੀਮ ਅਧੀਨ ਚੱਲ ਰਹੀਆਂ ਗਤੀਵਿਧੀਆਂ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਬਲਾਕ ਤਕਨੀਕੀ ਮੈਨੇਜਰ ਜੋਰਾ ਸਿੰਘ ਵੱਲੋ ਕਿਸਾਨਾਂ ਨੂੰ ਮਿੱਟੀ ਤੇ ਪਾਣੀ ਪਰਖ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ ਤੇ ਜ਼ਮੀਨ ਵਿੱਚ ਜੈਵਿਕ ਮਾਦਾ ਵਧਾਉਣ ਤੋਂ ਇਲਾਵਾ ਮਿੱਤਰ ਕੀੜੇ ਬਚਾਉਣ ਸਬੰਧੀ ਨੁਕਤੇ ਸਾਂਝੇ ਕੀਤੇ ਗਏ।

ਇਸ ਮੌਕੇ ਲਾਭ ਸਿੰਘ ਸਹਾਇਕ ਤਕਨੀਕੀ ਮੈਨੇਜਰ ਵੱਲੋਂ ਵੱਖ ਵੱਖ ਫਸਲਾਂ ਉੱਪਰ ਸਪਰੇਅ ਕਰਨ ਸੰਬੰਧੀ ਤਕਨੀਕੀ ਜਾਣਕਾਰੀ ਦਿੱਤੀ ਗਈ। ਅੰਤ ਵਿੱਚ ਜਗਤਾਰ ਸਿੰਘ ਸਹਾਇਕ ਤਕਨੀਕੀ ਮੈਨੇਜਰ ਨੇ ਫਾਰਮ ਸਕੂਲ ਵਿੱਚ ਆਏ ਕਿਸਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰਜੀਤ ਸਿੰਘ ਖੇਤਬਾੜੀ ਉੱਪ ਨਿਰੀਖਕ, ਬਲਕੌਰ ਸਿੰਘ ਬੇਲਦਾਰ, ਗੁਰਮੀਤ ਸਿੰਘ ਕਿਸਾਨ ਮਿੱਤਰ, ਗੁਰਸਰਨ ਸਿੰਘ ਸਰਪੰਚ, ਹਰਦੇਵ ਸਿੰਘ, ਮਹਿੰਗਾ ਸਿੰਘ, ਮਿੱਠੂ ਸਿੰਘ, ਮਹਿੰਦਰ ਸਿੰਘ ਹਾਜ਼ਰ ਸਨ।

# ਸਰੀਰਕ ਤੇ ਲਿਖਤੀ ਪ੍ਰੀਖਿਆ ਦੀ ਮੁਫ਼ਤ ਤਿਆਰੀ ਲਈ ਕੈਂਪ ਸ਼ੁਰੂ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਸੀ-ਪਾਈਟ ਕੈਂਪ ਹਕੂਮਤ ਸਿੰਘ ਵਾਲਾ ਵਿਖੇ ਫੌਜ ਦੀਆਂ ਭਰਤੀ ਰੈਲੀਆਂ ਦੇ 17 ਅਪ੍ਰੈਲ ਨੂੰ ਹੋਣ ਵਾਲੇ ਲਿਖਤੀ ਪੇਪਰ ਤੇ ਸਰੀਰਕ ਟ੍ਰੇਨਿੰਗ ਦੀ ਤਿਆਰੀ 20 ਫਰਵਰੀ ਤੋਂ ਸ਼ੁਰੂ ਹੋ ਰਹੀ ਹੈ। ਇਹ ਜਾਣਕਾਰੀ ਸੀ-ਪਾਈਟ ਕੈਂਪ, ਹਕੂਮਤ ਸਿੰਘ ਫ਼ਿਰੋਜ਼ਪੁਰ ਦੇ ਕੈਂਪ ਇੰਚਾਰਜ ਸ੍ਰੀ ਦਵਿੰਦਰ ਪਾਲ ਸਿੰਘ ਨੇ ਦਿੱਤੀ। ਉਨ੍ਹਾਂ ਕਿਹਾ ਕਿ ਕੈਂਪ ਵਿੱਚ ਉਸੇ ਤਰ੍ਹਾਂ ਹੀ ਲਿਖਤੀ ਪੇਪਰ ਦੀ ਤਿਆਰੀ ਕੰਪਿਊਟਰ ਦੇ ਕਰਾਈ ਜਾਵੇਗੀ, ਜਿਸ ਤਰ੍ਹਾਂ ਦਾ ਪੇਪਰ ਪੈਟਰਨ ਪ੍ਰੀਖਿਆ ਵਿੱਚ ਆਉਣਾ ਹੈ। ਉਨ੍ਹਾਂ ਕਿਹਾ ਕਿ ਫ਼ਰੀਦਕੋਟ, ਫ਼ਿਰੋਜ਼ਪੁਰ, ਫ਼ਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਅਤੇ ਮੋਗਾ ਜ਼ਿਲ੍ਹੇ ਦੇ ਨੌਜਵਾਨ ਜੋ ਫੌਜ ਵਿੱਚ ਭਰਤੀ ਹੋਣ ਦੇ ਚਾਹਵਾਨ ਹਨ, ਉਹ 20 ਫਰਵਰੀ ਨੂੰ ਸਵੇਰੇ 09:00 ਵਜੇ ਸੀ-ਪਾਈਟ ਕੈਂਪ ਹਕੂਮਤ ਸਿੰਘ ਵਾਲਾ ਵਿਖੇ ਸਕਰੀਨਿੰਗ ਲਈ ਦਸਤਾਵੇਜ਼ ਆਨਲਾਈਨ ਅਪਲਾਈ ਦੀ ਇੱਕ ਕਾਪੀ, ਦਸਵੀਂ ਦਾ ਅਸਲ ਸਰਟੀਫਿਕੇਟ, ਦਸਵੀਂ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਪੰਜਾਬ ਰੈਜੀਡੈਂਸ, ਜਾਤਿ ਦੇ ਸਰਟੀਫਿਕੇਟ, ਆਧਾਰ ਕਾਰਡ ਤੇ ਬੈਂਕ ਖਾਤੇ (ਖਾਤਾ ਚਾਲੂ ਹਾਲਤ ਵਿੱਚ ਹੋਵੇ) ਦੀ ਫੋਟੋ ਸਟੇਟ ਕਾਪੀ ਤੇ ਇੱਕ ਪਾਸਪੋਰਟ ਸਾਈਜ਼ ਦੀ ਫੋਟੋ ਲੈ ਕੇ ਰਿਪੋਰਟ ਕਰਨ। ਉਨ੍ਹਾਂ ਕਿਹਾ ਕਿ ਪ੍ਰਾਰਥੀ ਆਪਣੇ ਨਾਲ ਇੱਕ ਕਾਪੀ ਇੱਕ ਪੈੱਨ, ਖਾਣਾ ਖਾਣ ਲਈ ਬਰਤਨ, ਰਹਿਣ ਲਈ ਬਿਸਤਰਾ ਆਦਿ ਨਾਲ ਲੈ ਕੇ ਆਉਣ। ਟ੍ਰੇਨਿੰਗ ਲਈ ਨੌਜਵਾਨ ਦੀ ਉਮਰ ਸਾਡੇ 17 ਸਾਲ ਤੋਂ 21 ਸਾਲ ਤੱਕ ਹੋਵੇ ਛਾਤੀ ਬਿਨਾਂ ਫੁਲਾਏ 77 ਸੈਂਟੀਮੀਟਰ ਤੇ ਫੁਲਾ ਕੇ 82 ਸੈਂਟੀਮੀਟਰ ਅਤੇ ਕੱਦ 05 ਫੁੱਟ 07 ਇੰਚ ਹੋਵੇ। ਨੌਜਵਾਨ ਘੱਟੋ-ਘੱਟ ਦਸਵੀਂ 45 ਫ਼ੀਸਦੀ ਅੰਕਾਂ ਨਾਲ ਪਾਸ ਹੋਵੇ ਜਾਂ 10+2 ਪਾਸ ਹੋਵੇ। ਇਸ ਤੋਂ ਇਲਾਵਾ ਯੁਵਕਾਂ ਨੂੰ ਸਰਕਾਰ ਵੱਲੋਂ ਵਜ਼ੀਫ਼ਾ ਗ੍ਰਾਂਟ ਮਿਲਣ ਉਪਰੰਤ ਪ੍ਰਤੀ ਯੁਵਕ 400/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਵਜ਼ੀਫ਼ਾ ਵੀ ਦਿੱਤਾ ਜਾਵੇਗਾ। ਕੈਂਪ ਵਿੱਚ ਰਹਿਣ ਸਮੇਂ ਖਾਣਾ ਤੇ ਰਿਹਾਇਸ਼ ਬਿਲਕੁਲ ਮੁਫ਼ਤ ਦਿੱਤੀ ਜਾਵੇਗੀ ਅਤੇ ਸਰੀਰਕ ਤੇ ਲਿਖਤੀ ਪੇਪਰ ਦੀ ਤਿਆਰੀ ਮੁਫ਼ਤ ਹੋਵੇਗੀ।

# ਸ੍ਰੀ ਗੋਇੰਦਵਾਲ ਸਾਹਿਬ ਤੋਂ ਸ੍ਰੀ ਸੁਲਤਾਨਪੁਰ ਲੋਧੀ ਦਾ ਰੇਲਵੇ ਟਰੈਕ ਬਣਾਵੇ ਕੇਂਦਰ




**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**

ਰੇਲ ਬਜਟ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਧਰਤੀ ਸੁਲਤਾਨਪੁਰ ਲੋਧੀ ਦੀ ਝੋਲੀ ਖਾਲੀ ਰਹੀ ਹੈ। ਸੰਗਤਾਂ ਵੱਲੋਂ ਸੁਲਤਾਨਪੁਰ ਲੋਧੀ ਨੂੰ ਰੇਲ ਮਾਰਗ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਨਾਲ ਜੋੜਣ ਦੀ ਮੰਗ ਕੀਤੀ ਜਾ ਰਹੀ ਹੈ। ਸੰਗਤਾਂ ਦੀ ਇਸ ਮੁੱਦੇ ਪ੍ਰਮੁੱਖ ਤੌਰ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰੈੱਸ ਕਲੱਬ ਅਤੇ ਪ੍ਰੈੱਸ ਫੀਲਡ ਜਰਨਲਿਸਟ ਐਸੋਸੀਏਸ਼ਨ ਨੇ ਚੁੱਕਦਿਆਂ ਕੇਂਦਰ ਅਤੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਇਸ 20 ਕਿਲੋਮੀਟਰ ਦੇ ਪੰਧ ਨੂੰ ਰੇਲ ਮਾਰਗ ਦੀ ਸਹੂਲਤ ਦਿੱਤੀ ਜਾਵੇ। ਮੀਟਿੰਗ ਮੌਕੇ ਜਾਣਕਾਰੀ ਦਿੰਦਿਆਂ ਪੱਤਰਕਾਰ ਸਾਥੀਆਂ ਨੇ ਕਿਹਾ ਕਿ ਸ੍ਰੀ ਗੋਇੰਦਵਾਲ ਸਾਹਿਬ ਦੋਵੇਂ ਪਾਵਨ ਸਥਾਨਾਂ ਨੂੰ ਲਿੰਕ ਕਰਨ ਵਾਲਾ ਪੁਆਇੰਟ ਹੈ ਜਿਸ ਨੂੰ ਮਹਿਜ ਕੁਝ ਮੀਲਾਂ ਦੀ ਰੇਲ ਪਟੜੀ ਨਾਲ ਮੁਕੰਮਲ ਕੀਤਾ ਜਾ ਸਕਦਾ ਹੈ। ਉਨਾਂ ਕਿਹਾ ਕਿ ਜਿੰਨਾ ਮਹਤਵਪੂਰਨ ਸ੍ਰੀ ਕਰਤਾਰਪੁਰ ਸਾਹਿਬ ਕੌਰੀਡੋਰ ਹੈ ਓਨਾ ਹੀ ਮਹਤਵਪੂਰਨ ਸ੍ਰੀ ਸੁਲਤਾਨਪੁਰ ਲੋਧੀ ਦਾ ਸ੍ਰੀ ਅੰਮ੍ਰਿਤਸਰ ਸਾਹਿਬ ਨਾਲ ਸਾਂਝਾ ਰੇਲ ਸੰਪਰਕ ਹੋਣਾ ਹੈ। ਇਸ ਮੌਕੇ ਤੇ ਪ੍ਰੈੱਸ ਫੀਲਡ ਜਰਨਲਿਸਟ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਹਰਪ੍ਰੀਤ ਸਿੰਘ ਸਿੰਦਬਾਦ, ਚੀਫ ਐਡਵਾਇਜਰ ਬੀਐਸ ਸਾਹਿਲ, ਪ੍ਰੈੱਸ ਸਕੱਤਰ ਇੰਦਰਜੀਤ, ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰੈੱਸ ਕਲੱਬ ਦੇ ਨਰਿੰਦਰ ਸਿੰਘ ਸੋਨੀਆ ਸਰਪ੍ਰਸਤ , ਚੈਅਰਮੈਨ ਸੁਰਿੰਦਰ ਪਾਲ ਸਿੰਘ ਸੋਢੀ, ਵਾਇਸ ਚੇਅਰਮੈਨ ਬਲਬੀਰ ਸਿੰਘ ਧੰਜੂ, ਅਨੁਸਾਸਨ ਕਮੇਟੀ ਦੇ ਚੇਅਰਮੈਨ ਸੁਰਿੰਦਰ ਸਿੰਘ ਬੱਬੂ, ਪ੍ਰਧਾਨ ਵਰੁਣ ਸਰਮਾ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰੈੱਸ ਕਲੱਬ, ਜਰਨਲ ਸਕੱਤਰ ਬਲਵਿੰਦਰ ਸਿੰਘ ਧਾਲੀਵਾਲ, ਅਸਵਨੀ ਜੋਸੀ ਖਜਾਨਾਚੀ, ਸਿਮਰਨ ਸੰਧੂ ਵਾਇਸ ਖਜਾਨਚੀ, ਕੰਵਲਪ੍ਰੀਤ ਸਿੰਘ ਕੌੜਾ ਸੈਕਟਰੀ, ਮਨੋਜ ਸਰਮਾ ਸਲਾਹਾਕਾਰ, ਸਤਨਾਮ ਸਿੰਘ ਮੋਮੀ ਪ੍ਰਧਾਨ ਬਾਰ ਐਸੋਸੀਏਸਨ ਸੁਲਤਾਨਪੁਰ ਲੋਧੀ ਅਤੇ ਮੈਂਬਰ ਕਨੂੰਨੀ ਸਲਾਹਕਾਰ ਕਮੇਟੀ ਪ੍ਰੈੱਸ ਕਲੱਬ, ਐਡਵੋਕੇਟ ਜਸਪਾਲ ਸਿੰਘ ਧੰਜੂ ਸਾਬਕਾ ਚੇਅਰਮੈਨ ਕੰਬੋਜ ਵੇਲਫੈਆਰ ਬੋਰਡ ਪੰਜਾਬ ਅਤੇ ਮੈਂਬਰ ਕਨੂੰਨੀ ਸਲਾਹਕਾਰ ਕਮੇਟੀ ਪ੍ਰੈੱਸ ਕਲੱਬ, ਚੰਦਰ ਮੜ੍ਹੀਆਂ ਮੈਂਬਰ ਕਨੂੰਨੀ ਸਲਾਹਕਾਰ ਕਮੇਟੀ ਆਦਿ ਹਾਜਰ ਸਨ।

# ਸਰਕਾਰ ਦੀ ਹਾਇਰ ਐਜੂਕੇਸ਼ਨ ਨੀਤੀ ਵਿਰੁੱਧ ਕੀਤਾ ਪ੍ਰਦਰਸ਼ਨ

**ਰੋਪੜ (ਬਿੰਦਰਾ)**-ਪੰਜਾਬ ਚੰਡੀਗੜ੍ਹ ਕਾਲਜ ਟੀਚਰਜ ਯੂਨੀਅਨ, ਪ੍ਰਿੰਸੀਪਲ ਐਸੋਸੀਏਸ਼ਨ ਅਤੇ ਮੈਨੇਜਮੈਂਟ ਫੈਡਰੇਸ਼ਨ ਦੀ ਜੁਆਇੰਟ ਐਕਸ਼ਨ ਕਮੇਟੀ ਦੇ ਸੱਦੇ 'ਤੇ ਪੰਜਾਬ ਸਰਕਾਰ ਦੀ ਹਾਇਰ ਐਜੂਕੇਸ਼ਨ ਨੀਤੀ ਵਿਰੁੱਧ ਇਥੇ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਅਨੰਦਪੁਰ ਸਾਹਿਬ, ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਕਾਲਜ ਬੇਲਾ, ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਖਾਲਸਾ ਗਰਲਜ ਕਾਲਜ ਮੋਰਿੰਡਾ ਦੇ ਸਟਾਫ ਵਲੋਂ ਪ੍ਰਦਰਸ਼ਨ ਕੀਤਾ ਗਿਆ, ਜੋ ਅੰਬੇਡਕਰ ਚੌਕ ਤੋਂ ਸ਼ੁਰੂ ਹੋਇਆ ਅਤੇ ਡਿਪਟੀ ਕਮਿਸ਼ਨਰ ਰੂਪਨਗਰ ਦੇ ਦਫਤਰ ਤਕ ਗਿਆ, ਜਿਥੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਅਵਸਰ 'ਤੇ ਹੋਈ ਰੈਲੀ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਆਖਿਆ ਕਿ ਆਮ ਆਦਮੀ ਪਾਰਟੀ ਦੇ ਸਿਹਤ ਤੇ ਸਿੱਖਿਆ ਦੇ ਵੱਡੇ ਮਾਡਲ ਤਿਆਰ ਕਰਨ ਵਾਲੇ ਸਾਰੇ ਵਾਅਦੇ ਝੂਠੇ ਨਿਕਲੇ ਹਨ। ਸੇਵਾ ਮੁਕਤੀ ਦੀ ਉਮਰ 60 ਤੋਂ ਘਟਾ ਕੇ 58 ਕਰਨਾ ਅਧਿਆਪਕਾਂ ਦਾ ਨਿਰਾਦਰ ਕਰਨਾ ਹੈ। ਦਾਖਲਾ ਪੋਰਟਲ ਦਾ ਤਰਕਹੀਣ ਫੈਸਲਾ ਵਿਦਿਆਰਥੀਆਂ ਦੇ ਦਾਖਲੇ ਨੂੰ ਗੁੰਝਲਦਾਰ ਬਣਾ ਰਿਹਾ ਹੈ ਅਤੇ ਉਹ ਪ੍ਰੇਸ਼ਾਨ ਹੋ ਰਹੇ ਹਨ। ਬੁਲਾਰਿਆਂ ਨੇ ਚਿਤਾਵਨੀ ਦਿੱਤੀ ਕਿ ਜੇ ਪੰਜਾਬ ਸਰਕਾਰ ਨੇ ਇਹ ਫੈਸਲੇ ਵਾਪਸ ਨਾ ਲਏ ਤਾਂ ਜ਼ਿਮਨੀ ਚੋਣ ਸਮੇਂ ਜਾਲੰਧਰ ਵਿਚ ਧਰਨਾ ਦਿੱਤਾ ਜਾਵੇਗਾ। ਇਸ ਪ੍ਰਦਰਸ਼ਨ ਵਿਚ ਅਨੰਦਪੁਰ ਸਾਹਿਬ ਕਾਲਜ ਦੀ ਪੀਸੀਸੀਟੀ ਇਕਾਈ ਦੇ ਪ੍ਰਧਾਨ ਪ੍ਰੋ. ਹਰਜਿੰਦਰ ਸਿੰਘ ਬਿਲਿੰਗ ਸਕੱਤਰ ਪ੍ਰੋ. ਪਰਮਜੀਤ ਸਿੰਘ, ਡਾ. ਪਰਮਜੀਤ ਕੌਰ, ਡਾ. ਮਲਕੀਅਤ ਸਿੰਘ, ਪ੍ਰੋ. ਮਨਜੀਤ ਸਿੰਘ ਘੁੰਮਣ, ਡਾ. ਅਮਰਦੀਪ ਕੌਰ,ਪ੍ਰੋ. ਸੁਰਿੰਦਰ ਕੁਮਾਰ, ਪ੍ਰੋ. ਡੀ ਸਿੰਘ, ਗੁਰਪ੍ਰੀਤ ਕੌਰ, ਬੇਲਾ ਕਾਲਜ ਦੇ ਪ੍ਰਿੰਸੀਪਲ ਸਤਵੀਰ ਕੌਰ ਸਾਹੀ, ਡਾ. ਮਮਤਾ, ਪ੍ਰੋ. ਸੁਨੀਤਾ ਰਾਣੀ, ਡਾ. ਹਰਪ੍ਰੀਤ ਕੌਰ, ਪ੍ਰੋ. ਗਗਨਦੀਪ ਕੌਰ, ਖਾਲਸਾ ਗਰਲਜ ਕਾਲਜ ਦੇ ਪ੍ਰਿੰਸੀਪਲ ਡਾ. ਪਸ਼ਸਪਿੰਦਰ ਕੌਰ, ਡਾ. ਗੁਰਪ੍ਰੀਤ ਕੌਰ, ਪ੍ਰੋ. ਨਵਜੋਤ ਕੌਰ, ਪ੍ਰੋ. ਦਿਵਿਆ ਸ਼ਰਮਾ, ਲਵਪ੍ਰੀਤ ਕੌਰ, ਹਰਪ੍ਰੀਤ ਕੌਰ ਦਲਜੀਤ ਕੌਰ ਆਦਿ ਨੇ ਭਾਗ ਲਿਆ।

# ਸਾਂਝਾ ਫਰੰਟ ਦੀ 19 ਦੀ ਰੈਲੀ 'ਚ ਗੌਰਮਿੰਟ ਟੀਚਰਜ਼ ਯੂਨੀਅਨ ਵੱਲੋਂ ਵੱਧ ਚੜ੍ਹ ਕੇ ਕੀਤੀ ਜਾਵੇਗੀ ਸ਼ਮੂਲੀਅਤ

**ਜਲੰਧਰ (ਸ਼ੈਲੀ ਐਲਬਰਟ)**

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾਈ ਆਗੂਆਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਸਕੱਤਰ ਕੁਲਦੀਪ ਸਿੰਘ ਦੌੜਕਾ, ਵਿੱਤ ਸਕੱਤਰ ਅਮਨਦੀਪ ਸ਼ਰਮਾ, ਪ੍ਰੈਸ ਸਕੱਤਰ ਸੁਰਜੀਤ ਮੁਹਾਲੀ, ਸਹਾਇਕ ਪ੍ਰੈਸ ਸਕੱਤਰ ਕਰਨੈਲ ਫਿਲੌਰ ਆਦਿ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ-ਯੂ.ਟੀ.ਮੁਲਾਜਮ ਅਤੇ ਪੈਨਸ਼ਨਰ ਸਾਂਝਾ ਫਰੰਟ ਪੰਜਾਬ ਵਲੋਂ ਚੰਡੀਗੜ੍ਹ ਵਿਖੇ 19 ਫਰਵਰੀ ਦੀ ਰੈਲੀ ਵਿੱਚ ਪੰਜਾਬ ਭਰ ਤੋਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵੱਧ ਚੜ੍ਹ ਕੇ ਸ਼ਮੂਲੀਅਤ ਕਰੇਗੀ। ਆਗੂਆਂ ਨੇ ਪੰਜਾਬ ਦੇ ਜ਼ਿਲਿਆਂ ਦੇ ਸਮੂਹ ਆਗੂਆਂ ਅਤੇ ਵਰਕਰਾਂ ਨੂੰ ਸੱਦਾ ਦਿੱਤਾ ਕਿ ਸਾਂਝੀਆਂ ਮੰਗਾਂ ਦੀ ਪ੍ਰਾਪਤੀ ਕਰਨ ਲਈ ਪੰਜਾਬ ਸਰਕਾਰ ਤੇ ਦਬਾਅ ਬਣਾਉਣ ਲਈ 19 ਫਰਵਰੀ ਦੀ ਚੰਡੀਗੜ੍ਹ ਰੈਲੀ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ। ਇਸ ਸਮੇਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਗੁਰਬਿੰਦਰ ਸਿੰਘ ਸਸਕੌਰ, ਕੁਲਦੀਪ ਪੂਰੋਵਾਲ, ਮੰਗਲ ਸਿੰਘ ਟਾਂਡਾ,ਮਨੋਹਰ ਲਾਲ ਸ਼ਰਮਾ, ਗੁਰਦੀਪ ਸਿੰਘ ਬਾਜਵਾ, ਗੁਰਪ੍ਰੀਤ ਅੰਮੀਵਾਲ, ਦੇਵੀ ਦਿਆਲ, ਬਲਵਿੰਦਰ ਸਿੰਘ ਭੁੱਟੋ, ਰਜੇਸ਼ ਕੁਮਾਰ, ਹਰਿੰਦਰ ਮੱਲੀਆਂ ਬਰਨਾਲਾ, ਗੁਰਦਾਸ ਸਿੰਘ ਮਾਨਸਾ, ਜਗਜੀਤ ਸਿੰਘ ਮਾਨ, ਪ੍ਰਭਜੀਤ ਸਿੰਘ ਰਸੂਲਪੁਰ, ਪੁਸ਼ਪਿੰਦਰ ਸਿੰਘ ਪਟਿਆਲਾ, ਸੁਭਾਸ਼ ਪਠਾਨਕੋਟ, ਸੁਖਚੈਨ ਕਪੂਰਥਲਾ, ਬੋਧ ਰਾਜ, ਨੀਰਜ ਯਾਦਵ, ਪਰਮਜੀਤ ਸ਼ੇਰੇਵਾਲ, ਮਨਜੀਤ ਬਰਾੜ, ਕੁਲਦੀਪ ਸਿੰਘ, ਦਿਲਦਾਰ ਭੰਡਾਲ, ਸਰਬਜੀਤ ਸਿੰਘ ਬਰਾੜ, ਬਿਕਰਮਜੀਤ ਸਿੰਘ, ਸੁੱਚਾ ਸਿੰਘ, ਰਵਿੰਦਰ ਸਿੰਘ ਪੱਪੀ, ਨਰਿੰਦਰ ਸਿੰਘ, ਸਤਵੰਤ ਸਿੰਘ ਤੇ ਦਿਲਬਾਗ ਸਿੰਘ ਆਦਿ ਆਗੂ ਹਾਜ਼ਰ ਸਨ।



# ਸ਼ਾਨੋ ਸ਼ੌਕਤ ਨਾਲ ਆਰੰਭ ਹੋਵੇਗੀ ਚੂਹੜਵਾਲੀ ਤੋਂ ਦਮੜੀ ਸ਼ੋਭਾ ਯਾਤਰਾ

**ਹੁਸ਼ਿਆਰਪੁਰ (ਓ ਪੀ ਰਾਣਾ)**

ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੀ ਵਿਸ਼ੇਸ਼ ਮੀਟਿੰਗ ਸੰਤ ਸਰਵਣ ਦਾਸ ਬੋਹਣ ਚੇਅਰਮੈਨ, ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਦੀ ਪ੍ਰਧਾਨਗੀ ਹੇਠ ਡੇਰਾ ਸੰਤ ਸੀਤਲ ਦਾਸ ਬੋਹਣ ਵਿਖੇ ਹੋਈ,ਜਿਸ ਵਿਚ ਹਾਜਰ ਸੰਤਾਂ ਮਹਾਂਪੁਰਸ਼ਾਂ ਵਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 646 ਪ੍ਰਕਾਸ਼ ਪੁਰਬ ਹਰਿਦੁਆਰ ਵਿਖੇ ਮਨਾਉਣ ਅਤੇ ਦਮੜੀ ਸ਼ੋਭਾ ਯਾਤਰਾ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ । ਇਸ ਮੌਕੇ ਸੰਤ ਨਿਰਮਲ ਦਾਸ ਬਾਬੇ ਜੌੜੇ ਨੇ ਕਿਹਾ ਇਸ ਵਾਰ 31 ਮਾਰਚ 2023 ਨੂੰ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ (ਰਜਿ.)ਚੂਹੜਵਾਲੀ ਤੋਂ ਦਮੜੀ ਸ਼ੋਭਾ ਯਾਤਰਾ ਬੜੀ ਸ਼ਾਨੋ ਸ਼ੌਕਤ ਨਾਲ ਆਰੰਭ ਹੋਕੇ ਨਿਰਮਲਾ ਛਾਉਣੀ ਆਸ਼ਰਮ ਹਰਿਦੁਆਰ ਪਹੁੰਚੇਗੀ। ਉਨਾਂ ਦੱਸਿਆ ਕਿ ਪਹਿਲੀ ਅਪ੍ਰੈਲ ਨੂੰ ਹਰਿਦੁਆਰ ਵਿਖੇ ਨਗਰ ਕੀਰਤਨ ਸਜਾਏ ਜਾਣਗੇ ਅਤੇ 2 ਅਪ੍ਰੈਲ ਨੂੰ ਕੀਤਰਨ,ਸੰਤ ਸਮਾਗਮ ਹੋਣਗੇ । ਇਸ ਸਮੇਂ ਸੰਤ ਇੰਦਰ ਦਾਸ ਜਨਰਲ ਸਕੱਤਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ,ਸੰਤ ਸਰਵਣ ਦਾਸ ਸੀਨੀਅਰ ਮੀਤ ਪ੍ਰਧਾਨ ਸਲੇਮਟਾਵਰੀ ਲੁਧਿਆਣਾ ,ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ,ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਸੰਤ ਕ੍ਰਿਪਾਲ ਦਾਸ ਭਾਰਟਾ, ਸੰਤ ਧਰਮਪਾਲ ਸ਼ੇਰਗੜ, ਸੰਤ ਬਲਵੰਤ ਸਿੰਘ ਡੀਗਰੀਆਂ,ਮਹੰਤ ਪਰਸ਼ੋਤਮ ਲਾਲ ਚੱਕ ਹਕੀਮ,ਸੰਤ ਰਮੇਸ਼ ਦਾਸ ਸ਼ੇਰਪੁਰ ਕਲਰਾਂ, ਸੰਤ ਜਸਵੰਤ ਦਾਸ ਰਾਵਲਪਿੰਡੀ, ਸੰਤ ਸਤਨਾਮ ਦਾਸ ਵਿਛੋਹੀ,ਸੰਤ ਰਜੇਸ਼ ਦਾਸ ਬਜਵਾੜਾ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਪ੍ਰਮੇਸ਼ਵਰੀ ਦਾਸ ਸੇਖੇ, ਸੰਤ ਬੀਬੀ ਕੁਲਦੀਪ ਕੌਰ ਮੇਹਨਾਂ, ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ,ਸੰਤ ਸੰਤੋਖ ਦਾਸ, ਸੰਤ ਮਨਜੀਤ ਦਾਸ ਵਿਛੋਹੀ,ਸੰਤ ਹਾਕਮ ਦਾਸ ਸਨਾਮ,ਸੰਤ ਬਲਕਾਰ ਸਿੰਘ ਤੱਗੜ ਵਡਾਲਾ,ਸੰਤ ਮਨੋਹਰ ਲਾਲ,ਸੰਤ ਰਮਿੰਦਰ ਦਾਸ,ਸੰਤ ਪ੍ਰੇਮ ਦਾਸ, ਸੰਤ ਕੁਲਦੀਪ ਦਾਸ ਵੀ ਹਾਜਰ ਸਨ।



# ਰੰਧਾਵਾ ਮਸੰਦਾਂ 'ਚ ਕੰਨਿਆਦਾਨ ਸੰਸਥਾ ਵੱਲੋਂ ਭਲਕੇ ਸਮੂਹਿਕ ਵਿਆਹ ਸਮਾਗਮ

**ਅਲਾਵਲਪੁਰ, (ਮਦਨ ਬੰਗੜ)**- ਗੁਰੂਕਿਰਪਾ ਇੰਟਰਨੈਸ਼ਨਲ ਕੰਨਿਆਦਾਨ ਸੰਸਥਾ ਵੱਲੋਂ ਪਿੰਡ ਰੰਧਾਵਾ ਮਸੰਦਾਂ (ਜਲੰਧਰ) ਵਿਖੇ 19 ਫਰਵਰੀ, ਦਿਨ ਐਤਵਾਰ ਨੂੰ ਪੰਜ ਲੋੜਵੰਦ ਪਰਵਾਰਾਂ ਦੀਆਂ ਬੇਟੀਆਂ ਦੇ ਸਮੂਹਿਕ ਵਿਆਹ ਕੀਤੇ ਜਾ ਰਹੇ ਹਨ। ਵਿਆਹ ਸਮਾਗਮ ਸੰਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਪ੍ਰਧਾਨ ਬੀਰ ਚੰਦ ਸੁਰੀਲਾ, ਸਰਵਣ ਸਿੰਘ ਤੇ ਸੁਰੇਸ ਕਲੇਰ ਬੁਲੰਦਪੁਰ ਨੇ ਦੱਸਿਆ ਕਿ ਇਹ ਸੱਤਵਾਂ ਕੰਨਿਆਦਾਨ ਸਮਾਗਮ ਹੈ। ਵਿਆਹ ਕਾਰਜਾਂ ਵਿੱਚ ਖਾਣੇ ਤੋਂ ਇਲਾਵਾ ਲੜਕੀਆਂ ਨੂੰ ਘਰੇਲੂ ਵਰਤਣਯੋਗ ਸਾਮਾਨ ਵੀ ਦਿੱਤਾ ਜਾਂਦਾ ਹੈ। ਇਹ ਕਾਰਜ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਤੇ ਦੇਸ-ਵਿਦੇਸ ਦੀ ਸੰਗਤ ਦੇ ਸਹਿਯੋਗ ਨਾਲ ਕੀਤੇ ਜਾਂਦੇ ਹਨ। ਕਾਰਜਾਂ ਦੇ ਸਬੰਧ ਵਿੱਚ ਸੁੱਚੀ ਪਿੰਡ ਵਿੱਚ ਇੱਕ ਅਹਿਮ ਮੀਟਿੰਗ ਵੀ ਕੀਤੀ ਗਈ, ਜਿਸ ਵਿਚ ਲੜਕੀਆਂ ਦੇ ਪਰਵਾਰਾਂ ਨੂੰ ਬੁਲਾ ਕੇ ਜਾਣਕਾਰੀ ਦੇ ਨਾਲ-ਨਾਲ ਇੱਕ- ਇੱਕ ਸ਼ਗਨਾਂ ਦਾ ਸੂਟ ਤੇ ਸਿਲਾਈ ਵੀ ਦਿੱਤੀ ਗਈ। ਪ੍ਰਧਾਨ ਬੀਰ ਚੰਦ ਸੁਰੀਲਾ ਨੇ ਦੱਸਿਆ ਕਿ ਇਸ ਸਮਾਗਮ 'ਚ ਮਹਾਨ ਸਖਸੀਅਤਾਂ ਵੀ ਹਾਜ਼ਰੀ ਲਗਵਾਉਣਗੀਆਂ। ਮੀਟਿੰਗ ਵਿੱਚ ਲੜਕੀਆਂ, ਉਹਨਾਂ ਦੇ ਪਰਵਾਰਾਂ ਤੇ ਸੰਸਥਾ ਦੇ ਅਹੁਦੇਦਾਰਾਂ ਸਰਵਸ੍ਰੀ ਸਰਵਣ ਸਿੰਘ ਉਪ ਪ੍ਰਧਾਨ, ਸੁਰੇਸ ਕਲੇਰ ਸੰਸਥਾ ਸੰਸਥਾਪਕ, ਬਲਰਾਜ ਸਿੰਘ ਬਾਵਾ ਮੀਡੀਆ ਸਕੱਤਰ, ਅਸ਼ਵਨੀ ਵਿਰਦੀ ਕੈਸ਼ੀਅਰ ਯੂ ਏ ਈ, ਹਰੀਸ਼ ਵਿਰਦੀ ਕੈਸ਼ੀਅਰ, ਜਗਦੀਪ ਵਾਲੀਆਂ ਕੈਸ਼ੀਅਰ, ਸੁਰਿੰਦਰ ਪਾਲ ਜਨਾਗਲ, ਉਂਕਾਰ ਰੱਤੂ, ਵਿਜੈ ਕੁਮਾਰ, ਗੁਰਦਿਆਲ ਚੰਦ, ਰਾਜ ਕੁਮਾਰ ਸਰਪੰਚ ਨੂਰਪੁਰ, ਮਦਨ ਸਿਕੰਦਰਪੁਰੀ ਤੇ ਭਿੰਦਾ ਵਿਰਦੀ ਆਦਿ ਹਾਜ਼ਰ ਸਨ।

# ਪ੍ਰਵਾਸੀ ਭਾਰਤੀ ਨੇ ਲੋੜਵੰਦ ਲੜਕੀਆਂ ਦੇ ਵਿਆਹ ਵਾਸਤੇ ਵਿੱਤੀ ਸਹਾਇਤਾ ਭੇਜੀ



**ਅੱਡਾ ਸਰਾਂ, (ਕਾਜਲ)**-ਪਿੰਡ ਦੇਹਰੀਵਾਲ ਵਿਖੇ ਹੋਏ ਇਕ ਸਮਾਗਮ ਦੌਰਾਨ ਪ੍ਰਵਾਸੀ ਭਾਰਤੀ ਸੁੱਚਾ ਸਿੰਘ ਕੈਨੇਡਾ ਵੱਲੋਂ ਲੋੜਵੰਦ ਲੜਕੀਆਂ ਦੇ ਵਿਆਹ ਵਾਸਤੇ ਭੇਜੀ ਗਈ ਵਿੱਤੀ ਸਹਾਇਤਾ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਭੇਟ ਕੀਤੀ ਗਈ। ਮਾਸਟਰ ਜਗਦੀਸ਼ ਸਿੰਘ ਨੇ ਸੁੱਚਾ ਸਿੰਘ ਵੱਲੋਂ 20-20 ਹਜ਼ਾਰ ਦੀ ਭੇਜੀ ਇਹ ਸਹਾਇਤਾ ਰਾਸ਼ੀ ਪਿੰਡ ਦੇਹਰੀਵਾਲ ਨਾਲ ਸਬੰਧਿਤ ਭਗਤ ਸਿੰਘ ਪੁੱਤਰ ਚੰਨਨ ਅਤੇ ਚਮਨ ਸਿੰਘ ਪੁੱਤਰ ਬਲਬੀਰ ਸਿੰਘ ਨੂੰ ਭੇਟ ਕਰਦੇ ਹੋਏ ਕਿਹਾ ਕਿ ਸਾਨੂੰ ਵੀ ਲੋੜਵੰਦਾਂ ਦੀ ਸਹਾਇਤਾ ਲਈ ਹਮੇਸਾ ਹੀ ਯਤਨਸੀਲ ਰਹਿਣਾ ਚਾਹੀਦਾ ਹੈ ਤੇ ਪ੍ਰਵਾਸੀ ਭਾਰਤੀ ਪਿੰਡਾਂ ਦੇ ਵਿਕਾਸ ਵਿਚ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਹਨ। ਇਸ ਮੌਕੇ ਲੋੜਵੰਦ ਲੜਕੀਆਂ ਦੇ ਪਰਵਾਰਕ ਮੈਂਬਰਾਂ ਨੇ ਪ੍ਰਵਾਸੀ ਭਾਰਤੀ ਸੁੱਚਾ ਸਿੰਘ ਕੈਨੇਡਾ ਅਤੇ ਮਾਸਟਰ ਸਬਦੀਸ਼ ਸਿੰਘ ਦਾ ਧੰਨਵਾਦ ਕੀਤਾ।

# ਫੌਜ 'ਚ ਭਰਤੀ ਲਈ ਮੁਫਤ ਸਿਖਲਾਈ ਕੈਂਪ ਸ਼ੁਰੂ

**ਰੋਪੜ (ਬਿੰਦਰਾ)** ਸੀ-ਪਾਈਟ ਕੈਂਪ ਨੰਗਲ ਵਿਖੇ ਫੌਜ 'ਚ ਭਰਤੀ ਲਈ ਮੁਫਤ ਸਿਖਲਾਈ ਦਿੱਤੀ ਜਾਵੇਗੀ। ਕੈਂਪ ਇੰਚਾਰਜ ਮਾ: ਸ਼ਿਵ ਕੁਮਾਰ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਜਿਲ੍ਹਾ ਰੋਪੜ ਅਤੇ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸੰਕਰ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦੀ ਤਹਿਸੀਲ ਬਲਾਚੋਰ ਦੇ ਨੌਜਵਾਨ ਜੋ ਫੌਜ 'ਚ ਭਰਤੀ ਹੋਣਾ ਚਾਹੁੰਦੇ ਹਨ ਉਨ੍ਹਾਂ ਲਈ ਆਨਲਾਈਨ ਰਜਿਸਟ੍ਰੇਸਨ ਪ੍ਰਕਿਰਿਆ 16 ਫਰਵਰੀ ਤੋਂ ਸ਼ੁਰੂ ਹੋ ਗਈ ਹੈ ਜੋਂ 15 ਮਾਰਚ ਤੱਕ ਜਾਰੀ ਰਹੇਗੀ। ਰਜਿਸਟਰ ਕਰਵਾਉਣ ਵਾਲੇ ਨੌਜਵਾਨ 22 ਅਤੇ 23 ਫਰਵਰੀ ਨੂੰ ਜ਼ਰੂਰੀ ਦਸਤਾਵੇਜ ਅਸਲ ਅਤੇ ਫੋਟੋ ਕਾਪੀਆਂ ਲੈ ਕੇ ਕੈਂਪ ਵਿੱਚ ਹਾਜ਼ਰ ਹੋ ਸਕਦੇ ਹਨ। ਆਨਲਾਈਨ ਰਜਿਸਟ੍ਰੇਸਨ ਸਲਿੱਪ ਨਾਲ ਲਿਆਉਣੀ ਜਰੂਰੀ ਹੈ। ਫੌਜ ਵਿੱਚ ਭਰਤੀ ਲਈ ਉਮਰ 17.6 ਤੋਂ 21 ਸਾਲ, ਕੱਦ 170 ਸੈਂਟੀਮੀਟਰ, ਛਾਤੀ 77/82 ਸੈ.ਮੀ. ਹੋਣੀ ਚਾਹੀਦੀ ਹੈ। ਵਿਦਿਆ ਦਸਵੀਂ ਘੱਟੋ ਘੱਟ 45 ਫੀਸਦੀ ਅੰਕਾਂ ਨਾਲ ਪਾਸ ਚਾਹੀਦਾ ਹੈ। ਇਸ ਕੈਂਪ 'ਚ ਸਿਖਲਾਈ ਦੌਰਾਨ ਨੌਜਵਾਨਾਂ ਨੂੰ ਰਿਹਾਇਸ਼ ਅਤੇ ਖਾਣਾ ਬਿਲਕੁੱਲ ਮੁਫਤ ਹੋਵੇਗਾ।

# ਇਤਿਹਾਸਕ ਖੂਹ ਦਾ ਉਦਘਾਟਨ ਅੱਜ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**

ਪਹਿਲੀ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀਆਂ 4 ਉਦਾਸੀਆਂ ਦੌਰਾਨ ਜਦ ਆਪਣੇ ਪਰਵਾਰ ਨੂੰ ਮਿਲਣ ਵਾਸਤੇ ਪਿੰਡ ਪੱਖੋਕੇ ਰੰਧਾਵਾ ਆਏ ਸਨ ਤਾਂ ਸਭ ਤੋਂ ਪਹਿਲਾਂ ਪਿੰਡੋਂ ਬਾਹਰ ਪਿੰਡ ਪੱਖੋਕੇ ਰੰਧਾਵਾ ਦੇ ਜੱਟ ਬਾਬਾ ਅਜਿਤਾ ਰੰਧਾਵਾ ਦੇ ਇਸ ਖੂਹ 'ਤੇ ਹੀ ਬਿਰਾਜੇ ਸਨ ਤੇ ਵਿਸ਼ਰਾਮ ਕੀਤਾ ਸੀ। ਇਸ ਅਸਥਾਨ 'ਤੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਬਾ ਅਜਿਤਾ ਰੰਧਾਵਾ ਨਾਲ ਕਈ ਦਿਨ ਗੋਸ਼ਟੀ ਵੀ ਹੋਈ ਸੀ। ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਪਿਛਲੇ ਲੰਮੇ ਸਮੇਂ ਤੋਂ ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਵੱਲੋਂ ਕਾਰ ਸੇਵਾ ਦੀਆਂ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ। ਇਸ ਇਤਿਹਾਸਕ ਖੂਹ (ਸ੍ਰੀ ਬਾਉਲੀ ਸਾਹਿਬ) ਨੂੰ ਮਹਾਂਪੁਰਖਾਂ ਵੱਲੋਂ ਫਿਰ ਉਹੀ ਪੁਰਾਤਨ ਦਿੱਖ ਦਿੱਤੀ ਜਾ ਰਹੀ ਹੈ। ਇਸ ਇਤਿਹਾਸਕ ਖੂਹ ਦੀ ਕਾਰਸੇਵਾ ਮੁਕੰਮਲ ਹੋ ਚੁੱਕੀ ਹੈ। ਅੱਜ 18 ਫਰਵਰੀ ਨੂੰ ਇਸ ਇਤਿਹਾਸਕ ਖੂਹ ਨੂੰ ਦਰਸ਼ਨਾਂ ਲਈ ਸੰਗਤਾਂ ਦੇ ਸਪੁਰਦ ਕਰ ਦਿੱਤਾ ਜਾਵੇਗਾ ਅਤੇ ਜੋੜ ਮੇਲਾ ਸ੍ਰੀ ਚੋਲਾ ਸਾਹਿਬ ਮੌਕੇ ਦੇਸ਼ਾਂ ਵਿਦੇਸ਼ਾਂ ਤੋਂ ਆਉਣ ਵਾਲੀਆਂ ਸੰਗਤਾਂ ਇਸ ਪੁਰਾਤਨ ਖੂਹ ਦੇ ਦਰਸ਼ਨ ਦੀਦਾਰੇ ਵੀ ਕਰਨਗੀਆਂ। ਬਾਬਾ ਬਿਸ਼ਨ ਸਿੰਘ , ਬਾਬਾ ਨਿਰਮਲ ਸਿੰਘ ਅਤੇ ਗੁ. ਦਰਬਾਰ ਸਾਹਿਬ ਦੇ ਮੈਨੇਜਰ ਬਲਜੀਤ ਸਿੰਘ ਤਲਵੰਡੀ ਰਾਮਾ ਨੇ ਦੱਸਿਆ ਕਿ 18 ਫਰਵਰੀ ਨੂੰ ਇਸ ਖੂਹ ਦੇ ਸੇਵਾ ਕਾਰਜਾਂ ਦੀ ਸੰਪੂਰਨਤਾ 'ਤੇ ਹੋ ਰਹੇ ਉਦਘਾਟਨੀ ਸਮਾਗਮ ਵਿੱਚ ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ ਵਾਲੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਹਲਕਾ ਇੰਚਾਰਜ ਰਵੀਕਰਨ ਸਿੰਘ ਕਾਹਲੋਂ ਸਮੇਤ ਪੰਥਕ ਪੰਥ ਦੀਆਂ ਮਹਾਨ ਸ਼ਖਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਪਹੁੰਚ ਰਹੀਆਂ ਹਨ। ਇਸ ਮੌਕੇ ਅਮਰਜੀਤ ਸਿੰਘ ਗੋਰਾਇਆ, ਜਗਦੀਪ ਸਿੰਘ, ਸੁਖਰਾਜ ਸਿੰਘ ਅਤੇ ਬਾਬਾ ਕੁਲਜੀਤ ਸਿੰਘ ਕਾਰ ਸੇਵਾ ਵਾਲੇ ਆਦਿ ਹਾਜ਼ਰ ਸਨ।

# ਜੋਗਿੰਦਰ ਸਿੰਘ ਪਹਿਲਵਾਨ ਦੀ ਯਾਦ 'ਚ 7ਵਾਂ ਦੰਗਲ 26 ਨੂੰ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਸਥਾਨਕ ਸੰਤ ਬਾਬਾ ਪਿਆਰਾ ਸਿੰਘ ਮੈਮੋਰੀਅਲ ਕੁਸ਼ਤੀ ਅਖਾੜਾ ਦੇ ਪ੍ਰਬੰਧਕਾਂ ਦੀ ਇੱਕ ਮੀਟਿੰਗ ਅਖਾੜੇ ਦੇ ਪ੍ਰਧਾਨ ਪਹਿਲਵਾਨ ਗੁਰਪ੍ਰਤਾਪ ਸਿੰਘ ਕਾਲਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਖਿਡਾਰੀਆਂ ਦੀ ਬੇਹਤਰੀ, ਸਰਗਰਮੀਆਂ ਅਤੇ ਚੜਦੀਕਲਾ ਲਈ ਵਿਚਾਰਾਂ ਕੀਤੀਆਂ ਗਈਆਂ ਤੇ ਅਖਾੜੇ ਦੇ ਉਸਤਾਦ ਸਵ: ਜੋਗਿੰਦਰ ਸਿੰਘ ਪਹਿਲਵਾਨ ਦੀ ਯਾਦ ਵਿਚ 7ਵਾਂ ਦੰਗਲ 26 ਫਰਵਰੀ ਨੂੰ ਦੁਪਹਿਰ 1 ਵਜੇ ਤੋਂ ਸ੍ਰੀ ਚਮਕੌਰ ਸਾਹਿਬ ਦੇ ਸਟੇਡੀਅਮ ਵਿਚ ਕਰਵਾਉਣ ਦਾ ਫੈਸਲਾ ਕੀਤਾ ਗਿਆ। ਪ੍ਰਧਾਨ ਗੁਰਪ੍ਰਤਾਪ ਸਿੰਘ ਨੇ ਦੱਸਿਆ ਕਿ ਇਸ ਦੰਗਲ ਵਿਚ ਨਾਮੀ ਅਖਾੜਿਆ ਦੇ ਭਲਵਾਨਾਂ ਦੇ ਘੋਲ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਮੀਟਿੰਗ ਦੌਰਾਨ ਨੌਜਵਾਨਾਂ ਨੂੰ ਅਪੀਲ ਵੀ ਕੀਤੀ ਗਈ ਕਿ ਉਹ ਨਸ਼ਿਆ ਦਾ ਤਿਆਗ ਕਰਕੇ ਕੁਸ਼ਤੀ, ਕਬੱਡੀ ਜਿਹੀਆਂ ਖੇਡਾਂ ਨਾਲ ਜੁੜਨ। ਇਸ ਮੀਟਿੰਗ ਵਿਚ ਜੁਝਾਰ ਸਿੰਘ ਗਰਚਾ, ਜੋਗਾ ਸਿੰਘ, ਅੰਤਰਰਾਸ਼ਟੀ ਕਬੱਡੀ ਖਿਡਾਰੀ ਨਰਪਿੰਦਰ ਸਿੰਘ ਭਿੰਦਾਂ ਤੇ ਕਾਲੂ ਗਰਚਾ, ਅੰਤਰਰਾਸ਼ਟਰੀ ਮਿਕਸਡ ਮਾਰਸ਼ਲ ਆਰਟਸ ਖਿਡਾਰੀ ਯਾਦਵਿੰਦਰ ਸਿੰਘ ਯਾਦੀ, ਕਰਨਦੀਪ ਸਿੰਘ ਗੋਲਡੀ, ਭਿੰਦਰ ਸਿੰਘ ਰਾਮਗੜੀਆ, ਹਰਦੀਪ ਸਿੰਘ, ਤਰਲੋਚਨ ਸਿੰਘ ਫੋਜੀ ਸਮੇਤ ਕਈ ਮੈਂਬਰ ਤੇ ਸਮੂਹ ਖਿਡਾਰੀ ਹਾਜ਼ਰ ਸਨ।

# ਦੰਦਾਂ ਦੇ ਪੰਦਰਵਾੜੇ ਦੀ ਸ਼ੁਰੂਆਤ



ਸ੍ਰੀ ਚਮਕੌਰ ਸਾਹਿਬ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਮਿਤੀ 16 ਫਰਵਰੀ ਤੋਂ 2 ਮਾਰਚ ਤੱਕ ਦੰਦਾਂ ਦੀਆਂ ਬਿਮਾਰੀਆਂ ਸੰਬੰਧੀ ਮੁਫ਼ਤ 35ਵਾਂ ਪੰਦਰਵਾੜਾ ਮਨਾਇਆ ਜਿਾ ਰਿਹਾ ਹੈ। ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਨੇ ਸੀ ਐਚ ਸੀ ਚਮਕੌਰ ਸਾਹਿਬ ਵਿਖੇ ਦੰਦਾਂ ਦੇ ਪੰਦਰਵਾੜੇ ਦਾ ਉਦਘਾਟਨ ਕੀਤਾ। ਉਨ੍ਹਾਂ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਪੰਦਰਵਾੜੇ ਦੌਰਾਨ ਜਿਲ੍ਹਾ ਰੂਪਨਗਰ ਦੇ ਸਿਵਲ ਹਸਪਤਾਲ ਰੂਪਨਗਰ, ਸਿਵਲ ਹਸਪਤਾਲ ਅਨੰਦਪੁਰ ਸਾਹਿਬ, ਸਿਵਲ ਹਸਪਤਾਲ ਨੰਗਲ, ਸੀ ਐਚ ਸੀ ਨੂਰਪੁਰਬੇਦੀ, ਸੀ ਐਚ ਸੀ ਭਰਤਗੜ੍ਹ, ਪੀ ਐਚ ਸੀ ਕੀਰਤਪੁਰ ਸਾਹਿਬ, ਸੀ ਐਚ ਸੀ ਚਮਕੌਰ ਸਾਹਿਬ ਅਤੇ ਸੀ.ਐਚ.ਸੀ ਮੋਰਿੰਡਾ ਵਿਖੇ ਦੰਦਾਂ ਦੇ ਮਰੀਜਾਂ ਦਾ ਮੁਫ਼ਤ ਚੈਕ-ਅੱਪ ਕੀਤਾ ਜਾਵੇਗਾ। ਇਸ ਮੌਕੇ ਡਾ.ਗੋਬਿੰਦ ਟੰਡਨ ਨੇ ਕਿਹਾ ਕਿ ਸੀ.ਐਚ.ਸੀ ਚਮਕੌਰ ਸਾਹਿਬ ਵਿਖੇ ਲੋੜਵੰਦ ਮਰੀਜਾਂ ਨੂੰ 15 ਨਵੇਂ ਡੈਂਚਰ ਲਾਏ ਜਾਣਗੇ। ਮਰੀਜਾਂ ਦੇ ਦੰਦਾਂ ਦਾ ਚੈਕ-ਅੱਪ ਕਰਕੇ ਮੁਫਤ ਇਲਾਜ ਕੀਤਾ ਜਾਵੇਗਾ। ਉਨ੍ਹਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਪੰਦਰਵਾੜੇ ਦੌਰਾਨ ਹਸਪਤਾਲ ਵਿੱਚ ਆ ਕੇ ਵੱਧ ਤੋਂ ਵੱਧ ਲਾਭ ਲਿਆ ਜਾਵੇ। ਇਸ ਮੌਕੇ ਡਾ.ਸੁਮਿਤਾ ਵਸ਼ਿਸ਼ਟ ਡੈਂਟਲ ਡਾਕਟਰ, ਡਾ.ਰਿਸ਼ਵ ਅਗਰਵਾਲ, ਹਰਵਿੰਦਰ ਸਿੰਘ ਬੀ.ਈ.ਈ, ਚਰਨਜੀਤ ਕੌਰ ਨਰਸਿੰਗ ਸਿਸਟਰ, ਸੁਰਿੰਦਰਪਾਲ ਸਟੈਨੋ, ਹਰਜਿੰਦਰ ਸਿੰਘ ਸਟੈਨੋ ਅਤੇ ਪਤਵੰਤੇ ਸੱਜਣ ਹਾਜ਼ਰ ਸਨ।



ਭੋਗਪੁਰ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-ਸਿਵਲ ਸਰਜਨ ਡਾ. ਰਮਨ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਿਹਤ ਵਿਭਾਗ ਜਲੰਧਰ ਵੱਲੋਂ ਨੂੰ 35ਵੇਂ ਦੰਦਾਂ ਦੀ ਸਿਹਤ ਸੰਭਾਲ ਸੰਬੰਧੀ ਪੰਦਰਵਾੜੇ ਦੀ ਸ਼ੁਰੂਆਤ ਕੀਤੀ ਗਈ। ਸਿਵਲ ਹਸਪਤਾਲ ਜਲੰਧਰ ਵਿਖੇ ਪੰਦਰਵਾੜੇ ਦੀ ਸ਼ੁਰੂਆਤ ਮੌਕੇ ਮੈਡੀਕਲ ਸੁਪਰਡੈਂਟ ਡਾ. ਰਾਜੀਵ ਸ਼ਰਮਾ, ਡੀ.ਡੀ.ਐਚ.ਓ. ਡਾ. ਬਲਜੀਤ ਕੌਰ ਰੂਬੀ, ਸਹਾਇਕ ਸਿਹਤ ਅਫ਼ਸਰ ਡਾ. ਸਤਜੀਤ ਕੌਰ, ਐਸ.ਐਮ.ਓ. ਡਾ. ਗੁਰਮੀਤ ਲਾਲ ਅਤੇ ਐਸ.ਐਮ.ਓ. ਡਾ. ਸੁਰਜੀਤ ਸਿੰਘ ਮੌਜੂਦ ਸਨ। ਜਿਲ੍ਹਾ ਡੈਂਟਲ ਸਿਹਤ ਅਫ਼ਸਰ ਡਾ. ਬਲਜੀਤ ਕੌਰ ਰੂਬੀ ਵੱਲੋਂ ਦੱਸਿਆ ਗਿਆ ਕਿ ਪੰਦਰਵਾੜੇ ਦੌਰਾਨ ਦੰਦਾਂ ਦੀਆਂ ਬਿਮਾਰੀਆਂ ਦਾ ਇਲਾਜ ਦੰਦਾਂ ਦੇ ਮਾਹਿਰ ਡਾਕਟਰਾਂ ਵੱਲੋਂ ਮੁਫ਼ਤ ਕੀਤਾ ਜਾਵੇਗਾ ਅਤੇ 160 ਲੋੜਵੰਦ ਵਿਅਕਤੀਆਂ ਨੂੰ ਮੁਫ਼ਤ ਡੈਂਚਰ ਲਗਾਏ ਜਾਣਗੇ। ਉਨ੍ਹਾਂ ਦੱਸਿਆ ਕਿ ਜਿਲ੍ਹੇ ਵਿੱਚ ਸਿਵਲ



ਜਲੰਧਰ

ਹਸਪਤਾਲ ਜਲੰਧਰ, ਸਬ ਡਿਵੀਜ਼ਨ ਹਸਪਤਾਲ ਫਿਲੌਰ, ਸਬ ਡਿਵੀਜ਼ਨ ਹਸਪਤਾਲ ਨਕੋਦਰ, ਸੀ.ਐਚ.ਸੀ. ਬੜਾ ਪਿੰਡ, ਸੀ.ਐਚ.ਸੀ. ਸ਼ਾਹਕੋਟ, ਸੀ.ਐਚ.ਸੀ. ਕਾਲਾ ਬੱਕਰਾ ਵਿਖੇ ਫ੍ਰੀ ਡੈਂਟਲ ਫੋਰਟਨਾਈਟ ਕੈਂਪ ਲਗਾਏ ਜਾਣਗੇ।ਮੈਡੀਕਲ ਸੁਪਰਡੈਂਟ ਡਾ. ਰਾਜੀਵ ਸ਼ਰਮਾ ਵੱਲੋਂ ਦੱਸਿਆ ਗਿਆ ਕਿ ਸਿਵਲ ਹਸਪਤਾਲ ਜਲੰਧਰ ਵਿੱਚ 45 ਫ੍ਰੀ ਡੈਂਚਰ ਲੋੜਵੰਦ ਵਿਅਕਤੀਆਂ ਨੂੰ ਲਗਾਏ ਜਾਣਗੇ। ਡਾ. ਬਲਜੀਤ ਕੌਰ ਰੂਬੀ ਵੱਲੋਂ ਦੱਸਿਆ ਗਿਆ ਕਿ ਪੰਦਰਵਾੜੇ ਦੇ ਪਹਿਲੇ ਦਿਨ ਜਿਲ੍ਹੇ 'ਚ 406 ਲੋੜਵੰਦ ਵਿਅਕਤੀਆਂ ਵੱਲੋਂ ਡੈਂਟਲ ਸਿਹਤ ਸੇਵਾਵਾਂ ਦਾ ਲਾਭ ਲਿਆ ਗਿਆ ਹੈ। ਜਿਨ੍ਹਾਂ ਵਿੱਚੋਂ 94 ਮਰੀਜਾਂ ਦੇ ਐਕਸਟ੍ਰੇਸ਼ਨ, 9 ਮਰੀਜਾਂ ਦੇ ਸਰਜੀਕਲ ਪ੍ਰੋਸੀਜਰ, 94 ਮਰੀਜਾਂ ਦੇ ਟੈਂਪਰੇਰੀ ਫਿਲਿੰਗ, 47 ਮਰੀਜਾਂ ਦੇ ਪਰਮਾਨੈਂਟ ਫਿਲਿੰਗ ਅਤੇ 27 ਮਰੀਜਾਂ ਦੇ ਦੰਦਾਂ ਦੀ ਸਕੇਲਿੰਗ ਕੀਤੀ ਗਈ।

**ਭੋਗਪੁਰ: (ਗੁਰਪ੍ਰੀਤ ਸਿੰਘ ਭੋਗਲ)** ਸਿਵਲ ਸਰਜਨ ਡਾ. ਰਮਨ ਸ਼ਰਮਾ ਜਲੰਧਰ ਅਤੇ ਜਿਲ੍ਹਾ ਡੈਂਟਲ ਹੈਲਥ ਅਫਸਰ ਡਾ. ਬਲਜੀਤ ਕੌਰ ਰੂਬੀ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੀਨੀਅਰ ਮੈਡੀਕਲ ਅਫਸਰ ਡਾ. ਰਿਚਰਡ ਓਹਰੀ ਦੀ ਦੇਖਰੇਖ ਵਿੱਚ ਸੀਐਚਸੀ ਕਾਲਾ ਬੱਕਰਾ ਵਿਖੇ ਦੰਦਾਂ ਦੀ ਸਿਹਤ ਸੰਬੰਧੀ ਪੰਦਰਵਾੜੇ ਦੀ ਸ਼ੁਰੂਆਤ ਹੋਈ। ਸੀ ਐਚ ਸੀ ਦੇ ਡੈਂਟਲ ਮੈਡੀਕਲ ਅਫਸਰ ਡਾ. ਭਵਦੀਪ ਕੌਰ ਤੋਂ ਇਲਾਵਾਂ ਪੰਦਰਵਾੜੇ ਵਿੱਚ ਲੋਕਾਂ ਨੂੰ ਚੰਗੀਆਂ ਸੇਵਾਵਾਂ ਦੇਣ ਲਈ ਡਾਂ ਅਨੁਦੀਪ ਪੱਡਾ, ਡਾਂ ਜਤਿੰਦਰ ਕੌਰ ਤੇ ਡਾ. ਪੂਜਾ ਦੀ ਪੰਦਰਵਾੜੇ ਦਰਮਿਆਨ ਡਿਊਟੀ ਲਗਾਈ ਗਈ ਹੈ।

# 'ਦਿ ਬ੍ਰੋਕਨ ਟੇਬਲ' ਰਿਲੀਜ਼

**ਜਲੰਧਰ :** ਰਾਯਲ ਸਟੈਗ ਬੈਰੇਲ ਸਿਲੈਕਟ ਲਾਰਜ ਸ਼ਾਰਟ ਫਿਲਮਸ ਨੇ ਆਪਣੀ ਲੇਟੇਸਟ ਸ਼ਾਰਟ ਫਿਲਮ 'ਦਿ ਬ੍ਰੋਕਨ ਟੇਬਲ' ਰਿਲੀਜ ਕੀਤੀ ਹੈ। ਨਿੰਜਾ ਕੰਪਨੀ ਪ੍ਰੋਡਕਸ਼ਨ ਦੀ ਇਸ ਫਿਲਮ 'ਚ ਨਸੀਰੂਦੀਨ ਸ਼ਾਹ ਅਤੇ ਰਸਿਕਾ ਦੁੱਗਲ ਨੇ ਅਦਾਕਾਰੀ ਕੀਤੀ ਹੈ। ਇਸ ਦਾ ਨਿਰਮਾਣ ਅਤੇ ਨਿਰਦੇਸ਼ਨ ਚਿੰਤਨ ਸਾਰਦਾ ਨੇ ਕੀਤਾ ਹੈ, ਜਿਹੜਾ ਜੈਕੀ ਸ਼ਰਾਫ ਦੇ ਨਾਲ ਇੱਕ ਦਿਲਚਸਪ ਸ਼ਾਰਟ ਫਿਲਮ, ਸ਼ੂਨਯਤਾ ਦਾ ਨਿਰਦੇਸ਼ਨ ਕਰ ਚੁੱਕੀ ਹੈ। ਇਸ 24 ਮਿੰਟ ਦੀ ਫਿਲਮ 'ਚ ਇੱਕ 60 ਸਾਲਾ ਅਲਜਾਈਮਰ ਮਰੀਜ (ਸ਼ਾਹ ਵੱਲੋਂ ਅਭਿਨੀਤ) ਗਿਰਿਧਰਾ ਜਾਂ ਗਿਰੀ ਦੇ ਜੀਵਨ ਦਾ ਇੱਕ ਦਿਨ ਦਿਖਾਇਆ ਗਿਆ ਹੈ। ਦੁੱਗਲ ਦੀਪਤੀ ਨਾਮਕ ਇੱਕ ਅਕਾਂਕਸ਼ੀ ਮਨੋਵਿਗਿਆਨਕ ਹੈ। ਦਿ ਬ੍ਰੋਕਨ ਟੇਬਲ 'ਚ ਕਿਰਦਾਰਾਂ ਦੀਆਂ ਪਰਤਾਂ ਬਹੁਤ ਸਾਵਧਾਨੀ ਨਾਲ ਖੋਲੀਆਂ ਗਈਆਂ ਹਨ। ਇਸ ਸ਼ਾਰਟ ਫਿਲਮ ਦੇ ਬਾਰੇ 'ਚ ਨਸੀਰੂਦੀਨ ਸ਼ਾਹ ਨੇ ਕਿਹਾ, 'ਦਿ ਬ੍ਰੋਕਨ ਟੇਬਲ 'ਚ ਦਰਸਾਇਆ ਗਿਆ ਹੈ ਕਿ ਸਵੀਕਾਰਤਾ ਦੇ ਬਿਨਾਂ ਪਿਆਰ ਦਾ ਕੋਈ ਮਤਲਬ ਨਹੀਂ।

# ਜਮਹੂਰੀ ਕਿਸਾਨ ਸਭਾ ਦੀ ਸੂਬਾ ਕਾਨਫਰੰਸ 'ਚ ਫਾਸ਼ੀਵਾਦ ਖ਼ਤਰੇ ਨਾਲ ਲੜਨ ਲਈ ਇਕੱਠੇ ਹੋ ਕੇ ਹੰਭਲਾ ਮਾਰਨ ਦਾ ਸੱਦਾ

**ਜਲੰਧਰ (ਰਾਜੇਸ਼ ਥਾਪਾ)**

ਜਮਹੂਰੀ ਕਿਸਾਨ ਸਭਾ ਪੰਜਾਬ ਦੀ ਛੇਵੀਂ ਸੂਬਾ ਕਾਨਫਰੰਸ ਦਾ ਉਦਘਾਟਨ ਕਰਦੇ ਹੋਏ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਣ ਸਿੰਘ ਨੇ ਕਿਹਾ ਕਿ ਦਿੱਲੀ ਮੋਰਚਾ ਜਿੱਤਣ ਅਤੇ ਮੋਰਚੇ ਨੂੰ ਮਜ਼ਬੂਤ ਕਰਨ ਲਈ ਜ਼ਮਹੂਰੀ ਕਿਸਾਨ ਸਭਾ ਦਾ ਅਹਿਮ ਰੋਲ ਰਿਹਾ ਹੈ। ਇਸ ਮੋਰਚੇ ਨੇ ਸਾਨੂੰ ਸੰਘਰਸ਼ ਕਰਨ ਦੀ ਸਮਝ ਨਹੀਂ ਦਿੱਤੀ ਸਗੋਂ ਇਸ ਦੇ ਕਾਰਨਾਂ ਬਾਰੇ ਸਪੱਸ਼ਟ ਕੀਤਾ ਹੈ ਕਿ ਕਾਰਪੋਰੇਟ ਘਰਾਣੇ ਸਮੱਸਿਆ ਦਾ ਕਾਰਨ ਬਣੇ ਹਨ। ਪ੍ਰੋ. ਜਗਮੋਹਣ ਸਿੰਘ ਨੇ ਅੱਗੇ ਕਿਹਾ ਕਿ ਦੇਸ਼ ਭਰ 'ਚ ਫਾਸ਼ੀਵਾਦ ਦਾ ਖਤਰਾ ਵੱਧ ਰਿਹਾ ਹੈ, ਜਿਸ ਦਾ ਇਕੱਠੇ ਹੋ ਕੇ ਹੀ ਮੁਕਾਬਲਾ ਕੀਤਾ ਜਾ ਸਕਦਾ ਹੈ। ਜਮਹੂਰੀ ਕਿਸਾਨ ਸਭਾ ਪੰਜਾਬ ਦੀ ਸੂਬਾ ਪੱਧਰੀ ਕਾਨਫਰੰਸ ਦਾ ਸਹਿਜਾਦ ਦੇ ਮਾਸਟਰ ਪੈਲੇਸ 'ਚ ਆਗਾਜ ਕੀਤਾ ਗਿਆ। ਜਿਸ ਨੂੰ ਸਹੀਦ ਕਰਤਾਰ ਸਿੰਘ ਸਰਾਭਾ ਨਗਰ ਦਾ ਨਾਮ ਦਿੱਤਾ ਗਿਆ। ਇਸ ਮੌਕੇ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ ਨੇ ਇਸ ਮੌਕੇ ਕਿਹਾ ਕਿ ਦਿੱਲੀ ਮੋਰਚੇ ਦੌਰਾਨ ਪੰਜਾਬ ਅਤੇ ਹਰਿਆਣਾ ਦੀ ਦੋਸਤੀ ਵਧੀ ਹੈ ਅਤੇ ਦੇਸ਼ ਦੇ ਕਿਸਾਨਾਂ 'ਚ ਲੜਨ ਦੀ ਭਾਵਨਾ ਵੱਧੀ ਹੈ। ਖੁੱਲੇ ਸੈਸ਼ਨ ਉਪਰੰਤ ਬਕਾਇਦਾ ਕਾਨਫਰੰਸ ਦੇ ਆਰੰਭ 'ਚ ਜਮਹੂਰੀ ਕਿਸਾਨ ਸਭਾ ਦਾ ਝੰਡਾ ਲਹਿਰਾਉਣ ਦੀ ਰਸਮ ਇਨਕਲਾਬੀ ਨਾਅਰਿਆਂ ਦੀ ਗੂੰਜ 'ਚ ਅਡਾਨੀ ਦੀ ਖੁਸਕ ਬੰਦਰਗਾਹ ਕਿਲ੍ਹਾ ਰਾਏਪੁਰ ਅੱਗੇ ਲੱਗੇ ਮੋਰਚੇ ਦੇ ਸ਼ਹੀਦ ਬੀਬੀ ਮਹਿੰਦਰ ਕੌਰ ਡੇਹਲੋਂ ਦੇ ਬੇਟੇ ਅਵਤਾਰ ਸਿੰਘ ਗੋਗੀ ਨੇ ਅਦਾ ਕੀਤੀ। ਜਮਹੂਰੀ ਕਿਸਾਨ ਸਭਾ ਪੰਜਾਬ ਦੀ ਸੂਬਾ ਕਾਨਫਰੰਸ ਦੇ ਦੂਜੇ ਦਿਨ ਸੂਬਾ ਕਮੇਟੀ ਵੱਲੋਂ ਪੇਸ਼ ਕੀਤੀ। ਭਰਾਤਰੀ ਜਥੇਬੰਦੀਆਂ ਜਥੇਬੰਦੀਆਂ ਦੇ ਆਗੂਆਂ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਜਨਰਲ ਸਕੱਤਰ ਗੁਰਨਾਮ ਸਿੰਘ ਦਾਉਦ ਨੇ ਮਜ਼ਦੂਰ ਕਿਸਾਨ ਏਕੇ ਨੂੰ ਹਕੀਕੀ ਰੂਪ ਵਿੱਚ ਲਾਗੂ ਕਰਨ ਦੀ ਲੋੜ ਉੱਪਰ ਜੋਰ ਦਿੱਤਾ। ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਕਿਹਾ ਕਿ ਨਵਉਦਾਰਵਾਦੀ ਨੀਤੀਆਂ ਨੀਤੀਆਂ ਖਿਲਾਫ ਸਾਝੇਂ ਸੰਘਰਸ਼ ਦੀ ਲੋੜ ਹੈ। ਉਥੇ ਬੁਧੀਜੀਵੀ ਚਮਨ ਲਾਲ ਵਸ਼ਿਸ਼ਟ ਨੇ ਕਿਹਾ ਪੰਜਾਬ ਖੇਤੀ ਲਈ ਸੰਸਾਰ ਭਰ ਵਿੱਚੋਂ ਬੇਹਤਰੀਨ ਖਿੱਤਾ ਹੈ। ਕਿਸਾਨ ਨੂੰ ਬੀਜ ਮਹਿਗੀਆਂ ਨਦੀਨਨਾਸਕ ਕੀਟਨਾਸਕ ਦਵਾਈਆਂ, ਖਾਦਾਂ ਅਤੇ ਬੇਲੋੜੀ ਭਾਰੀ ਮਸ਼ੀਨਰੀ ਭਾਰੀ ਰੇਟਾਂ ਤਹਿਤ ਦੇ ਕੇ ਕੰਪਨੀਆਂ ਦੇ ਹਿੱਤ ਪੂਰੇ ਜਾ ਰਹੇ ਹਨ ਕਿਸਾਨੀ ਦੀਆਂ ਲਾਗਤਾਂ ਵੱਧ ਰਹੀਆਂ ਹਨ। ਕਿਸਾਨ ਪੱਖੀ, ਵਾਤਾਵਰਨ ਪੱਖੀ ਅਤੇ ਪਾਣੀ ਬਚਾਉਣ ਵਾਲੀਆਂ ਵਾਲੀਆਂ ਫਸਲਾਂ ਦੀ ਲੋੜ ਹੈ ਅਤੇ ਇਹ ਐਮ ਐਸ ਪੀ ਦੀ ਗਰੰਟੀ ਨਾਲ ਸੰਭਵ ਹੈ। ਉਹਨਾਂ ਕਿਹਾ ਕਿ ਆਰਥਿਕ ਲੁੱਟ ਕਾਰਨ ਕਿਸਾਨ ਕਰਜੇ ਦੇ ਜਾਲ 'ਚ ਫਸਦਾ ਹੈ ਅਤੇ ਖੁਦਕੁਸੀ ਲਈ ਮਜ਼ਬੂਰ ਹੋਣ ਤੱਕ ਚਲਾ ਜਾਂਦਾ ਹੈ।




# ਧਨੀ ਪਿੰਡ ਸਕੂਲ 'ਚ ਕਰਵਾਇਆ ਸਾਲਾਨਾ ਇਨਾਮ ਵੰਡ ਸਮਾਰੋਹ



**ਫਗਵਾੜਾ (ਡਾ. ਰਮਨ)**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਨੀ ਪਿੰਡ ਵਿਖੇ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ (ਸਟੇਟ ਅਵਾਰਡੀ) ਦੀ ਅਗਵਾਈ ਵਿੱਚ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਇਸ ਵਿੱਚ ਗੁਰਸ਼ਰਨ ਸਿੰਘ ਜ਼ਿਲ੍ਹਾ ਸਿੱਖਿਆ ਅਫਸਰ (ਸ) ਅਤੇ ਜਰਨੈਲ ਸਿੰਘ ਜ਼ਿਲ੍ਹਾ ਸਿੱਖਿਆ ਅਫਸਰ (ਐਲੀ) ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਹਾਜ਼ਰ ਹੋਏ। ਇਸ ਦੌਰਾਨ ਇਕਬਾਲ ਸਿੰਘ ਰੰਧਾਵਾ ਡੀ ਐਮ ਸਪੋਰਟਸ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸਵੇਰ ਦੇ ਸਮਾਗਮ ਦੌਰਾਨ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਪਾਏ ਗਏ ਅਤੇ ਇਸ ਉਪਰੰਤ ਪੜ੍ਹਾਈ ਅਤੇ ਖੇਡਾਂ 'ਚੋਂ ਅੱਵਲ ਆਏ ਵਿਦਿਆਰਥੀਆਂ ਨੂੰ ਇਨਾਮਾ ਦੀ ਵੰਡ ਕਰਨ ਲਈ ਇਨਾਮ ਵੰਡ ਸਮਾਰੋਹ ਆਯੋਜਿਤ ਕੀਤਾ ਗਿਆ, ਜਿਸ ਵਿੱਚ ਸੈਸ਼ਨ 2021-22 ਦੌਰਾਨ 8ਵੀਂ, 10ਵੀਂ ਅਤੇ 12ਵੀਂ ਜਮਾਤਾ ਦੇ ਅੱਵਲ ਵਿਦਿਆਰਥੀਆਂ ਅਤੇ ਜ਼ਿਲ੍ਹਾ ਤੇ ਸਟੇਟ ਵਿਚੋਂ ਪੁਜ਼ੀਸ਼ਨਾ ਪ੍ਰਾਪਤ ਕਰਨ ਵਾਲੀਆਂ ਖਿਡਾਰਨਾ ਨੂੰ ਇਨਾਮਾਂ ਦੀ ਵੰਡ ਕੀਤੀ ਗਈ। ਸਮਾਗਮ ਦੌਰਾਨ ਸੈਸ਼ਨ ਦੇ ਬੈਸਟ ਸਟੂਡੈਂਟਸ ਨੂੰ ਸਮਾਨਿਤ ਕੀਤਾ ਗਿਆ। ਇਸ ਦੌਰਾਨ ਗੁਰਸ਼ਰਨ ਜ਼ਿਲ੍ਹਾ ਸਿੱਖਿਆ ਅਫਸਰ (ਸ) ਨੇ ਆਪਣੇ ਸੰਬੋਧਨ ਵਿੱਚ ਸਕੂਲ ਦੀ ਸ਼ਲਾਘਾ ਕਰਦਿਆ ਕਿਹਾ ਕਿ ਇਹ ਸਕੂਲ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਜ਼ਿਲ੍ਹੇ ਦਾ ਨਾਂਅ ਉੱਚਾ ਕਰ ਰਿਹਾ ਹੈ। ਜਰਨੈਲ ਸਿੰਘ ਜ਼ਿਲ੍ਹਾ ਸਿੱਖਿਆ ਅਫਸਰ (ਐਲੀ.) ਨੇ ਵਿਦਿਆਰਥੀਆਂ ਨੂੰ ਮਨ ਲਗਾ ਕੇ ਪੜ੍ਹਾਈ ਕਰਨ ਅਤੇ ਜ਼ਿੰਦਗੀ ਵਿੱਚ ਸਖਤ ਮਿਹਨਤ ਕਰਕੇ ਕਾਮਯਾਬ ਹੋਣ ਦੀ ਪ੍ਰੇਰਨਾ ਦਿੱਤੀ। ਇਸ ਦੌਰਾਨ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ ਨੇ ਆਏ ਹੋਏ ਮਹਿਮਾਨਾ ਦਾ ਧੰਨਵਾਦ ਕੀਤਾ। ਇਸ ਦੌਰਾਨ ਰਾਮ ਗੋਪਾਲ ਸਰਪੰਚ, ਦਵਿੰਦਰ ਸਿੰਘ ਚੇਅਰਮੈਨ, ਗੁਰਮੀਤ ਰਾਮ ਸਾਬਕਾ ਸਰਪੰਚ, ਤਰਸੇਮ ਲਾਲ ਸਾਬਕਾ ਚੇਅਰਮੈਨ, ਬਲਕਾਰ ਸਿੰਘ ਪੰਚ, ਮਹਿੰਗਾ ਰਾਮ ਸਾਬਕਾ ਪ੍ਰਧਾਨ, ਪ੍ਰਿੰਸੀਪਲ ਮਲੂਕ ਚੰਦ ਕਲੇਰ, ਅਸ਼ੋਕ ਮਹਿਰਾ ਪੁੰਨਰਜੋਤ ਕੁਆਰਡੀਨੇਟਰ, ਸਤਨਾਮ ਸਿੰਘ ਪੰਚ, ਕਾਮਰੇਡ ਕੁਲਵੰਤ ਸਿੰਘ, ਚਰਨਜੀਤ ਸੀ ਐਚ ਟੀ ਤੋਂ, ਸਕੂਲ ਸਟਾਫ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

# ਜਨੌੜੀ ਨਿਵਾਸੀ ਸਵ. ਸੂਬੇਦਾਰ ਰਮੇਸ਼ ਚੰਦਰ ਦੇ ਪਰਵਾਰ ਵੱਲੋਂ ਉਨ੍ਹਾਂ ਦਾ ਸਰੀਰ ਮੈਡੀਕਲ ਰਿਸਰਚ ਲਈ ਦਾਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਰੋਟਰੀ ਆਈ ਬੈਂਕ ਅਤੇ ਕੋਰਨੀਆ ਟ੍ਰਾਂਸਪਲਾਂਟ ਸੁਸਾਇਟੀ ਵਲੋਂ ਮਰਨ ਤੋਂ ਬਾਅਦ ਅੱਖਾਂ ਅਤੇ ਸਰੀਰ ਦਾਨ ਮੁਹਿੰਮ ਨੂੰ ਉਸ ਸਮੇਂ ਬਲ ਮਿਲਿਆ ਜਦੋਂ ਪਿੰਡ ਜਨੌੜੀ ਨਿਵਾਸੀ ਸੂਬੇਦਾਰ ਰਮੇਸ਼ ਚੰਦਰ (87) ਦੇ ਮਰਨ ਤੋਂ ਬਾਅਦ ਉਨਾਂ ਦੇ ਪਰਵਾਰ ਨੇ ਉਨਾਂ ਦੀ ਇੱਛਾ ਅਨੁਸਾਰ ਉਨਾਂ ਦਾ ਸਰੀਰ ਮੈਡੀਕਲ ਰਿਸਰਚ ਦੇ ਲਈ ਦਾਨ ਦਿੱਤਾ। ਪ੍ਰਮੁੱਖ ਸਮਾਜ ਸੇਵੀ ਅਤੇ ਪ੍ਰਧਾਨ ਸੰਜੀਵ ਅਰੋੜਾ ਦੀ ਪ੍ਰਧਾਨਗੀ ਵਿੱਚ ਬਾਲੀ ਹਸਪਤਾਲ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ ਸੁਸਾਇਟੀ ਨੇ ਪਰਵਾਰ ਤੋਂ ਸਵ: ਰਮੇਸ਼ ਦਾ ਸਰੀਰ ਦਾਨ ਲਿਆ ਅਤੇ ਪੂਰੇ ਸਨਮਾਨ ਦੇ ਨਾਲ ਪਟਿਆਲਾ ਰਾਜਿੰਦਰਾ ਮੈਡਕੀਲ ਹਸਪਤਾਲ ਭੇਜਿਆ। ਇਸ ਮੌਕੇ ਤੇ ਸਵ: ਰਮੇਸ਼ ਦੇ ਪਾਰਿਵਾਰਿਕ ਮੈਂਬਰ ਬੇਟਾ ਵਰਿੰਦਰ ਕੁਮਾਰ, ਬਹੁ ਰਾਜ ਕੁਮਾਰੀ, ਸ਼ਿਵਮ, ਮਨੋਹਰ ਲਾਲ, ਕੁਲਵੰਤ ਸਿੰਘ, ਸੁਦੇਸ਼ਪਾਲ ਸਿੰਘ, ਜ਼ਿਲ੍ਹਾ ਪਰਿਸ਼ਦ ਮੈਂਬਰ ਰਜਨੀਸ਼ ਕੌਸ਼ਲ ਅਤੇ ਪੋਤੀ ਸਵਾਤੀ ਅਤੇ ਨਿਕਿਤਾ ਮੌਜੂਦ ਸਨ।

ਇਸ ਮੌਕੇ ਤੇ ਪਰਵਾਰ ਦਾ ਧੰਨਵਾਦ ਕਰਦੇ ਹੋਏ ਸੰਜੀਵ ਅਰੋੜਾ ਨੇ ਕਿਹਾ ਕਿ ਕਿਸੀ ਵੀ ਵਿਅਕਤੀ ਦੇ ਮਰਨ ਤੋਂ ਬਾਅਦ ਉਸ ਦੀ ਇੱਛਾ ਅਨੁਸਾਰ ਦਾਨ ਕੀਤਾ ਗਿਆ ਸਰੀਰ ਮੈਡੀਕਲ ਰਿਸਰਚ ਦੇ ਕੰਮ ਆਉਂਦਾ ਹੈ ਅਤੇ ਡਾਕਟਰੀ ਪੜ੍ਹਾਈ ਕਰ ਰਹੇ ਬੱਚਿਆਂ ਨੂੰ ਬਿਮਾਰੀ ਦੀ ਸਮਝ ਅਤੇ ਉਨਾਂ ਦੇ ਉਪਚਾਰ ਦਾ ਗਿਆਨ ਪ੍ਰਾਪਤ ਹੁੰਦਾ ਹੈ। ਉਨਾਂ ਦੇ ਪਰਵਾਰ ਨੇ ਦੱਸਿਆ ਕਿ ਜਿਹੜਾ ਵੀ ਸਰੀਰ ਦਿੱਤਾ ਜਾਂਦਾ ਹੈ ਉਸ ਨੂੰ ਪੂਰੇ ਸਨਮਾਨ ਨਾਲ ਰਿਸਰਚ ਦੇ ਕੰਮ ਲਈ ਲਿਆਇਆ ਜਾਂਦਾ ਹੈ ਅਤੇ ਰਿਸਰਚ ਪੂਰੀ ਹੋਣ ਤੇ ਸਨਮਾਨ ਨਾਲ ਉਸ ਦਾ ਅੰਤਿਮ ਸੰਸਕਾਰ ਵੀ ਕੀਤਾ ਜਾਂਦਾ ਹੈ। ਉਨਾਂ ਨੇ ਕਿਹਾ ਕਿ ਸੂਬੇਦਾਰ ਰਮੇਸ਼ ਚੰਦਰ ਨੇ ਜਿੱਥੇ ਜੀਉਂਦੇ ਜੀਅ ਦੇਸ਼ ਸੇਵਾ ਕੀਤੀ ਉਥੇ ਉਨਾਂ ਨੇ ਆਪਣਾ ਸਰੀਰ ਦਾਨ ਕਰਕੇ ਮਾਨਵ ਸੇਵਾ ਦੇ ਪ੍ਰਤੀ ਆਪਣੇ ਸੰਕਲਪ ਨੂੰ ਪੂਰਾ ਕੀਤਾ ਹੈ ਅਤੇ ਇਸ ਤਰ੍ਹਾਂ ਦੇ ਲੋਕ ਮਹਾਨ ਅਤੇ ਪ੍ਰੇਰਣਾਦਾਇਕ ਹੁੰਦੇ ਹਨ। ਇਸ ਮੌਕੇ ਤੇ ਚੇਅਰਮੈਨ ਜੇ.ਬੀ. ਬਹਿਲ ਅਤੇ ਡਾ.ਜ਼ਮੀਲ ਬਾਲੀ ਨੇ ਕਿਹਾ ਕਿ ਜੀਉਂਦੇ ਜੀਅ ਖੂਨਦਾਨ ਅਤੇ ਮਰਨ ਤੋਂ ਬਾਅਦ ਅੱਖਾਂ ਦਾ ਦਾਨ ਅਤੇ ਸਰੀਰ ਦਾਨ ਦਾ ਪ੍ਰਣ ਹਰੇਕ ਨਾਗਰਿਕ ਨੂੰ ਕਰ ਲੈਣਾ ਚਾਹੀਦਾ ਹੈ ਤਾਂਕਿ ਜੀਉਂਦੇ ਜੀਅ ਹੀ ਨਹੀ ਬਲਕਿ ਮਰਨ ਤੋਂ ਬਾਅਦ ਵੀ ਅਸੀਂ ਕਿਸੀ ਦੇ ਕੰਮ ਆ ਸਕੀਏ। ਉਨਾਂ ਨੇ ਪਰਵਾਰ ਨੂੰ ਦੱਸਿਆ ਕਿ ਸਵ: ਰਮੇਸ਼ ਜੀ ਵਰਗੇ ਦਾਨਵੀਰਾਂ ਦੇ ਹੁੰਦਿਆਂ ਹੀ ਅੱਜ ਸੁਸਇਟੀ 3700 ਤੋਂ ਵੱਧ ਲੋਕਾਂ ਨੂੰ ਰੋਸ਼ਨੀ ਪ੍ਰਦਾਨ ਕਰਨ ਵਿੱਚ ਸਫਲ ਹੋ ਪਾਈ ਹੈ ਅਤੇ ਸਰੀਰ ਦਾਨ ਦੇਣ ਦੇ ਕਾਰਨ ਵੀ ਹੁਣ ਲੋਕਾਂ ਵਿੱਚ ਪਹਿਲਾਂ ਤੋਂ ਜ਼ਿਆਦਾ ਜਾਗ੍ਰਤੀ ਆਈ ਹੈ। ਉਨਾਂ ਨੇ ਦੱਸਿਆ ਕਿ ਜਿਹੜਾ ਵੀ ਅੱਖਾਂ ਦਾ ਦਾਨ ਅਤੇ ਸਰੀਰ ਦਾਨ ਕਰਨ ਸਬੰਧੀ ਪ੍ਰਣ ਪੱਤਰ ਭਰਨਾ ਚਾਹੁੰਦਾ ਹੈ ਤਾਂ ਉਹ ਇਸ ਸਬੰਧੀ ਫਾਰਮ ਰੋਟਰੀ ਆਈ ਬੈਂਕ ਦੇ ਵੈਸ਼ਨੋਧਾਮ ਸਥਿਤ ਦਫਤਰ ਤੋਂ ਲੈ ਸਕਦਾ ਹੈ। ਇਸ ਦੇ ਲਈ ਫਾਰਮ ਭਰਨ ਵਾਲੇ ਦੀਆਂ 2 ਫੋਟੋਆਂ, ਆਧਾਰ ਕਾਰਡ, ਪਰਵਾਰ ਦੇ 2 ਮੈਂਬਰਾਂ ਦੀ ਸਹਿਮਤੀ ਅਤੇ ਪ੍ਰਣ ਪੱਤਰ ਨੋਟਰੀ ਪਬਲਿਕ ਤੋਂ ਪ੍ਰਮਾਣਿਤ ਕਰਵਾ ਕੇ ਰੋਟਰੀ ਆਈ ਬੈਂਕ ਵਿੱਚ ਜਮ੍ਹਾਂ ਕਰਵਾ ਸਕਦਾ ਹੈ। ਇਸ ਮੌਕੇ 'ਤੇ ਕੁਲਦੀਪ ਰਾਏ ਗੁਪਤਾ, ਪ੍ਰਿੰ: ਡੀ.ਕੇ. ਸ਼ਰਮਾ, ਮਦਨ ਲਾਲ ਮਹਾਜਨ, ਸ਼ਾਖਾ ਬੱਗਾ, ਅਵਿਨਾਸ਼ ਸੂਦ ਆਦਿ ਮੌਜੂਦ ਸਨ।

# 'ਸ਼ਹੀਦ ਕਾਂਸ਼ੀ ਰਾਮ ਮੜੌਲੀ' ਸਕੂਲ ਲਾਇਬ੍ਰੇਰੀ ਲਈ ਭੇਟ



**ਮੋਰਿੰਡਾ (ਜੈਜੀ ਸਰਦਾਰ)**

ਉੱਘੇ ਸਾਹਿਤਕਾਰ ਅਧਿਆਪਕ ਸਤਵਿੰਦਰ ਸਿੰਘ ਮੜੌਲਵੀ ਵੱਲੋਂ ਆਪਣੇ ਸਕੂਲ ਨੂੰ ਆਪਣੀ ਨਵ-ਪ੍ਰਕਾਸ਼ਿਤ ਪੁਸਤਕ "ਸ਼ਹੀਦ ਕਾਂਸ਼ੀ ਰਾਮ ਮੜੌਲੀ", ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਸਰਕਾਰੀ ਹਾਈ ਸਕੂਲ ਮੜੌਲੀ ਕਲਾਂ ਦੇ ਮੁੱਖ ਅਧਿਆਪਕਾ ਸ੍ਰੀਮਤੀ ਕੁਲਵੰਤ ਕੌਰ ਨੂੰ ਸਕੂਲ ਲਾਇਬ੍ਰੇਰੀ ਲਈ ਭੇਟ ਕੀਤੀ ਗਈ। ਵਰਨਣਯੋਗ ਹੈ ਸ਼ਹੀਦ ਕਾਂਸ਼ੀ ਰਾਮ ਗਦਰ ਪਾਰਟੀ ਦੇ ਅਮਰੀਕਾ ਵਿਖੇ ਗਠਨ ਦੌਰਾਨ ਜਨਰਲ ਸਕੱਤਰ ਚੁਣੇ ਗਏ ਸਨ ਅਤੇ ਦੇਸ਼ ਦੀ ਅਜ਼ਾਦੀ ਦੀ ਲਹਿਰ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਸੀ। ਇਹ ਪੁਸਤਕ ਨੈਸ਼ਨਲ ਬੁੱਕ ਟਰੱਸਟ ਇੰਡੀਆ, ਦਿੱਲੀ ਵੱਲੋਂ ਆਜ਼ਾਦੀ ਦਾ ਅੰਮ੍ਰਿਤ ਮਹਾਂਉਤਸਵ ਤਹਿਤ ਪ੍ਰਕਾਸ਼ਤ ਕੀਤੀ ਗਈ ਹੈ। ਗੁਰਨਾਮ ਸਿੰਘ ਚਨਾਲੋ ਨੇ ਕਿਹਾ ਕੇ ਇਹ ਜਾਣਕਾਰੀ ਭਰਪੂਰ ਪੁਸਤਕ ਹਰ ਇੱਕ ਪਾਠਕ ਤਕ ਪਹੁੰਚਣੀ ਚਾਹੀਦੀ ਹੈ। ਬਲਾਕ ਮੈਂਟਰ ਜਸਬੀਰ ਸਿੰਘ ਸ਼ਾਂਤਪੁਰੀ ਅਤੇ ਸਮੁੱਚੇ ਸਕੂਲ ਸਟਾਫ ਵੱਲੋਂ ਮੜੌਲਵੀ ਨੂੰ ਪੁਸਤਕ ਦੀ ਪ੍ਰਕਾਸ਼ਨਾ ਲਈ ਵਧਾਈ ਦਿੱਤੀ ਗਈ। ਇਸ ਮੌਕੇ ਹਰਕਮਲ ਸਿੰਘ , ਮੈਡਮ ਬਬੀਤਾ, ਸੁਖਵਿੰਦਰ ਕੌਰ, ਅਮਰਪ੍ਰੀਤ ਕੌਰ, ਸਵੇਤਾ, ਸ਼ਾਰਦਾ, ਸੋਭਨਾ ਸ਼ਰਮਾ, ਅਮਿਤਾ ,ਬਰਿੰਦਰਪਾਲ ਕੌਰ, ਰਿਤੂ ਤੋਂ ਇਲਾਵਾ ਸੁਖਵਿੰਦਰ ਸਿੰਘ ਤੇ ਇੰਦਰਜੀਤ ਆਦਿ ਹਾਜ਼ਰ ਸਨ।

18-Feb-PAGE-9.qxd 2/17/2023 9:23 PM Page 1



# ਸਰਕਾਰੀ ਮਿਡਲ ਸਕੂਲ ਗੀਗਨਵਾਲ ’ਚ ਤੀਸਰੀ ਵਾਰ ਹੋਈ ਚੋਰੀ

**ਬੁਲ੍ਹੋਵਾਲ, (ਵਿਰਦੀ)**

ਸਰਕਾਰੀ ਮਿਡਲ ਸਕੂਲ ਗੀਗਨਵਾਲ ਵਿਖੇ ਪਿਛਲੀ ਬੀਤੀ ਰਾਤ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਸਕੂਲ ਦੇ ਸਟਾਫ ਮੈਂਬਰ ਮਧੂ ਸ਼ਰਮਾ, ਰਕੇਸ਼ ਕੁਮਾਰ, ਸੁਖਵੀਰ ਕੌਰ, ਸ਼ੀਤਲ ਕੌਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਜਦੋਂ ਉਹ ਸਵੇਰੇ ਸਕੂਲ ਆਏ ਤਾਂ ਦਫਤਰ, ਕੰਪਿਊਟਰ-ਲੈਬ, ਰਸੋਈ, ਸਟੋਰ ਅਤੇ ਕਲਾਸ ਰੂਮਾਂ ਦੇ ਦਰਵਾਜੇ ਖੁੱਲੇ ਸਨ ਅਤੇ 6 ਜਿੰਦਰੇ ਟੁੱਟੇ ਹੋਏ ਸਨ। ਜਦੋਂ ਅੰਦਰ ਜਾ ਕੇ ਦੇਖਿਆ ਤਾਂ ਸਾਰੇ ਕਮਰਿਆਂ ਵਿੱਚੋਂ ਕਾਫੀ ਸਮਾਨ ਚੋਰੀ ਹੋ ਚੁੱਕਾ ਸੀ। ਸਟਾਫ ਵਲੋਂ ਤੁਰੰਤ ਪਿੰਡ ਦੇ ਸਰਪੰਚ ਰਣਵੀਰ ਸਿੰਘ ਨੂੰ ਸੂਚਿਤ ਕੀਤਾ ਗਿਆ ਅਤੇ ਸਰਪੰਚ ਵਲੋਂ ਤੁਰੰਤ ਸਕੂਲ ਵਿੱਚ ਪਹੁੰਚ ਕੇ ਪੁਲਸ ਥਾਣਾ ਬੁਲ੍ਹੋਵਾਲ ਨੂੰ ਸੂਚਿਤ ਕੀਤਾ ਗਿਆ। ਪੁਲਸ ਕਰਮਚਾਰੀਆਂ ਵਲੋਂ ਮੌਕੇ 'ਤੇ ਪਹੁੰਚ ਕੇ ਰਿਪੋਰਟ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ। ਸਟਾਫ ਨੇ ਦੱਸਿਆ ਕਿ ਸੀ.ਸੀ.ਟੀ.ਵੀ. ਕੈਮਰੇ ਰਾਹੀਂ ਪਤਾ ਚੱਲਿਆ ਹੈ ਕਿ ਰਾਤ 2 ਕੁ ਵਜੇ ਦੇ ਕਰੀਬ ਦੋ ਵਿਅਕਤੀ ਜਿਨ੍ਹਾਂ ਨੇ ਮੂੰਹ ਪੂਰੀ ਤਰ੍ਹਾਂ ਢੱਕੇ ਹੋਏ ਸਨ,



ਉਨਾਂ ਵਲੋਂ ਇਹ ਚੋਰੀ ਕੀਤੀ ਗਈ ਹੈ। ਉਹਨਾਂ ਜਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਵਿੱਚੋਂ ਇਹਨਾਂ ਚੋਰਾਂ ਦੁਆਰਾ ਦੋ ਐਲ.ਈ.ਡੀਜ਼, 30 ਕਿੱਲੋ ਆਟਾ, 3500 ਰੁਪਏ ਦਾ ਮਿਡ ਡੇ ਮੀਲ ਲਈ ਖਰੀਦਿਆ ਰਾਸ਼ਣ, ਬਰਤਨ (25 ਗਲਾਸ), ਮਾਈਕ ਸਮੇਤ ਸਾਊਂਡ ਸਿਸਟਮ ਆਦਿ ਚੋਰੀ ਕੀਤਾ ਗਿਆ ਅਤੇ ਸਰਕਾਰੀ ਰਿਕਾਰਡ ਨਾਲ ਵੀ ਛੇੜ-ਛਾੜ ਕੀਤੀ ਗਈ। ਇਸਦੇ ਨਾਲ ਹੀ ਚੋਰਾਂ ਵਲੋਂ ਸੀ.ਸੀ.ਟੀ.ਵੀ. ਕੈਮਰਿਆਂ ਦੀ ਭੰਨ-ਤੋੜ ਵੀ ਕੀਤੀ ਗਈ ਹੈ। ਸਟਾਫ ਨੇ ਦੱਸਿਆ ਕਿ ਸਕੂਲ ਵਿੱਚ ਇਹ ਤੀਸਰੀ ਵਾਰ ਚੋਰੀ ਹੋਈ ਹੈ। ਸਟਾਫ ਅਤੇ ਪੰਚਾਇਤ ਨੇ ਸਰਕਾਰ ਅਤੇ ਵਿਭਾਗ ਤੋਂ ਮੰਗ ਕੀਤੀ ਹੈ ਕਿ ਸਕੂਲਾਂ ਵਿੱਚ ਚੌਕੀਦਾਰ ਦਾ ਇੰਤਜਾਮ ਕੀਤਾ ਜਾਵੇ ਤਾਂ ਜੋ ਚੋਰੀ ਦੀਆਂ ਵਾਰਦਾਤਾਂ ਨੂੰ ਰੋਕਿਆ ਜਾ ਸਕੇ।

# ਮਿਲਟਰੀ ਕਾਲਜ ’ਚ ਪੰਜਾਬ ਦੇ ਬੱਚਿਆਂ ਲਈ ਦਾਖਲਾ ਲੈਣ ਦਾ ਸੁਨਹਿਰੀ ਮੌਕਾ : ਜੌੜਾਮਾਜਰਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਨੇ ਭਾਰਤੀ ਰੱਖਿਆ ਬਲਾਂ ’ਚ ਵੱਡਾ ਯੋਗਦਾਨ ਪਾਇਆ ਹੈ ਪਰ ਹਾਲ ਹੀ ’ਚ ਇਹ ਰੁਝਾਨ ਕੁਝ ਹੱਦ ਤੱਕ ਘੱਟ ਗਿਆ ਹੈ, ਇਸ ਰੁਝਾਨ ਨੂੰ ਮੁੜ ਬਹਾਲ ਕਰਨ ਦੇ ਉਦੇਸ਼ ਨਾਲ, ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਪੰਜਾਬ ਦੇ ਵੱਧ ਤੋਂ ਵੱਧ ਨੌਜਵਾਨਾਂ ਨੂੰ ਭਾਰਤੀ ਹਥਿਆਰਬੰਦ ਬਲਾਂ ’ਚ ਸ਼ਾਮਲ ਹੋਣ ਲਈ ਪ੍ਰੇਰਿਤ ਕਰ ਰਹੀ ਹੈ। ਰੱਖਿਆ ਸੇਵਾਵਾਂ ਭਲਾਈ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਰਾਸ਼ਟਰੀ ਭਾਰਤੀ ਮਿਲਟਰੀ ਕਾਲਜ ਦੇਹਰਾਦੂਨ, ਉੱਤਰਾਖੰਡ ਵੱਲੋਂ ਜਨਵਰੀ 2024 ਦੀ ਟਰਮ ਵਾਸਤੇ ਦਾਖਲੇ ਲਈ ਲਿਖਤੀ ਪ੍ਰੀਖਿਆ 3 ਜੂਨ 2023 (ਸਨੀਵਾਰ) ਨੂੰ ਚੰਡੀਗੜ੍ਹ ਦੇ ਸੈਕਟਰ 15 ਸਥਿਤ ਲਾਲਾ ਲਾਜਪਤ ਰਾਏ ਭਵਨ ’ਚ ਕਰਵਾਈ ਜਾਵੇਗੀ। ਉਹਨਾਂ ਅੱਗੇ ਦੱਸਿਆ ਕਿ ਲੜਕੇ ਅਤੇ ਲੜਕੀਆਂ ਦੋਵੇਂ ਹੀ ਆਰ ਆਈ ਐਮ ਸੀ, ਦੇਹਰਾਦੂਨ ’ਚ ਦਾਖਲੇ ਲਈ ਅਪਲਾਈ ਕਰਨ ਦੇ ਯੋਗ ਹਨ। ਪੰਜਾਬ ਸਰਕਾਰ ਵੱਲੋਂ ਪ੍ਰਤੀ ਕੈਡਿਟ ਪ੍ਰਤੀ ਸਾਲ ਪੰਜਾਬ ਦੇ ਕੈਡਿਟਾਂ ਨੂੰ 33,000 ਰੁਪਏ ਵਜੀਫਾ ਰਾਸ਼ੀ ਵਜੋਂ ਦਿੱਤੇ ਜਾਂਦੇ ਹਨ।

# ਝੁੱਗੀਆਂ ਝੌਂਪੜੀਆਂ ’ਚ ਰਹਿੰਦੇ ਪਰਵਾਰਾਂ ਦੇ ਬੱਚਿਆਂ ਨੂੰ ਵਿੱਦਿਆ ਤੇ ਰੋਜਗਾਰ ਨਾਲ ਜੋੜਨ ਲਈ ਯਤਨ ਜਾਰੀ : ਪ੍ਰੋਫ਼ੈਸਰ ਸੁਨੇਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**

ਪਿੰਡ ਅੱਜੋਵਾਲ ਵਿਖੇ ਸਥਿਤ ਪ੍ਰੀਤ ਨਗਰ ਵਿਖੇ ਗਰੀਬੀ ਰੇਖਾ ਤੋਂ ਹੇਠਾਂ ਝੁੱਗੀਆਂ ਝੌਂਪੜੀਆਂ ਵਿੱਚ ਰਹਿ ਰਹੇ ਲੋਕਾਂ ਦੇ ਜੀਵਨ ਪੱਧਰ ਉੱਚਾ ਚੁੱਕਣ ਲਈ ਸੇਵਾਵਾਂ ਨਿਭਾਅ ਰਹੀ ਉੱਘੀ ਸਮਾਜ ਸੇਵੀ ਸੰਸਥਾ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰੱਸਟ ਵੱਲੋਂ ਇਥੇ ਰਹਿ ਰਹੇ ਪਰਵਾਰਾਂ ਦੇ ਬੱਚਿਆਂ ਨੂੰ ਵਿਦਿਆ ਪ੍ਰਾਪਤ ਕਰਾਉਣ ਅਤੇ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਰੋਜਗਾਰ ਦੇਣ ਸਬੰਧੀ ਕੀਤੇ ਜਾ ਰਹੇ ਉਪਰਾਲਿਆਂ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਸਬੰਧ ਵਿੱਚ ਪੰਜਾਬ ਪੁਲਸ ਵਿੱਚ ਕੱਢੀਆਂ ਗਈਆਂ ਅਸਾਮੀਆਂ ਸਬੰਧੀ ਜਾਣਕਾਰੀ ਦੇਣ ਲਈ ਐਸ ਐਸ ਪੀ ਹੁਸ਼ਿਆਰਪੁਰ ਸਰਤਾਜ ਸਿੰਘ ਆਈ ਪੀ ਐਸ ਅਤੇ ਐਸ ਪੀ ਹੈਡਕੁਆਰਟਰ ਸ੍ਰੀਮਤੀ ਮਨਜੀਤ ਕੌਰ ਪੀ ਪੀ ਐਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸਾਂਝ ਕੇਂਦਰ ਹੁਸ਼ਿਆਰਪੁਰ ਦੇ ਇੰਚਾਰਜ ਇੰਸਪੈਕਟਰ ਸ਼ਿਵ ਸਿੰਘ ਦੀ ਅਗਵਾਈ ਵਿੱਚ ਜਾਗਰੂਕਤਾ ਕੈਂਪ ਪ੍ਰੀਤ ਨਗਰ ਪਿੰਡ ਅੱਜੋਵਾਲ ਵਿਖੇ ਲਗਾਇਆ ਗਿਆ। ਟਰੱਸਟ ਦੇ ਪ੍ਰਧਾਨ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਵੱਲੋਂ ਜ਼ਿਲ੍ਹਾ ਸਾਂਝ ਕੇਂਦਰ ਅਧਕਾਰੀਆਂ, ਇਲਾਕੇ ਦੇ ਨੌਜਵਾਨ ਲੜਕੇ ਅਤੇ ਲੜਕੀਆਂ ਅਤੇ ਇਨ੍ਹਾਂ ਦੇ ਮਾਤਾ ਪਿਤਾ ਨੂੰ ਜੀ ਆਇਆਂ ਨੂੰ ਆਖਦਿਆਂ ਕਿਹਾ ਕਿ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸਨਲ ਟਰੱਸਟ ਦਾ ਮੁੱਖ ਉਦੇਸ ਝੁੱਗੀਆਂ ਝੌਂਪੜੀਆਂ ਵਿੱਚ ਰਹਿ ਰਹੇ ਪਰਵਾਰਾਂ ਨੂੰ ਵਿਦਿਆ ਅਤੇ ਰੋਜਗਾਰ ਨਾਲ ਜੋੜਨਾ ਹੈ। ਵਿਦਿਆ ਪ੍ਰਾਪਤੀ ਅਤੇ ਇਸ ਦੀ ਭਵਿੱਖ ਨੂੰ ਸਵਾਰਨ ਸਬੰਧੀ ਅਹਿਮੀਅਤ ਸਬੰਧੀ ਜਾਣਕਾਰੀ ਨਾ ਹੋਣ



ਕਾਰਨ ਇਥੋਂ ਦੇ ਬੱਚੇ ਆਪਣੀ ਸਕੂਲੀ ਪੜ੍ਹਾਈ ਛੱਡ ਦਿੰਦੇ ਸਨ। ਉਨ੍ਹਾਂ ਕਿਹਾ ਕਿ ਇਥੇ ਰਹਿ ਰਹੇ ਪਰਵਾਰਾਂ ਦੇ ਬੱਚਿਆਂ ਨੂੰ ਵਿਦਿਆ ਪ੍ਰਾਪਤ ਕਰਵਾਉਣਾ ਅਤੇ ਪੜ੍ਹਾਈ ਛੱਡ ਚੁੱਕੇ ਬੱਚਿਆਂ ਨੂੰ ਕਿੱਤਾ ਮੁਖੀ ਸਕਿੱਲ ਡਿਵੈੱਲਪਮੈਂਟ ਪ੍ਰੋਗਰਾਮਾਂ ਲਈ ਵੱਧ ਤੋਂ ਵੱਧ ਪ੍ਰੇਰਿਤ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਜ਼ਿਲ੍ਹਾ ਸਾਂਝ ਕੇਂਦਰ ਹੁਸ਼ਿਆਰਪੁਰ ਦੇ ਅਧਿਕਾਰੀਆਂ ਅਵਜਿੰਦਰ ਸਿੰਘ ਏ ਐਸ ਆਈ ਅਤੇ ਕੁਲਵਿੰਦਰ ਸਿੰਘ ਹੈੱਡ ਕਾਂਸਟੇਬਲ ਵੱਲੋਂ ਪੰਜਾਬ ਪੁਲਸ ਵਿੱਚ ਹੋਣ ਵਾਲੀ ਭਰਤੀ ਸਬੰਧੀ ਵਿਦਿਅਕ ਯੋਗਤਾ ਅਤੇ ਹੋਰ ਲੋੜੀਂਦੀਆਂ ਸ਼ਰਤਾਂ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਨੌਜਵਾਨਾਂ ਵੱਲੋਂ ਭਰਤੀ ਸਬੰਧੀ ਪੁਛੇ ਗਏ ਸਵਾਲਾਂ ਸਬੰਧੀ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਸਮੇਂ ਸਮੇਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਵੀ ਆਖਿਆ। ਇਥੇ ਰਹਿ ਰਹੀ ਸਰਕਾਰੀ ਪੋਲੀਟੈਕਨਿਕ ਕਾਲਜ ਹੁਸ਼ਿਆਰਪੁਰ ਤੋਂ ਕੰਪਿਊਟਰ ਇੰਜੀਨੀਅਰਿੰਗ ਦਾ ਡਿਪਲੋਮਾ ਪਾਸ ਕਰ ਚੁੱਕੀ ਗੁਰਲੀਨ ਕੌਰ ਵੱਲੋਂ ਆਏ ਮਹਿਮਾਨਾਂ ਦਾ ਅਤੇ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰੱਸਟ ਦੇ ਆਹੁਦੇਦਾਰਾਂ ਧੰਨਵਾਦ ਕਰਦਿਆਂ ਕਿਹਾ ਕਿ ਹੁਣ ਇਸ ਇਲਾਕੇ ਦੇ ਹਰ ਘਰ ਵਿੱਚ ਵਿਦਿਆ ਪ੍ਰਾਪਤ ਕਰਕੇ ਅੱਗੇ ਵਧਣ ਲਈ ਉਤਸ਼ਾਹ ਵੱਧ ਰਿਹਾ ਹੈ। ਇਸ ਮੌਕੇ ਡਾਕਟਰ ਸਰਬਜੀਤ ਸਿੰਘ ਮਾਨਕੂ, ਕਿਸਾਨ ਆਗੂ ਓਂਕਾਰ ਸਿੰਘ ਧਾਮੀ, ਨਿਰਮਲ ਸਿੰਘ, ਪ੍ਰਧਾਨ ਸਿੰਘ, ਪੰਚ ਮਹਿੰਦਰ ਸਿੰਘ, ਪੰਚ ਗਿਆਨ ਸਿੰਘ, ਜਰਨੈਲ ਸਿੰਘ, ਕੁਮਾਰੀ ਨੀਲਮ, ਕੁਮਾਰੀ ਨਵੀਤਾ, ਰਵੀ ਸਿੰਘ ਅਤੇ ਭਾਈ ਬਚਿੱਤਰ ਸਿੰਘ ਯੂਥ ਕਲੱਬ ਦੇ ਮੈਂਬਰਾਂ ਵੱਲੋਂ ਜ਼ਿਲ੍ਹਾ ਸਾਂਝ ਕੇਂਦਰ ਅਧਕਾਰੀਆਂ ਦੁਆਰਾ ਸਮੇਂ ਸਮੇਂ ਨਸ਼ਿਆਂ ਵਿਰੁੱਧ ਜਾਗਰੂਕਤਾ ਕੈਂਪ ਅਤੇ ਲੋੜਵੰਦ ਬੱਚਿਆਂ ਨੂੰ ਕਿਤਾਬਾਂ ਕਾਪੀਆਂ ਮੁਹੱਈਆ ਕਰਵਾਉਣ ਲਈ ਕੀਤੇ ਜਾਂਦੇ ਉਪਰਾਲਿਆਂ ਲਈ ਧੰਨਵਾਦ ਕੀਤਾ ਅਤੇ ਆਏ ਹੋਏ ਅਧਿਕਾਰੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ।

# ਸਕੂਲੀ ਸਿੱਖਿਆ ਨੂੰ ਸੂਬੇ ’ਚ ਮਿਲੀ ਨਵੀਂ ਮਜ਼ਬੂਤੀ : ਜਿੰਪਾ

**ਹੁਸ਼ਿਆਰਪੁਰ, (ਓ ਪੀ ਰਾਣਾ)**

ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਸਿਹਤ ਤੇ ਸਿੱਖਿਆ ਹੈ ਅਤੇ ਇਨ੍ਹਾਂ ਦੋਵਾਂ ਵਿਸ਼ਿਆਂ ’ਤੇ ਸਰਕਾਰ ਬਹੁਤ ਹੀ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਕੂਲਂ ਸਿੱਖਿਆ ਨੂੰ ਸੂਬੇ ਵਿਚ ਨਵੀਂ ਮਜ਼ਬੂਤੀ ਪ੍ਰਦਾਨ ਕੀਤੀ ਗਈ ਹੈ, ਜਿਸ ਦੇ ਸਾਰਥਕ ਨਤੀਜੇ ਆਉਣ ਵਾਲੇ ਸਮੇਂ ਵਿਚ ਦੇਖਣ ਨੂੰ ਮਿਲਣਗੇ। ਉਹ ਸਰਕਾਰੀ ਐਲੀਮੈਂਟਰੀ ਸਕੂਲ ਆਦਮਵਾਲ ਵਿਚ ਸਕੂਲ ਨੂੰ ਫਰਨੀਚਰ ਦਾ ਸਾਮਾਨ ਭੇਟ ਕਰਨ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨੇ ਸਕੂਲ ਨੂੰ ਕੁਰਸੀਆਂ, ਟੀਚਰ ਟੇਬਲ, ਛੋਟੀਆਂ ਅਲਮਾਰੀਆਂ ਆਦਿ ਭੇਟ ਕੀਤੀਆਂ। ਇਸ ਮੌਕੇ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ:) ਸੰਜੀਵ ਗੌਤਮ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ:) ਸੁਖਵਿੰਦਰ ਸਿੰਘ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਸਕੂਲ ਦੇ ਪ੍ਰੀ-ਪ੍ਰਾਇਮਰੀ ਦੇ ਬੱਚਿਆਂ ਨੂੰ ਸਕੂਲ ਡਰੈੱਸ ਭੇਟ ਕਰਦੇ ਹੋਏ ਸਕੂਲ ਦੇ ਅਧਿਆਪਕਾਂ ਨਾਲ ਸਕੂਲ ਦੀਆਂ ਜ਼ਰੂਰਤਾਂ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਸਕੂਲ ਦੇ ਬੁਨਿਆਦੀ ਢਾਂਚੇ ਤੋਂ ਇਲਾਵਾ ਬੱਚਿਆਂ ਦੀ ਸਿੱਖਿਆ ਅਤੇ ਖੇਡ ਨਾਲ ਜੁੜੀ ਹਰੇਕ ਜ਼ਰੂਰਤ ਨੂੰ ਜਲਦ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਥੇ ਆ ਕੇ ਉਨ੍ਹਾਂ ਵਿਦਿਆਰਥੀਆਂ ਨਾਲ ਗੱਲਬਾਤ ਕਰਕੇ ਬਹੁਤ ਚੰਗਾ ਲੱਗਿਆ ਹੈ। ਇਸ ਦੌਰਾਨ ਉਨ੍ਹਾਂ ਨੇ ਬੱਚਿਆਂ ਨੂੰ ਜਿਥੇ ਮਨ ਲਗਾ ਕੇ ਪੜ੍ਹਨ ਲਈ ਪ੍ਰੇਰਿਤ ਕੀਤਾ, ਉਥੇ ਉਨ੍ਹਾਂ ਨੂੰ ਖੇਡਾਂ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਕਿਹਾ। ਇਸ ਦੌਰਾਨ ਉਹ ਸਕੂਲ ਵਿਚ ਮਿਡ-ਡੇ-ਮੀਲ ਦੇ ਕੰਮ ਨੂੰ ਦੇਖ ਕੇ ਬਹੁਤ ਖੁਸ਼ ਹੋਏ ਅਤੇ ਉਨ੍ਹਾਂ ਨੇ ਮਿਡ-ਡੇ-ਮੀਲ ਵਰਕਰਾਂ ਨੂੰ ਆਪਣੇ ਵਲੋਂ ਵੀ ਨਕਦ ਰਾਸ਼ੀ ਨਾਲ ਸਨਮਾਨਿਤ ਕੀਤਾ। ਇਸ ਮੌਕੇ ਸਕੂਲ ਦੇ ਅਧਿਆਪਕਾਂ ਤੋਂ ਇਲਾਵਾ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਅਤੇ ਪਿੰਡ ਦੇ ਹੋਰ ਪਤਵੰਤੇ ਵੀ ਮੌਜੂਦ ਸਨ।



# ਆਰ ਐੱਸ ਐੱਸ, ਕਾਂਗਰਸ ਤੇ ਆਪ ਬਹੁਜਨ ਸਮਾਜ ਦੇ ਹੱਕ ਖੋਹਣਾ ਚੁਹੰਦੇ : ਕਰੀਮਪੁਰੀ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਇਥੇ ਬਹੁਜਨ ਸਮਾਜ ਪਾਰਟੀ ਦੇ 16 ਫਰਵਰੀ 1992 ਦੇ ਸ਼ਹੀਦਾਂ ਦੀ ਯਾਦ ਵਿੱਚ ਸਮਾਗਮ ਸ਼ਹੀਦੀ ਸਮਾਰਕ ਵਿਖੇ ਕਰਵਾਇਆ ਗਿਆ, ਜਿਥੇ ਸਾਬਕਾ ਰਾਜ ਸਭਾ ਮੈਂਬਰ, ਸਾਬਕਾ ਪੰਜਾਬ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਦਿਆਂ ਕਿਹਾ ਕਿ 1961 ਵਿਚ ਜਵਾਹਰ ਲਾਲ ਨਹਿਰੂ ਨੇ ਪਛੜੇ ਵਰਗ ਦੇ ਹੱਕਾਂ ਦੀ ਖੋਹਣ ਦੀ ਗੱਲ ਕੀਤੀ ਸੀ, ਅਤੇ ਆਰ ਐਸ ਐਸ ਵੀ ਪਛੜੇ ਵਰਗ ਨੂੰ ਦਬਾਉਣਾ ਚਾਹੁੰਦੀ ਹੈ ਅਤੇ ਅੱਜ ਦੀ ਆਮ ਆਦਮੀ ਪਾਰਟੀ ਦੀ ਪੰਜਬ ਸਰਕਾਰ ਵੀ ਆਰ ਐਸ ਐਸ ਦੇ ਰਾਹ ’ਤੇ ਤੁਰ ਪਈ ਹੈ ਅਤੇ ਇਸ ਦੇ ਚੀਫ ਸੈਕਟਰੀ ਨੇ ਲਿਖਤੀ ਰੂਪ ਵਿਚ ਇਹ ਆਖਿਆ ਕਿ ਪਛੜੇ ਵਰਗ ਦਾ ਕੋਈ ਵੀ ਬੱਚਾ ਕਾਨੂੰਨ ਅਫਸਰ ਨਹੀਂ ਬਣ ਸਕਦਾ । ਕਰੀਮਪੁਰੀ ਨੇ ਅੱਗੇ ਕਿਹਾ ਕਿ ਸਾਡੇ ਹੱਕਾਂ ’ਤੇ ਡਾਕਾ ਮਾਰਨ ਵਾਲੇ ਅਤੇ ਬਹੁਜਨ ਸਮਾਜ ਦੇ ਵਿਰੋਧੀਆਂ ਨੂੰ ਅੱਜ ਸਾਡਾ ਸੰਤ ਸਮਾਜ ਉਹਨਾਂ ਦੇ ਗਲਾਂ ਵਿੱਚ ਸਿਰੋਪੇ ਪਾ ਕੇ ਸਨਮਾਨਿਤ ਕਰ ਰਿਹਾ ਹੈ ਜੋ ਕੇ ਸ਼ਰਮਨਾਕ ਗੱਲ ਹੈ ਅਤੇ ਕੁਮਾਰੀ ਮਾਇਆਵਤੀ ਵਲੋਂ ਉੱਤਰ ਪ੍ਰਦੇਸ਼ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂਅ ਤੇ ਬਣਾਏ ਜ਼ਿਲ੍ਹੇ ਨੂੰ ਮਨੂਵਦੀ ਹਾਕਮਾਂ ਨੇ ਬਦਲ ਦਿੱਤਾ ਤੇ ਸਾਡਾ ਸੰਤ ਸਮਾਜ ਬਨਾਰਸ ਵਿਖੇ ਉਹਨਾਂ ਦੇ ਗਲਾਂ ਵਿੱਚ ਹਾਰ ਪਾ ਰਿਹਾ ਹੈ ।



ਕਰੀਮਪੁਰੀ ਨੇ 2024 ਦੀਆਂ ਲੋਕ ਸਭਾ ਚੋਣਾਂ ਲੜਨ ਦੀ ਤਿਆਰੀ ਬਾਰੇ ਪੂਰੇ ਬਹੁਜਨ ਸਮਾਜ ਨੂੰ ਹੁਣ ਤੋਂ ਹੀ ਡੱਟ ਜਾਣ ਦਾ ਸੰਕੇਤ ਦਿੱਤਾ । ਇਸ ਸਮਾਗਮ ਨੂੰ ਬਸਪਾ ਪੰਜਾਬ ਪ੍ਰਧਾਨ ਗੁਰਮੇਲ ਚੁੰਬਰ, ਜ਼ਿਲ੍ਹਾ ਪ੍ਰਧਾਨ ਜਗਦੀਸ਼ ਸ਼ੇਰਪੁਰੀ, ਹਲਕਾ ਨਕੋਦਰ ਇੰਚਾਰਜ ਦੇਵ ਰਾਜ ਸੁਮਨ, ਜਗਦੀਸ਼ ਕਲੇਰ ਨੇ ਵੀ ਸੰਬੋਧਨ ਕਰਦਿਆਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ । ਇਸ ਮੌਕੇ ਸੁਮਨ ਕੁਮਾਰੀ ਅਤੇ ਵਲੈਤੀ ਰਾਮ ਦੋਨੋ ਕੌਂਸਲਰ, ਦਲਵੀਰ ਕਦੋਂ, ਸੁਰਿੰਦਰ ਪਾਲ ਸੁੰਨਡ,ਕਸ਼ਮੀਰੀ ਲਾਲ ਸਰਪੰਚ ਸੰਘੇ ਜਗੀਰ, ਦੇਸ ਰਾਜ ਚੁੰਬਰ, ਦੀਪਾ ਚੁੰਬਰ ਇਟਲੀ ,ਗਿਰਧਾਰੀ ਲਾਲ ਪਾਸਲਾ, ਹੰਸ ਰਾਜ ਸਿੱਧੂ ਤੇ ਹੋਰ ਪਾਰਟੀ ਵਰਕਰ ਹਾਜਰ ਸਨ । ਕਲਾਕਾਰਾਂ ਨੇ ਮਿਸ਼ਨਰੀ ਪ੍ਰੋਗਰਾਮ ਪੇਸ਼ ਕੀਤਾ ।

# 10 ਫਲੱਡ ਤੇ 16 ਸਟਰੀਟ ਲਾਈਟਾਂ ਨਾਲ ਜਗਮਗਾਏਗਾ ਸਰਕਾਰੀ ਹਸਪਤਾਲ ਸਿੰਘਪੁਰ

**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**

138 ਪਿੰਡਾਂ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਸਥਾਪਿਤ ਖੇਤਰ ਦੇ ਇਕਲੌਤੇ ਸਰਕਾਰੀ ਹਸਪਤਾਲ ਸਿੰਘਪੁਰ ਵਿਖੇ ਹਲਕਾ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਦੀ ਸਿਫਾਰਸ਼ ’ਤੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵੱਲੋਂ ਲਾਈਟਾਂ ਲਗਾਉਣ ਦਾ ਕਾਰਜ ਆਰੰਭਿਆ ਗਿਆ ਹੈ। ਜ਼ਿਕਰਯੋਗ ਹੈ ਕਿ ਉਕਤ ਸਰਕਾਰੀ ਹਸਪਤਾਲ ਵੱਲੋਂ ਐਮਰਜੈਂਸੀ ਸੇਵਾਵਾਂ ਵੀ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਅਤੇ ਰਾਤ ਸਮੇਂ ਹਸਪਤਾਲ ਦੇ ਸਮੁੱਚੇ ਕੰਪਲੈਕਸ ਅਤੇ ਮੁੱਖ ਮਾਰਗ ਤੋਂ ਹਸਪਤਾਲ ਤੱਕ ਜਾਣ ਵਾਲੇ ਕਰੀਬ 300 ਮੀਟਰ ਰਸਤੇ ’ਚ ਲਾਈਟਾਂ ਦੀ ਅਣਹੋਂਦ ਕਾਰਨ ਨਾ ਕੇਵਲ ਮਰੀਜ਼ਾਂ ਨੂੰ ਹੀ ਮੁਸ਼ਕਿਲ ਝੱਲਣੀ ਪੈਂਦੀ ਸੀ ਬਲਕਿ ਹਨੇਰੇ ਕਾਰਨ ਰਾਤ ਸਮੇਂ ਡਿਊਟੀ ਦੇਣ ਵਾਲੇ ਸਟਾਫ਼ ਨੂੰ ਵੀ ਕਾਫ਼ੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਹਸਪਤਾਲ ਦੀ ਉਕਤ ਸਮੱਸਿਆ ਨੂੰ ਦੇਖਦਿਆਂ ਵਿਧਾਇਕ ਦਿਨੇਸ਼ ਚੱਢਾ ਵੱਲੋਂ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਅਧਿਕਾਰੀਆਂ ਇਸ ਸਬੰਧੀ ਧਿਆਨ ਲਿਆਂਦਾ ਗਿਆ ਤੇ ਵਿਭਾਗ ਨੂੰ ਜਲਦ ਲਾਈਟਾਂ ਲਗਾਉਣ ਦੀ ਸਿਫਾਰਸ਼ ਕੀਤੀ ਗਈ। ਜਿਸ ’ਤੇ ਅੱਜ ਉਕਤ ਹਸਪਤਾਲ ਵਿਖੇ ਲਾਈਟਾਂ ਲਗਾਉਣ ਦਾ ਕਾਰਜ਼ ਆਰੰਭ ਹੋ ਗਿਆ। ਉਕਤ ਸਮੁੱਚਾ ਕਾਰਜ਼ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਗੱਲ ਕਰਨ ’ਤੇ ਕਾਰਪੋਰੇਸ਼ਨ ਦੇ ਜੂਨੀਅਰ ਇੰਜੀਨੀਅਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਵਿਧਾਇਕ ਚੱਢਾ ਦੀ ਸਿਫਾਰਸ਼ ’ਤੇ ਆਰੰਭ ਹੋਏ ਉਕਤ ਕੁਟੇਸ਼ਨ ਵਰਕ ’ਤੇ ਕਰੀਬ 4 ਲੱਖ ਰੁਪਏ ਦੀ ਰਾਸ਼ੀ ਖਰਚ ਆਵੇਗੀ। ਉਨਾਂ ਕਿਹਾ ਕਿ ਪ੍ਰੋਟੈਕਸ਼ਨ ਪਾਈਪ (ਡੀ.ਡਬਲਯੂ.ਸੀ) ਰਾਹੀਂ ਸਮੁੱਚੀਆਂ ਤਾਰਾਂ ਅੰਡਰ ਗਰਾਊਂਡ ਪਾਈਆਂ ਜਾ ਰਹੀਆਂ ਹਨ। ਉਨਾਂ ਕਿਹਾ ਕਿ ਵਿਭਾਗ ਦੇ ਕਾਰੀਗਰ ਤੇ ਮਜ਼ਦੂਰ ਕੰਮ ’ਤੇ ਜੁਟੇ ਹੋਏ ਹਨ ਅਤੇ ਉਕਤ ਕਾਰਜ਼ 2 ਹਫ਼ਤਿਆਂ ਅੰਦਰ ਮੁਕੰਮਲ ਕਰਕੇ ਲੋਕਾਂ ਤੇ ਹਸਪਤਾਲ ਨੂੰ ਸਮਰਪਿਤ ਕਰ ਦਿੱਤਾ ਜਾਵੇਗਾ। ਸਿਹਤ ਸਟਾਫ਼ ਅਤੇ ਇਲਾਕਾ ਨਿਵਾਸੀਆਂ ਨੇ ਹਲਕਾ ਵਿਧਾਇਕ ਚੱਢਾ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ।

# ਕੈਂਪ ਲਗਾ ਕੇ ਲੋਕਾਂ ਦੀਆਂ ਮੁਸ਼ਕਲਾਂ ਘਰਾਂ ਨੇੜੇ ਹੱਲ ਕਰਨ ਦਾ ਕੀਤਾ ਉਪਰਾਲਾ : ਮਨੀਸ਼ਾ ਰਾਣਾ

**ਨੰਗਲ (ਸੁਰਜੀਤ ਸਿੰਘ)**

ਆਮ ਲੋਕਾਂ ਨੂੰ ਸਾਫ ਸੁਥਰਾ ਪ੍ਰਸ਼ਾਸ਼ਨ ਦੇਣਾ ਸਾਡੀ ਜਿੰਮੇਵਾਰੀ ਹੈ। ਲੋਕਾਂ ਦੀਆਂ ਸਮੱਸਿਆਵਾ/ਮੁਸ਼ਕਿਲਾਂ ਦਾ ਹੱਲ ਕਰਨ ਲਈ ਉਨ੍ਹਾਂ ਦੇ ਘਰਾਂ ਨੇੜੇ ਸਾਂਝੀ ਥਾਂ ਉਤੇ ਜਨ ਸੁਣਵਾਈ ਕੈਂਪ ਲਗਾਏ ਗਏ ਹਨ। ਜਿਨ੍ਹਾਂ ਦਾ ਮਨੋਰਥ ਲੋਕਾਂ ਨੂੰ ਆਪਣੀਆ ਮੁਸ਼ਕਿਲਾਂ ਹੱਲ ਕਰਵਾਉਣ ਲਈ ਦਫਤਰਾਂ ਤੱਕ ਪਹੁੰਚ ਕਰਨ ਦੀ ਬੇਲੋੜੀ ਖੱਜਲ ਖੁਆਰੀ ਖਤਮ ਕਰਨਾ ਹੈ। ਇਹ ਪ੍ਰਗਟਾਵਾ ਐਸ.ਡੀ.ਐਮ ਮਨੀਸ਼ਾ ਰਾਣਾ ਆਈ.ਏ.ਐਸ ਨੇ ਖੇੜਾਬਾਗ, ਪਿੰਘਬੜੀ ਤੇ ਸਵਾਮੀਪੁਰ ਵਿਚ ਲਗਾਏ ਜਨ ਸੁਣਵਾਈ ਕੈਂਪ ਦੌਰਾਨ ਇਲਾਕੇ ਦੇ ਲੋਕਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾਂ ਨੇ ਕਿਹਾ ਕਿ ਆਮ ਤੌਰ ’ਤੇ ਦੂਰ ਦੁਰਾਡੇ ਪਿੰਡਾਂ ਵਿਚ ਰਹਿ ਰਹੇ ਲੋਕ ਸਮੇਂ ਦੀ ਘਾਟ ਕਾਰਨ ਵੱਖ -ਵੱਖ ਵਿਭਾਗਾਂ ਦੇ ਦਫਤਰਾਂ ਤੱਕ ਪਹੁੰਚ ਕਰਕੇ ਆਪਣੀਆਂ ਸਮੱਸਿਆਵਾਂ ਦਾ ਹੱਲ ਕਰਵਾਉਣ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਲਈ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਦੀ ਅਗਵਾਈ ਵਿਚ ਇਹ ਫੈਸਲਾ ਲਿਆ ਗਿਆ ਹੈ ਕਿ ਇਨ੍ਹਾਂ ਪੇਂਡੂ ਖੇਤਰਾਂ ਤੱਕ ਪਹੁੰਚ ਕਰਕੇ ਸਾਂਝੀਆਂ ਥਾਵਾਂ ਉਤੇ ਜਨ ਸੁਣਵਾਈ ਕੈਂਪ ਲਗਾਏ ਜਾਣ। ਇਸ ਲਈ ਖੇੜਾਬਾਗ, ਪਿੰਘਬੜੀ ਤੇ ਸਵਾਮੀਪੁਰ ਵਿਚ ਇਹ ਕੈਂਪ ਲਗਾਏ ਗਏ ਹਨ, ਜਿਨ੍ਹਾਂ ਵਿਚ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੁਲਸ ਮਹਿਕਮਾ, ਮਾਲ ਮਹਿਕਮਾ, ਜਲ ਸਪਲਾਈ ਅਤੇ ਸੈਨੀਟੇਸ਼ਨ, ਡਰੇਨੇਜ,ਮਾਈਨਿੰਗ ਆਦਿ ਵਿਭਾਗਾਂ ਦੇ ਅਧਿਕਾਰੀ ਵੀ ਮੌਕੇ ’ਤੇ ਆਪਣੇ ਵਿਭਾਗ ਦੇ ਕਰਮਚਾਰੀਆਂ ਨਾਲ ਹਾਜ਼ਰ ਰਹੇ। ਉਨ੍ਹਾਂ ਕਿਹਾ ਕਿ ਇਲਾਕੇ ਦੇ ਵੱਖ ਵੱਖ ਪਿੰਡਾਂ ਤੋਂ ਆਏ ਲੋਕਾਂ ਨੇ ਆਪਣੀਆਂ ਸਮੱਸਿਆਵਾਂ ਦੱਸੀਆਂ ਅਤੇ ਯੋਗ ਸਮੱਸਿਆਵਾਂ ਦਾ ਮੌਕੇ ’ਤੇ ਹੀ ਹੱਲ ਕੀਤਾ ਗਿਆ। ਜਿਹੜੇ ਮਾਮਲੇ ਕਿਸੇ ਕਾਰਨ ਬਕਾਇਆ ਰਹੇ ਉਨ੍ਹਾਂ ਨੂੰ ਸਮਾਬੱਧ ਹੱਲ ਕਰਨ ਦੇ ਨਿਰਦੇਸ਼ ਦਿੱਤੇ ਗਏ। ਇਸ ਮੌਕੇ ਤਹਿਸੀਲਦਾਰ ਨੀਰਜ ਕੁਮਾਰ, ਬੀ.ਡੀ.ਪੀ.ਓ ਈਸ਼ਾਨ ਚੌਧਰੀ, ਸੀ.ਡੀ.ਪੀ.ਓ ਜਗਮੋਹਨ ਕੌਰ, ਸੀਨੀਅਰ ਮੈਡੀਕਲ ਅਫਸਰ ਡਾ.ਚਰਨਜੀਤ ਕੁਮਾਰ, ਐਸ.ਡੀ.ਓ ਭਾਵਨਾ ਗਰਗ ਆਦਿ ਹਾਜ਼ਰ ਸਨ।

# ਸਿਵਾਏ ਨਾਮ ਸਿਮਰਨ ਦੇ ਖਜ਼ਾਨੇ ਤੋਂ ਹੋਰ ਕੁਝ ਵੀ ਨਾਲ ਨਹੀਂ ਜਾਣਾ : ਬਾਬਾ ਸ਼ੇਰ ਸਿੰਘ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਇਨਸਾਨ ਦੀ ਜ਼ਿੰਦਗੀ ’ਚ ਦੁਖ-ਸੁੱਖ ਆਉਂਦੇ ਜਾਂਦੇ ਰਹਿੰਦੇ ਹਨ ਇਹ ਕਦੇ ਵੀ ਸਥਿਰ ਨਹੀਂ ਰਹਿੰਦੇ, ਪਰ ਇਸਦੇ ਬਾਵਜੂਦ ਕਦੇ ਵੀ ਵਾਹਿਗੁਰੂ ਦੇ ਦਰਸਾਏ ਮਾਰਗ ਤੋਂ ਬੇਮੁੱਖ ਹੋ ਕੇ ਨਾਮ ਸਿਮਰਨ ਬੰਦ ਨਹੀਂ ਕਰਨਾ ਚਾਹੀਦਾ ਕਿਉਂਕਿ ਅੰਤ ਵੇਲੇ ਸਿਵਾਏ ਨਾਮ ਸਿਮਰਨ ਦੇ ਖਜਨੇ ਤੋਂ ਇਲਾਵਾ ਹੋਰ ਕੁਝ ਵੀ ਨਾਲ ਨਹੀਂ ਜਾਣਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਰ ਪੀਰ ਸੱਚੀ ਦਰਗਾਹ ਅਹਿਆਪੁਰ ਵਿਖੇ ਜੇਠੇ ਵੀਰਵਾਰ ਨੂੰ ਸਜਾਏ ਗਏ ਦਰਬਾਰ ’ਚ ਹਾਜ਼ਰ ਸੰਗਤ ਨੂੰ ਆਪਣੇ ਪ੍ਰਵਚਨਾਂ ਰਾਹੀਂ ਗੁਰੂ ਚਰਨਾਂ ਨਾਲ ਜੋੜਦੇ ਹੋਏ ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਸ਼ੇਰ ਸਿੰਘ ਘੋੜੀਆਂ ਵਾਲਿਆਂ ਨੇ ਕਿਹਾ ਕਿ ਦੁਨੀਆਂ ਦੀ ਹਰ ਚੀਜ ਨਾਸਵਾਨ ਹੈ ਕੋਈ ਵੀ ਸਥਿਰ ਨਹੀਂ ਹੈ ਅਤੇ ਇਨਸਾਨ ਨੂੰ ਇਹ ਕਦੇ ਵੀ ਭੁੱਲਣਾ ਨਹੀਂ ਚਾਹੀਦਾ ਕਿ ਜੋ ਕੁਝ ਵੀ ਤੁਹਾਨੂੰ ਮਿਲ ਰਿਹਾ ਹੈ ਇਹ ਹਮੇਸ਼ਾ ਨਹੀਂ ਰਹਿਣਾ ਵਕਤ ਦਾ ਪਹੀਆ ਹਮੇਸ਼ਾ ਘੁੰਮਦਾ ਰਹਿੰਦਾ ਹੈ ਇਸ ਲਈ ਸਾਨੂੰ ਕਦੇ ਵੀ ਅਹਿਕਾਰ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਜਿਹੜੇ ਇਨਸਾਨ ਸਤਿਗੁਰੂ ਦੇ ਦਰਸਾਏ ਮਾਰਗ ’ਤੇ ਚੱਲਦੇ ਹੋਏ ਗੁਰਬਾਣੀ ਦੀ ਸ਼ਰਨ ’ਚ ਆ ਜਾਂਦੇ ਹਨ, ਉਨ੍ਹਾਂ ਦੇ ਅੰਦਰੋਂ ਅਹਿੰਕਾਰ ਦਾ ਨਾਸ਼ ਹੋ ਜਾਂਦਾ ਹੈ। ਇਸ ਮੌਕੇ ਸਾਰਾ ਦਿਨ ਬਾਬਾ ਜੀ ਦਾ ਅਤੁੱਟ ਲੰਗਰ ਵਰਤਾਇਆ ਗਿਆ। ਇਸ



ਮੌਕੇ ਬੀਬੀ ਬਲਜੀਤ ਕੌਰ, ਮੀਰ ਕਮਲ ਸਾਬਰੀ, ਡਾ. ਮੀਰ ਹਸਨ, ਦੇਵਿਕਾ, ਜਸਵੀਰ ਸਿੰਘ, ਰਾਜੇਸ ਜਸਰਾ, ਅਜੀਤ ਸਿੰਘ, ਬੀਬੀ ਜਸਵਿੰਦਰ ਕੌਰ, ਹਰਵਿੰਦਰ ਸਿੰਘ ਅਤੇ ਹੋਰ ਸੰਗਤ ਨੇ ਦਰਬਾਰ ਵਿੱਚ ਹਾਜਰੀ ਲਗਵਾ ਕੇ ਬਾਬਾ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

# ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੀ ਆਲ ਇੰਡੀਆ ਕਾਨਫਰੰਸ ’ਚ ਜਨਰਲ ਸਕੱਤਰ ਦੀ ਰਿਪੋਰਟ ’ਤੇ ਬਹਿਸ ਜਾਰੀ

**ਬਹਿਰਾਮ (ਅਵਤਾਰ ਕਲੇਰ)**

ਕਾਮਰੇਡ ਕੁਮਾਰ ਸਲਾਰਕ ਨਗਰ ਹਾਵੜਾ (ਪੱਛਮੀ ਬੰਗਾਲ) ਵਿਖੇ 10ਵੀਂ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੀ ਆਲ ਇੰਡੀਆ ਕਾਨਫਰੰਸ ਵਿੱਚ ਖਬਰ ਲਿਖਣ ਤੱਕ ਬਹਿਸ ਜਾਰੀ ਸੀ। ਵੱਖ-ਵੱਖ ਰਾਜਾਂ ਵਿਚੋਂ ਆਏ ਸਾਥੀਆਂ ਨੇ ਬਹਿਸ ਵਿੱਚ ਹਿੱਸਾ ਲਿਆ। ਪੰਜਾਬ ਵਿਚੋਂ ਸਾਥੀ ਗੁਰਮੇਸ ਸਿੰਘ ਤੇ ਸਾਥੀ ਪਰਸ਼ੋਤਮ ਬਿਲਗਾ ਨੇ ਹਿੱਸਾ ਲਿਆ। ਵੱਖ-ਵੱਖ ਬੁਲਾਰਿਆਂ ਨੇ ਮਨਰੇਗਾ ਦੇ ਤਿੱਖੇ ਜਮੀਨੀ ਸੁਧਾਰ, ਬੇਰੁਜਗਾਰੀ, ਖੁਰਾਕ, ਸਮਾਜਿਕ ਸੁਰੱਖਿਆ, ਬੇਘਰਿਆਂ ਲਈ ਘਰ ਬਣਾਉਣ, ਪੀਣ ਵਾਲਾ ਪਾਣੀ ਅਤੇ ਸਿਹਤ ਸਹੂਲਤਾਂ ਆਦਿ ਨੂੰ ਲੈ ਕੇ ਲੜਾਈ ਤੇਜ ਕਰਨ ਦਾ ਵੱਖ ਵੱਖ ਰਾਜਾਂ ਦੇ ਸਾਥੀਆਂ ਨੇ ਸੁਝਾਅ ਦਿੱਤੇ ਅਤੇ ਮੋਦੀ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਦੇ ਵਿਰੁੱਧ ਤਿੱਖੇ ਸੰਘਰਸ਼ਾਂ ਦੇ ਸੁਝਾਅ ਦਿੱਤੇ ਹਨ। ਕੇਂਦਰ ਪੱਧਰ ਤੇ ਰਾਜਾਂ ਵਿੱਚ ਜਨਤਕ ਸੰਘਰਸ਼ਾਂ ਦਾ ਹੋਕਾ ਦਿੱਤਾ ਹੈ। ਇਨ੍ਹਾਂ ਸੰਘਰਸ਼ਾਂ ਦਾ ਤਜਰਬਾ ਦਸਦਿਆਂ ਸਾਥੀ ਗੁਰਮੇਸ ਸਿੰਘ ਤੇ ਸਾਥੀ ਬਿਲਗਾ ਨੇ ਕਿਹਾ ਕਿ ਅਸੀਂ ਜਿੱਥੇ ਆਜਾਦਾਨਾ ਤੌਰ ’ਤੇ ਲੜੇ ਜਾਂ ਉਥੇ ਬੀ ਕੇ ਐਮ ਯੂ ਅਤੇ ਮਜਦੂਰ ਮੁਕਤੀ ਮੋਰਚਾ ਆਦਿ ਫਰੰਟਾਂ ਨਾਲ ਮਿਲਕੇ ਲੜ ਰਹੇ ਹਾਂ। ਸਾਨੂੰ ਆਸ ਹੈ ਕਿ ਅਸੀਂ ਜਿੱਥੇ ਸੰਘਰਸ਼ ਜਿੱਤਾਂਗੇ ਉਥੇ ਯੂਨੀਅਨ ਨੂੰ ਮਜਬੂਤ ਕਰਨ ਵਿੱਚ ਵੀ ਕਾਮਯਾਬ ਹੋਵਾਂਗੇ ਅਤੇ ਰਾਜ ਅੰਦਰ ਜਥੇਬੰਦੀ ਨੂੰ ਹੋਰ ਮਜਬੂਤ ਕਰਕੇ ਅਗਲੇਰੀ ਕਾਨਫਰੰਸ ਵਿੱਚ ਆਵਾਂਗੇ। ਕਾਨਫਰੰਸ ਵਿੱਚ ਜਿੱਥੇ ਦੇਸ਼ ਭਰ ਵਿੱਚੋਂ 700 ਦੇ ਕਰੀਬ ਡੈਲੀਗੇਟ ਹਿੱਸਾ ਲੈ ਰਹੇ ਹਨ ਉਥੇ ਪੰਜਾਬ ਵਿਚੋਂ ਸਾਥੀ ਭੂਪ ਚੰਦ ਚੰਨੋਂ , ਰਾਮ ਸਿੰਘ ਨੂਰਪੁਰੀ, ਗੁਰਮੇਸ਼ ਸਿੰਘ , ਬਲਵੀਰ ਸਿੰਘ ਸੁਹਾਵੀ , ਜਸਵੀਰ ਸਿੰਘ ਝਬਾਲ, ਮਾ. ਮੂਲ ਚੰਦ ਸਰਹਾਲੀ , ਹਰਬੰਸ ਸਿੰਘ ਧੂਤ , ਨੱਥਾ ਸਿੰਘ ਫਾਜ਼ਿਲਕਾ , ਅਮੀਂ ਲਾਲ ਬਠਿੰਡਾ , ਕੁਲਦੀਪ ਝਿੰਗੜ, ਪਰਸ਼ੋਤਮ ਲਾਲ ਪਠਾਨਕੋਟ, ਰਣਜੀਤ ਸਿੰਘ ਚੌਹਾਨ, ਹਰਪਾਲ ਸਿੰਘ, ਡਾ. ਵਿਜੇ ਕੁਮਾਰ ਘਨੌਰ, ਡਾ. ਸਤਪਾਲ , ਗੁਰਚਰਨ ਸਿੰਘ ਜਖੇਪਲ , ਦਰਸ਼ਨ ਮੱਟੂ , ਗੁਰਦੀਪ ਸਿੰਘ ਭਿੱਖੀਵਿੰਡ , ਬਲਵੀਰ ਸਿੰਘ , ਬਜਿੰਦਰ , ਪੰਡਤ ਧੀਰ ਸਿੰਘ , ਰਾਜ ਰਾਣੀ, ਸੁਨੀਤਾ ਤਲਵੰਡੀ , ਕੁਲਜੀਤ ਕੌਰ , ਸੁਧਾ ਰਾਣੀ ਸਰਾਜ ਰਾਣੀ , ਪਰਮਿਲਾ ਰਾਣੀ ਆਦਿ ਸਾਥੀ ਸ਼ਾਮਲ ਹੋਏ।



# ਅੱਜ ਵੀ ਲੋਕ ਅਕਾਲੀ ਦਲ ਦੇ ਕੀਤੇ ਕੰਮਾਂ ਨੂੰ ਯਾਦ ਕਰ ਰਹੇ : ਬਾਦਲ

**ਮਹਿਤਪੁਰ (ਰਾਜਾ)**

ਮਹਿਤਪੁਰ ਵਿਖੇ ਡਾ. ਅਮਰਜੀਤ ਸਿੰਘ ਥਿੰਦ ਅਤੇ ਬਚਿੱਤਰ ਸਿੰਘ ਕੋਹਾੜ ਦੀ ਅਗਵਾਈ ਦੇ ’ਚ ਸਵਰਗਵਾਸੀ ਮਨਜੀਤ ਸਿੰਘ ਗਿੱਲ ਦੀ ਹਵੇਲੀ ਦੇ ’ਚ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਅਤੇ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ ਗਈ। ਇੱਥੇ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਮੇਂ ਕੀਤੇ ਕੰਮਾਂ ਨੂੰ ਯਾਦ ਕਰਵਾਇਆ ਅਤੇ ਭਗਵੰਤ ਮਾਨ ਦੀ ਸਰਕਾਰ ’ਤੇ ਤਿੱਖੇ ਨਿਸ਼ਾਨੇ ਕੱਸੇ। ਉਹਨਾਂ ਕਿਹਾ ਕਿ ਜੇਕਰ ਹਾਲਤ ਇਹੋ ਜਿਹੇ ਰਹੇ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬੀਆਂ ਨੂੰ ਬਿਜਲੀ ਦੇ ਲੰਮੇ ਕੱਟਾ ਤੋਂ ਪ੍ਰੇਸ਼ਾਨ ਰਹਿਣਾ ਪਵੇਗਾ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਵਰਕਰਾਂ ਅਤੇ ਆਗੂਆਂ ਨੂੰ ਅਪੀਲ ਕੀਤੀ ਕਿ ਆਉਣ ਵਾਲੀ ਲੋਕ ਸਭਾ ਚੋਣਾਂ ਦੇ ਵਿੱਚ ਪਾਰਟੀ ਨੂੰ ਹੋਰ ਵੀ ਮਜ਼ਬੂਤ ਕਰਨ ਅਤੇ ਲੋਕ ਸਭਾ ਚੋਣ ਨੂੰ ਜਿੱਤ ਕੇ ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਦੀ ਝੋਲੀ ਵਿਚ ਪਾਈ ਜਾਵੇ। ਇਸ ਮੌਕੇ ਸੰਪੂਰਨ ਸਿੰਘ ਗਿੱਲ, ਬਲਜੀਤ ਸਿੰਘ ਬੱਲੀ, ਦਲਜੀਤ ਸਿੰਘ ਕਾਹਲੋ, ਤਰਸੇਮ ਸਿੰਘ ਚੇਅਰਮੈਨ, ਸੁਖਵੰਤ ਸਿੰਘ ਰੋਲੀ, ਸੁੱਖਰਾਮ ਚੌਹਾਨ, ਸੱਸਪਾਲ ਸਿੰਘ ਪੰਨੂ, ਤਾਜਵੀਰ ਸਿੰਘ, ਬਲਦੇਵ ਸਿੰਘ ਕਲਿਆਣ, ਆਰਵਿਨ ਕੁਮਾਰ ਲੰਬੜਦਾਰ ਆਦਿ ਹਾਜ਼ਰ ਸਨ।



# ਸਤਿੰਦਰ ਸੱਤੀ ਵੱਲੋਂ ਨੌਜਵਾਨ ਪੀੜ੍ਹੀ ਨੂੰ ਪੰਜਾਬ ਦੇ ਸੱਭਿਆਚਾਰ ਦੀ ਝਲਕ ਰੇਡੀਓ ਰਾਹੀਂ ਵਿਖਾਉਣ ਦਾ ਨਿਵੇਕਲਾ ਉਪਰਾਲਾ

**ਮੋਹਾਲੀ, (ਗੁਰਜੀਤ ਬਿੱਲਾ)**

ਕਹਿੰਦੇ ਹਨ ਜੋ ਕੌਮਾਂ ਆਪਣੇ ਇਤਿਹਾਸ ਅਤੇ ਸਭਿਆਚਾਰ ਨੂੰ ਭੁੱਲ ਜਾਂਦੀਆਂ ਹਨ ਉਨ੍ਹਾਂ ਦਾ ਵਜੂਦ ਖ਼ਤਮ ਹੋ ਜਾਂਦਾ ਹੈ। ਪੰਜਾਬ ਆਪਣੇ ਆਪ ਵਿਚ ਇਕ ਮਾਣਮੱਤਾ ਇਤਿਹਾਸ ਅਤੇ ਦੁਨੀਆਂ ਦੇ ਅਮੀਰ ਵਿਰਸਿਆਂ ਵਿਚੋਂ ਇਕ ਵਿਰਸਾ ਆਪਣੀ ਬੁੱਕਲ ਵਿਚ ਲੁਕੋ ਕੇ ਬੈਠਾ ਹੈ। ਇਹ ਸਾਡੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਨੌਜਵਾਨ ਪੀੜੀ ਨੂੰ ਉਨ੍ਹਾਂ ਦੇ ਅਮੀਰ ਵਿਰਸੇ ਨਾਲ ਜਾਣੂ ਕਰਵਾਇਆ ਜਾਵੇ। ਇਹ ਅਹਿਮ ਗੱਲਾਂ ਪੰਜਾਬ ਦੀ ਮਸ਼ਹੂਰ ਹਸਤੀ ਸਤਿੰਦਰ ਸੱਤੀ ਨੇ ਮੀਡੀਆ ਨਾਲ ਗੱਲਬਾਤ ਕਰਦਿਆ ਕਹੀਆਂ। ਜ਼ਿਕਰਯੋਗ ਹੈ ਕਿ ਵਿਸ਼ਵ ਪ੍ਰਸਿੱਧ ਐਂਕਰ, ਅਦਾਕਾਰਾ, ਕਵਿੱਤਰੀ, ਗਾਇਕਾ ਅਤੇ ਪੰਜਾਬ ਆਰਟਸ ਕੌਂਸਲ ਦੇ ਸਾਬਕਾ ਚੇਅਰਪਰਸਨ ਸਤਿੰਦਰ ਸੱਤੀ ਮਾਈ ਐੱਫ ਐਮ ਨਾਲ ਮਿਲਕੇ ਰੰਗ ਪੰਜਾਬ ਦੇ ਬੈਨਰ ਹੇਠ ਪੰਜਾਬੀ ਵਿਰਸੇ ਨਾਲ ਸਬੰਧਿਤ ਇਕ ਲੜੀ ਸ਼ੁਰੂ ਕਰਨ ਜਾ ਰਹੇ ਹਨ। ਜਿਸ ਦੀ ਸ਼ੁਰੂਆਤ ਕਰਨ ਉਹ ਮੋਹਾਲੀ ਦੇ ਇਕ ਹੋਟਲ ’ਚ ਪਹੁੰਚੇ ਸਨ। ਸਤਿੰਦਰ ਸੱਤੀ ਨੇ ਕਿਹਾ ਕਿ ਪੰਜਾਬ ਦਾ ਵਿਰਸਾ ਬੇਸ਼ੱਕ ਬਹੁਤ ਲੰਬਾ ਇਤਿਹਾਸ ਸਿਰਜ ਕੇ ਬੈਠਾ ਹੈ ਜਿਸ ਨੂੰ ਕਿਸੇ ਸੀਮਤ ਸਮੇਂ ਵਿਚ ਬੰਨ੍ਹ ਕੇ ਬਿਆਨ ਨਹੀਂ ਕੀਤਾ ਜਾ ਸਕਦਾ। ਪਰ ਫਿਰ ਵੀ ਉਨ੍ਹਾਂ ਕੋਸ਼ਿਸ਼ ਕੀਤੀ ਹੈ ਕਿ ਮਿਲੇ ਹੋਏ ਸਮੇਂ ਵਿਚ ਉਹ ਅੱਜ ਦੀ ਪੀੜੀ ਨੂੰ ਪੰਜਾਬੀ ਸਭਿਆਚਾਰ ਨਾਲ ਜਾਣੂ ਕਰਵਾ ਸਕਣ। ਸੱਤੀ ਨੇ ਦੱਸਿਆ ਕਿ ਬਾਰਾਂ ਐਪੀਸੋਡ ਦੇ ਇਸ ਪ੍ਰੋਗਰਾਮ ਵਿਚ ਹਰ ਐਪੀਸੋਡ ਨੂੰ ਵੱਖ ਵੱਖ ਰੰਗ ਦੇ ਵਿਰਸੇ ਰਾਹੀਂ ਸਰੋਤਿਆਂ ਨਾਲ ਸਾਂਝਾ ਕੀਤਾ ਜਾਵੇਗਾ। ਜਿਸ ਵਿਚ ਬਾਬਾ ਬੁੱਲੇ ਸ਼ਾਹ, ਪੁਰਾਤਨ ਸੰਗੀਤ ਸਾਜ, ਅਨਮੋਲ ਵਿਰਸੇ ਦੀ ਕਹਾਣੀਆਂ, ਅਮਰ ਪ੍ਰੇਮ ਕਹਾਣੀਆਂ, ਪੰਜਾਬ ਦਾ ਬਟਵਾਰਾ, ਸ਼ਹੀਦ ਭਗਤ ਸਿੰਘ ਅਤੇ ਹੋਰ ਸੁਤੰਤਰਤਾ ਸੈਨਾਨੀ, ਪੰਜਾਬ ਦੀਆਂ ਵੱਖ ਵੱਖ ਉਪ-ਭਾਸ਼ਾਵਾਂ, ਪੰਜਾਬ ਦੀਆਂ ਖੇਡਾਂ,ਪਾਲੀਵੁੱਡ, ਪੰਜਾਬ ਦੇ ਸਭਿਆਚਾਰਕ ਨ੍ਰਿਤ, ਪੰਜਾਬ ਦੇ ਵਾਰਿਸ ਅਤੇ ਐਨ ਆਰ ਆਈ ਕਲਚਰ ਜਿਹੇ ਵਿਸ਼ੇ ਪ੍ਰਮੁੱਖ ਹਨ। ਇਸ ਦੇ ਨਾਲ ਹੀ ਸਤਿੰਦਰ ਸੱਤੀ ਨੇ ਨੌਜਵਾਨ ਪੀੜੀ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਨੌਜਵਾਨ ਆਧੁਨਿਕਤਾ ਵੱਲ ਆਕਰਸ਼ਿਤ ਹੋ ਕੇ ਆਪਣੇ ਸਭਿਆਚਾਰ ਅਤੇ ਵਿਰਸੇ ਨੂੰ ਨਾ ਭੁੱਲਣ। ਕਿਸੇ ਦੂਜੇ ਸਭਿਆਚਾਰ ਨੂੰ ਸਮਝਣਾ ਅਤੇ ਮਹਿਸੂਸ ਕਰਨਾ ਚੰਗਾ ਹੈ ਪਰ ਇਸ ਚੱਕਰ ਵਿਚ ਆਪਣੇ ਸਭਿਆਚਾਰ ਤੋਂ ਦੂਰ ਹੋਣਾ ਉਨ੍ਹਾਂ ਦੇ ਖ਼ੁਦ ਦੇ ਵਜੂਦ ਤੇ ਸਵਾਲ ਖੜਾ ਕਰ ਦੇਵੇਗਾ। ਇਸ ਲਈ ਆਧੁਨਿਕਤਾ ਦੇ ਨਾਲ ਹੀ ਆਪਣੀਆਂ ਜੜਾਂ ਨਾਲ ਜੁੜੇ ਰਹਿ ਕੇ ਆਪਣੇ ਅਮੀਰ ਵਿਰਸੇ ਨੂੰ ਵੀ ਅੱਜ ਪੀੜੀ ਪੂਰੀ ਤਰਾਂ ਯਾਦ ਰੱਖਣ। ਕਿਉਂਕਿ ਐਫ ਐਮ ਅੱਜ ਦੀ ਨੌਜਵਾਨ ਪੀੜੀ ਵਿਚ ਬਹੁਤ ਮਕਬੂਲ ਹੈ ਇਸ ਲਈ ਮਾਈ ਐਫ ਐਮ ਵੱਲੋਂ ਕੀਤੇ ਇਸ ਉਪਰਾਲੇ ਨਾਲ ਉਨ੍ਹਾਂ ਯਕੀਨ ਹੈ ਕਿ ਵੱਡੀ ਗਿਣਤੀ ਵਿਚ ਨੌਜਵਾਨ ਆਪਣੇ ਵਿਰਸੇ ਤੋਂ ਜਾਣੂ ਹੁੰਦੇ ਹੋਏ ਮਾਣ ਮਹਿਸੂਸ ਕਰਨਗੇ। ਸਤਿੰਦਰ ਸੱਤੀ ਨੇ ਮਾਈ ਐਫ ਐਮ ਵੱਲੋਂ ਕੀਤੇ ਇਸ ਉਪਰਾਲੇ ਲਈ ਉਨ੍ਹਾਂ ਦਾ ਧੰਨਵਾਦ ਵੀ ਕੀਤਾ।




# ਅਕਾਲਗੜ੍ਹ ਵਿਖੇ ਮਗਨਰੇਗਾ ਸਕੀਮ ਤਹਿਤ ਵਿਕਾਸ ਕੰਮ ਜੰਗੀ ਪੱਧਰ ’ਤੇ ਜਾਰੀ : ਗੁਲਜ਼ਾਰ ਸਿੰਘ



**ਫਗਵਾੜਾ (ਡਾ. ਰਮਨ)**

ਪਿੰਡ ਅਕਾਲਗੜ੍ਹ ਵਿਖੇ ਪੰਚਾਇਤ ਵੱਲੋਂ ਸਰਪੰਚ ਗੁਲਜਾਰ ਸਿੰਘ ਦੀ ਅਗਵਾਈ ਹੇਠ ਪੰਚਾਇਤ ਮੈਂਬਰਾਂ ਦੇ ਸਹਿਯੋਗ ਨਾਲ ਮਗਨਰੇਗਾ ਸਕੀਮ ਤਹਿਤ ਵਿਕਾਸ ਦਾ ਕੰਮ ਜੰਗੀ ਪੱਧਰ ’ਤੇ ਚੱਲ ਰਿਹਾ ਹੈ। ਵਧੇਰੇ ਜਾਣਕਾਰੀ ਦਿੰਦਿਆਂ ਸਰਪੰਚ ਗੁਲਜਾਰ ਸਿੰਘ ਅਕਾਲਗੜ੍ਹ ਨੇ ਦੱਸਿਆ ਕਿ ਮਗਨਰੇਗਾ ਕਾਮਿਆਂ ਦੇ ਸਹਿਯੋਗ ਨਾਲ ਬਰਮਾਂ ਦਾ ਲੈਵਲ ਠੀਕ ਕੀਤਾ ਜਾ ਰਿਹਾ ਹੈ। ਲਗਾਏ ਗਏ ਬੂਟਿਆਂ ਦੀ ਦੇਖਭਾਲ, ਸ਼ਮਸ਼ਾਨਘਾਟ ਦੀ ਸਾਫ-ਸਫਾਈ ਆਦਿ ਦੇ ਕੰਮ ਕਰਵਾਏ ਜਾ ਰਹੇ ਹਨ। ਉਹਨਾਂ ਪਿੰਡ ਵਾਸੀਆਂ ਨੂੰ ਯਕੀਨ ਦੁਆਇਆ ਕਿ ਵਿਕਾਸ ਦੇ ਸਮੁੱਚੇ ਕੰਮ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਕਰਵਾਏ ਜਾ ਰਹੇ ਹਨ। ਉਹਨਾਂ ਦੱਸਿਆ ਕਿ ਅਧੂਰੇ ਪਏ ਵਿਕਾਸ ਦੇ ਕੰਮ ਵੀ ਜਲਦੀ ਪੂਰੇ ਕਰਵਾਏ ਜਾਣਗੇ। ਇਸ ਮੌਕੇ ਜਸਬੀਰ ਕੌਰ ਮੇਹਟ ਤੋਂ ਇਲਾਵਾ ਮਗਨਰੇਗਾ ਕਾਮੇਂ ਬਿੰਦਰ ਪਾਲ, ਨਰਿੰਦਰ ਕੌਰ, ਕੁਲਬੀਰ ਕੌਰ, ਸੰਤੋਸ਼ ਕੌਰ, ਬਿਮਲਾ, ਕਮਲਜੀਤ ਕੌਰ, ਸ਼ਕੁੰਤਲਾ ਰਾਣੀ, ਨਰੇਸ਼ ਕੁਮਾਰੀ, ਲਕਸ਼ਮੀ ਦੇਵੀ ਆਦਿ ਹਾਜ਼ਰ ਸਨ।

# 10 ਸਾਲ ਪਹਿਲਾਂ ਬਣੇ ਆਧਾਰ ਕਾਰਡ ਨੂੰ ਅਪਡੇਟ ਕਰਵਾਉਣਾ ਜ਼ਰੂਰੀ : ਭਾਵਨਾ ਗਰਗ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਭਾਰਤੀ ਵਿਲੱਖਣ ਪਹਿਚਾਣ ਸੇਵਾ ਅਥਾਰਟੀ ਦੇ ਡਿਪਟੀ ਡਾਇਰੈਕਟਰ ਜਨਰਲ ਭਾਵਨਾ ਗਰਗ ਨੇ ਕਿਹਾ ਕਿ 10 ਸਾਲ ਪਹਿਲਾਂ (2015 ਤੋਂ ਪਹਿਲਾਂ) ਜਾਰੀ ਕੀਤੇ ਗਏ ਆਧਾਰ ਨੂੰ ਪਹਿਚਾਣ ਅਤੇ ਘਰ ਦੇ ਪਤੇ ਦੇ ਪ੍ਰਮਾਣ ਨਾਲ ਅਪਡੇਟ ਕੀਤਾ ਜਾਣਾ ਜ਼ਰੂਰੀ ਹੈ। ਉਹ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਚ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨਾਲ ਜ਼ਿਲ੍ਹਾ ਪੱਧਰੀ ਬਣਾਈ ਗਈ ਆਧਾਰ ਮਾਨੀਟਰਿੰਗ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ 0-5 ਸਾਲ ਅਤੇ 06-15 ਸਾਲ ਵਰਗ ਦੇ ਆਧਾਰ ਰਜਿਸਟਰੇਸ਼ਨ ਦੀ ਸਮੀਖਿਆ ਵੀ ਕੀਤੀ। ਉਨ੍ਹਾਂ ਕਿਹਾ ਕਿ ਕਿਊ.ਆਰ. ਕੋਡ ਐਪ ਰਾਹੀਂ ਜਾਂਚ ਕਰਨ ’ਤੇ ਜੇਕਰ ਆਧਾਰ ਕਾਰਡ ਫਰਜੀ ਪਾਇਆ ਜਾਂਦਾ ਹੈ, ਤਾਂ ਉਸ ਵਿਅਕਤੀ ਖਿਲਾਫ਼ ਤੁਰੰਤ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰੀ ਅਦਾਰਿਆਂ ਵਿਚ ਆਧਾਰ ਦੀ ਵਰਤੋਂ ਕਰਦੇ ਸਮੇਂ ਸਬੰਧਤ ਅਧਿਕਾਰੀਆਂ ਨੂੰ ਕਿਊ.ਆਰ. ਕੋਡ ਐਪ ਰਾਹੀਂ ਆਧਾਰ ਦੇ ਅਸਲੀ/ਨਕਲੀ ਹੋਣ ਦੀ ਪੁਸ਼ਟੀ ਕਰਨੀ ਹੋਵੇਗੀ। ਉਨ੍ਹਾਂ ਜ਼ਿਲ੍ਹੇ ਵਿਚ ਨਵਜੰਮੇ ਬੱਚਿਆਂ ਦੇ ਆਧਾਰ ਆਧਾਰਿਤ ਪੰਜੀਕਰਨ ਲਈ ਸਿਹਤ ਸੰਸਥਾਵਾਂ ਵਿਚ ਪੰਜੀਕਰਨ ਦੇ ਪ੍ਰਬੰਧ ਕਰਨ ਨੂੰ ਕਿਹਾ। ਉਨ੍ਹਾਂ ਕਿਹਾ ਕਿ ਕਿਉਂਕਿ ਨਵਜੰਮੇ ਬੱਚਿਆਂ ਦਾ ਬਾਇਓਮੈਟ੍ਰਿਕ ਜ਼ਰੂਰੀ ਨਹੀਂ ਹੈ, ਇਸ ਲਈ ਇਹ ਰਜਿਸਟਰੇਸ਼ਨ ਜਨਮ ਦੇ ਸਮੇਂ ਹੀ ਕਰਵਾਉਣੀ ਹੋਵੇਗੀ। ਭਾਵਨਾ ਗਰਗ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ 6-15 ਸਾਲ ਉਮਰ ਵਰਗ ਦੇ 100 ਫੀਸਦੀ ਰਜਿਸਟਰੇਸ਼ਨ ਵਿਚ ਤੇਜ਼ੀ ਲਿਆਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਦਾ 0-5 ਸਾਲ ਵਰਗ ਵਿਚ ਪਹਿਲਾਂ ਤੋਂ ਹੀ ਆਧਾਰ ਰਜਿਸਟਰੇਸ਼ਨ ਹੋ ਚੁੱਕਾ ਹੈ ਤਾਂ 6-15 ਸਾਲ ਵਰਗ ਵਿਚ ਉਸ ਦੇ ਬਾਇਓਮੈਟ੍ਰਿਕ ਵੀ ਅਪਡੇਟ ਕੀਤੇ ਜਾਣ। ਉਨ੍ਹਾਂ ਕਿਹਾ ਕਿ ਆਧਾਰ ਕਾਰਡ ਦੀ ਕਾਪੀ ਦਫ਼ਤਰੀ ਰਿਕਾਰਡ ਵਿਚ ਨਹੀਂ ਲਗਾਈ ਜਾਣੀ ਚਾਹੀਦੀ, ਤਾਂ ਜੋ ਇਸ ਦੀ ਦੁਰਵਰਤੋਂ ਨਾ ਹੋ ਸਕੇ ਅਤੇ ਆਧਾਰ ਦੇ ਅੰਤਿਮ ਚਾਰ ਅੰਕ ਜਾਂ ਵਰਚੂਅਲ ਆਧਾਰ ਦਾ ਪ੍ਰਯੋਗ ਕੀਤਾ ਜਾਵੇ। ਉਨ੍ਹਾਂ ਕਿਊ.ਆਰ.ਕੋਡ ਐਪ ਨੂੰ ਆਧਾਰ ਚੈਕ ਕਰਨ ਲਈ ਸਰਬੋਤਮ ਦੱਸਿਆ। ਉਨ੍ਹਾਂ 10 ਸਾਲ ਪਹਿਲਾਂ ਬਣੇ ਆਧਾਰ ਆਨਲਾਈਨ ਮਾਈ ਆਧਾਰ ਪੋਰਟਲ ’ਤੇ ਜਾ ਕੇ ਕਿਸੇ ਵੀ ਪਹਿਚਾਣ ਪੱਤਰ ਅਤੇ ਘਰ ਦੇ ਪਤੇ ਦੇ ਦਸਤਾਵੇਜ਼ ਨੂੰ ਅਪਲੋਡ ਕਰਨ ਦੀ ਸੁਵਿਧਾ ਦਾ ਵੱਧ ਤੋਂ ਵੱਧ ਲਾਭ ਲੈਣ ਨੂੰ ਕਿਹਾ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਇਸ ਮੌਕੇ ਕਿਹਾ ਕਿ ਜ਼ਿਲ੍ਹੇ ਵਿਚ 0-5 ਸਾਲ ਅਤੇ 5-15 ਸਾਲ ਵਰਗ ਦੇ ਆਧਾਰ ਰਜਿਸਟਰੇਸ਼ਨ ਦਾ ਅਭਿਆਨ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਆਧਾਰ ਕਾਰਡ ਨੂੰ ਪੂਰੀ ਤਰ੍ਹਾਂ ਨਾਲ ਤਰੁੱਟੀ ਮੁਕਤ ਬਣਾਉਣ ਲਈ ਵਿਸ਼ੇਸ਼ ਅਭਿਆਨ ਚਲਾਇਆ ਜਾਵੇ, ਕਿਉਂਕਿ ਲਗਭਗ ਸਾਰੀਆਂ ਸਰਕਾਰੀ ਯੋਜਨਾਵਾਂ ਦਾ ਲਾਭ ਲੈਣ ਲਈ ਆਧਾਰ ਕਾਰਡ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਆਧਾਰ ਕਾਰਡ ਅਪਡੇਟ ਕਰਨ ਲਈ ਪਿੰਡ ਪੱਧਰ ’ਤੇ ਵਿਸ਼ੇਸ਼ ਕੈਂਪ ਆਯੋਜਿਤ ਕੀਤੇ ਜਾਣ ਅਤੇ ਸਬੰਧਤ ਐਸ.ਡੀ.ਐਮ ਵਿਅਕਤੀਗਤ ਰੂਪ ਨਾਲ ਇਸ ਅਭਿਆਨ ਦੀ ਨਿਗਰਾਨੀ ਕਰਨ।

ਕੋਮਲ ਮਿੱਤਲ ਨੇ ਕਿਹਾ ਕਿ ਜ਼ਿਲ੍ਹੇ ਵਿਚ ਸੰਚਾਲਿਤ 128 ਆਧਾਰ ਕਾਰਡ ਕੇਂਦਰਾਂ ਰਾਹੀਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਲੋਕ ਬਿਨਾ ਕਿਸੇ ਦੇਰੀ ਅਤੇ ਪ੍ਰੇਸ਼ਾਨੀ ਦੇ ਆਧਾਰ ਸਬੰਧੀ ਸੇਵਾਵਾਂ ਦਾ ਲਾਭ ਉਠਾ ਸਕਣ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਦਲਜੀਤ ਕੌਰ, ਐਸ.ਡੀ.ਐਮ. ਹੁਸ਼ਿਆਰਪੁਰ ਪ੍ਰੀਤਇੰਦਰ ਸਿੰਘ ਬੈਂਸ, ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਕੰਟਰੋਲਰ ਸੰਯੋਗਿਤਾ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਅਮਰਜੀਤ ਸਿੰਘ ਭੁੱਲਰ, ਸੀਨੀਅਰ ਸੁਪਰਡੈਂਟ ਡਾਕਘਰ ਹੁਸ਼ਿਆਰਪੁਰ ਚਰਨਜੀਤ ਸਿੰਘ, ਐਲ.ਡੀ.ਐਮ ਤਰਸੇਮ ਸਿੰਘ, ਜ਼ਿਲ੍ਹਾ ਕੋਆਰਡੀਨੇਟਰ ਈ-ਗਵਰਨੈਂਸ ਰਣਜੀਤ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਮੌਜੂਦ ਸਨ।

# ਕਣਕ ਦੀ ਸਪਰੇਅ ਚੜ੍ਹਨ ਕਾਰਨ ਨੌਜਵਾਨ ਦੀ ਮੌਤ

**ਅੱਡਾ ਸਰਾਂ , (ਜਸਵੀਰ ਕਾਜਲ )**-ਪਿੰਡ ਹੰਬੜਾਂ ਵਾਸੀ ਨੌਜਵਾਨ ਦੀ ਕਣਕ ਦੇ ਖੇਤ ’ਚ ਸਪਰੇਅ ਕਰਦੇ ਸਮੇਂ ਸਪਰੇਅ ਚੜ੍ਹਨ ਕਾਰਨ ਮੌਤ ਹੋ ਗਈ। ਮੌਤ ਦਾ ਸ਼ਿਕਾਰ ਹੋਏ 20 ਵਰ੍ਹਿਆਂ ਦੇ ਨੌਜਵਾਨ ਦੀ ਪਛਾਣ ਬਲਰਾਜ ਸਿੰਘ ਪੁੱਤਰ ਸੁਲੱਖਣ ਸਿੰਘ ਦੇ ਰੂਪ ’ਚ ਹੋਈ ਹੈ। ਥਾਣਾ ਮੁਖੀ ਟਾਂਡਾ ਐੱਸ. ਆਈ. ਮਲਕੀਅਤ ਸਿੰਘ ਨੇ ਦੱਸਿਆ ਕਿ ਏ.ਐੱਸ.ਆਈ. ਰਾਜੇਸ਼ ਕੁਮਾਰ ਦੀ ਟੀਮ ਨੇ ਇਸ ਸੰਬੰਧੀ ਨੌਜਵਾਨ ਦੀ ਮਾਂ ਬਲਵਿੰਦਰ ਕੌਰ ਦੇ ਬਿਆਨ ਅਨੁਸਾਰ 174 ਸੀ.ਆਰ.ਪੀ.ਸੀ. ਤਹਿਤ ਕਾਰਵਾਈ ਕੀਤੀ ਹੈ। ਆਪਣੇ ਬਿਆਨ ਵਿਚ ਬਲਵਿੰਦਰ ਕੌਰ ਨੇ ਦੱਸਿਆ ਕਿ 2 ਫਰਵਰੀ ਨੂੰ ਖੇਤਾਂ ’ਚ ਸਪਰੇਅ ਚੜ੍ਹਨ ਤੋਂ ਬਾਅਦ ਉਨ੍ਹਾਂ ਟਾਂਡਾ ਦੇ ਸਰਕਾਰੀ ਹਸਪਤਾਲ ਵਿਚ ਮੁੱਢਲੀ ਡਾਕਟਰੀ ਮਦਦ ਤੋਂ ਬਾਅਦ ਬਲਰਾਜ ਨੂੰ ਲੁਧਿਆਣਾ ਦੇ ਹਸਪਤਾਲ ਵਿਚ ਭਰਤੀ ਕਰਵਾਇਆ ਸੀ ਜਿੱਥੇ ਹੁਣ ਉਸਦੀ ਮੌਤ ਹੋ ਗਈ ਹੈ।

# ਸਰਕਾਰੀ ਸਕੂਲਾਂ ’ਚ ਬੱਚਿਆਂ ਦੇ ਆਧਾਰ ਕਾਰਡ ਬਣਾਉਣ ਤੇ ਅਪਡੇਟ ਕਰਨ ਦਾ ਕੰਮ ਜਾਰੀ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**

ਬੱਚਿਆਂ ਨੂੰ ਵੱਖ-ਵੱਖ ਯੋਜਨਾਵਾਂ ਦਾ ਲਾਭ ਪ੍ਰਦਾਨ ਕਰਨ ਅਤੇ ਉਨ੍ਹਾਂ ਦੀਆਂ ਹੋਰਨਾਂ ਜ਼ਰੂਰਤਾਂ ਨੂੰ ਦੇਖਦਿਆਂ ਭਾਰਤ ਸਰਕਾਰ ਵੱਲੋਂ ਅਹਿਮ ਦਸਤਾਵੇਜ਼ ਵਜੋਂ ਐਲਾਨੇ ਆਧਾਰ ਕਾਰਡ ਨੂੰ ਬਣਾਉਣ ਅਤੇ ਅਪਡੇਟ ਕਰਨ ਲਈ ਸਕੂਲਾਂ ’ਚ ਬੱਚਿਆਂ ਦੀ ਸੁਵਿਧਾ ਲਈ ਸਿੱਖਿਆ ਵਿਭਾਗ ਵੱਲੋਂ ਵੱਖ-ਵੱਖ ਟੀਮਾਂ ਭੇਜੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਬੱਚਿਆਂ ਦਾ ਸਮੁੱਚਾ ਡੈਟਾ ਜਿਸ ਵਿੱਚ ਉਨਾਂ ਦੇ ਆਧਾਰ ਕਾਰਡ ਵੀ ਸ਼ਾਮਲ ਹੈ ਅਪਲੋਡ ਕੀਤਾ ਜਾਂਦਾ ਹੈ। ਮਗਰ ਕਈ ਬੱਚਿਆਂ ਕੋਲ ਨਾ ਤਾਂ ਆਧਾਰ ਕਾਰਡ ਹੀ ਹਨ ਅਤੇ ਕਈ ਬੱਚਿਆਂ ਦਾ ਆਧਾਰ ਅਪਡੇਟ ਹਨ। ਜਿਸ ਨੂੰ ਲੈ ਕੇ ਜ਼ਿਲਾ ਪ੍ਰਸ਼ਾਸ਼ਨ ਦੀਆਂ ਹਦਾਇਤਾਂ ਅਤੇ ਸਿੱਖਿਆ ਵਿਭਾਗ ਦੇ ਆਦੇਸ਼ਾਂ ਤਹਿਤ ਸਕੂਲਾਂ ’ਚ ਪਹੁੰਚ ਕੇ ਉਕਤ ਟੀਮਾਂ ਵੱਲੋਂ ਬੱਚਿਆਂ ਇਹ ਮਹੱਤਵਪੂਰਣ ਦਸਤਾਵੇਜ਼ ਬਣਾਇਆ ਜਾ ਰਿਹਾ ਹੈ ਤੇ ਅਪਡੇਟ ਕੀਤਾ ਜਾ ਰਿਹਾ ਹੈ। ਸਰਕਾਰੀ ਪ੍ਰਾਇਮਰੀ ਸਕੂਲ (ਲੜਕੇ) ਨੂਰਪੁਰਬੇਦੀ ਵਿਖੇ ਕੰਮ ’ਤੇ ਜੁਟੇ ਓਪਰੇਟਰ ਸਤਨਾਮ ਸਿੰਘ ਨੇ ਦੱਸਿਆ ਕਿ ਹੁਣ ਕਲਵਾਂ ਦੇ ਪ੍ਰਾਇਮਰੀ ਤੇ ਸੀਨੀਅਰ ਸੈਕੰਡਰੀ ਸਕੂਲ, ਝੱਜ ਸਕੂਲ, ਕਾਹਨਪੁਰ ਖੂਹੀ ਦੇ ਪ੍ਰਾਇਮਰੀ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਖੇੜਾ ਕਲਮੋਟ ਆਦਿ ਸਕੂਲਾਂ ’ਚ ਉਕਤ ਕਾਰਜ਼ ਮੁਕੰਮਲ ਕੀਤਾ ਜਾ ਚੁੱਕਾ ਹੈ। ਜਦਕਿ ਹੁਣ ਸੈਂਟਰ ਸਕੂਲ ਨੂਰਪੁਰਬੇਦੀ ਵਿਖੇ ਜੁਟੀ ਟੀਮ ਵੱਲੋਂ ਖੇੜੀ, ਸਿੰਬਲਮਾਜਰਾ, ਕੁੰਭੇਵਾਲ, ਜੱਟਪੁਰ, ਸਸਕੌਰ, ਪ੍ਰਾਇਮਰੀ ਸਕੂਲ ਕੰਨਿਆ ਨੂਰਪੁਰਬੇਦੀ ਅਤੇ ਸੈਣੀਮਾਜਰਾ ਨਾਲ ਸਬੰਧਿਤ ਸਕੂਲਾਂ ਦੇ ਬੱਚਿਆਂ ਦੇ ਇਕ ਹੀ ਸਥਾਨ ’ਤੇ ਬੈਠ ਕੇ ਆਧਾਰ ਕਾਰਡ ਬਣਾਏ ਜਾ ਰਹੇ ਹਨ ਤੇ ਅਪਡੇਟ ਕੀਤੇ ਜਾ ਰਹੇ ਹਨ। ਸਕੂਲ ਦੀ ਸੈਂਟਰ ਹੈੱਡ ਟੀਚਰ ਸੰਗੀਤਾ ਨੇ ਦੱਸਿਆ ਸਕੂਲਾਂ ’ਚ ਹੀ ਬੱਚਿਆਂ ਦਾ ਉਕਤ ਅਹਿਮ ਦਸਤਾਵੇਜ਼ ਬਣਾਉਣ ਤੇ ਅਪਡੇਟ ਕਰਨ ਨਾਲ ਜਿੱਥੇ ਮਾਪਿਆਂ ਨੂੰ ਖੱਜਲ-ਖੁਆਰੀ ਤੇ ਸਮੇਂ ਦੀ ਬਰਬਾਦੀ ਤੋਂ ਨਿਜਾਤ ਮਿਲੀ ਹੈ ਉੱਥੇ ਹੀ ਬੱਚਿਆਂ ਦੇ ਆਧਾਰ ਕਾਰਡ ਦੀ ਕਮੀ ਕਾਰਨ ਸਿੱਖਿਆ ਵਿਭਾਗ ਦਾ ਰੁਕਿਆ ਦਸਤਾਵੇਜ਼ੀ ਕੰਮ ਵੀ ਯਕੀਨਨ ਆਸਾਨ ਤੇ ਮੁਕੰਮਲ ਹੋ ਜਾਵੇਗਾ।

# ਪੇਅ ਪੈਰਿਟੀ ਨੂੰ ਲੈ ਕੇ ਵੈਟਰਨਰੀ ਡਾਕਟਰਾਂ ਨੇ ਸੰਘਰਸ਼ ਵਿੱਢਿਆ

■ ਰੋਸ ਪੰਦਰਵਾੜੇ ਦੌਰਾਨ ਡਿਪਟੀ ਡਾਇਰੈਕਟਰ ਰਾਹੀਂ ਭੇਜਿਆ ਮੰਗ ਪੱਤਰ




**ਬਰਨਾਲਾ (ਰਵਿੰਦਰ ਸ਼ਰਮਾ)**-ਪਸ਼ੂ ਪਾਲਣ ਵਿਭਾਗ ਵਿੱਚ ਕੰਮ ਕਰਦੇ ਵੈਟਰਨਰੀ ਅਫਸਰਾਂ ਨੇ ਅਪਣੇ ਹਮ ਰੁਤਬਾ ਮੈਡੀਕਲ ਅਫਸਰਾਂ ਨਾਲ ਚਿਰਾਂ ਤੋਂ ਚੱਲੀ ਆ ਰਹੀ ਪੇਅ ਪੈਰਿਟੀ ਦੀ ਬਹਾਲੀ ਲਈ ਇੱਥੇ ਡਿਪਟੀ ਡਾਇਰੈਕਟਰ ਨੂੰ ਮੰਗ ਪੱਤਰ ਸੌਂਪਦਿਆਂ ਕਾਲੇ ਬਿੱਲੇ ਲਾ ਕੇ ਰੋਸ ਜ਼ਾਹਰ ਕੀਤਾ। 21 ਫਰਵਰੀ ਤੱਕ ਚੱਲਣ ਵਾਲੇ ਇਸ ਰੋਸ ਪੰਦਰਵਾੜੇ ਬਾਰੇ ਜਾਣਕਾਰੀ ਦਿੰਦਿਆਂ ਜੁਆਇੰਟ ਐਕਸ਼ਨ ਕਮੇਟੀ ਆਫ ਵੈਟਸ ਫਾਰ ਪੇਅ ਪੈਰਿਟੀ ਦੇ ਆਗੂ ਡਾ. ਗਗਨਦੀਪ ਸਿੰਘ ਨੇ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਨੇ ਵੈਟਰਨਰੀ ਅਫਸਰਾਂ ਦਾ ਐਂਟਰੀ ਸਕੇਲ 56100 ਤੋਂ ਘਟਾ ਕੇ 47600 ਕਰ ਦਿੱਤਾ ਸੀ। ਇਸ ਘੋਰ ਬੇਇਨਸਾਫੀ ਖਿਲਾਫ ਸਰਕਾਰ ਨੂੰ ਵਾਰ-ਵਾਰ ਮੈਮੋਰੰਡਮ ਦੇਣ ਦੇ ਬਾਵਜੂਦ ਇਹ ਮਸਲਾ ਪਿਛਲੇ ਦੋ ਸਾਲ ਤੋਂ ਜਿਉਂ ਦਾ ਤਿਉਂ ਖੜਾ ਹੈ, ਜਿਸ ਕਾਰਨ ਮਜਬੂਰ ਹੋ ਕੇ ਵੈਟਰਨਰੀ ਡਾਕਟਰਾਂ ਨੂੰ ਸੰਘਰਸ਼ ਦਾ ਬਿਗਲ ਵਜਾਉਣਾ ਪਿਆ ਹੈ। ਉਨ੍ਹਾ ਕਿਹਾ ਕਿ ਮੈਡੀਕਲ ਅਫਸਰਾਂ ਨਾਲ ਪੇਅ ਪੈਰਿਟੀ ਦਾ ਮਸਲਾ ਮਹਿਜ ਕੋਈ ਆਰਥਿਕ ਮਸਲਾ ਨਹੀਂ ਹੈ, ਸਗੋਂ ਇਹ ਸਮੁੱਚੇ ਵੈਟਰਨਰੀ ਪ੍ਰੋਫੈਸ਼ਨ ਦੀ ਆਨ-ਸ਼ਾਨ ਤੇ ਸਮਾਜਿਕ ਰੁਤਬੇ ਦਾ ਮਸਲਾ ਹੈ।

ਰੋਸ ਧਰਨੇ ਨੂੰ ਸੰਬੋਧਨ ਕਰਦਿਆਂ ਡਾ. ਸੁਖਹਰਮਨਦੀਪ ਸਿੰਘ ਸ਼ੇਰਗਿੱਲ ਤੇ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਤੋੜੀ ਗਈ ਇਸ ਪੇਅ ਪੈਰਿਟੀ ਦਾ ਅਹਿਮ ਮਸਲਾ ਉਹ ਪਹਿਲਾਂ ਵੀ ਬਹੁਤ ਵਾਰ ਲਿਖਤੀ ਰੂਪ 'ਚ ਮੌਜੂਦਾ ਸਰਕਾਰ ਦੇ ਧਿਆਨ 'ਚ ਲਿਆਂਉਦੇ ਰਹੇ ਹਨ, ਪਰ ਸਰਕਾਰ ਝੂਠੇ ਲਾਰੇ ਲਾ ਕੇ ਟਾਲ ਮਟੋਲ ਵਾਲੀ ਨੀਤੀ 'ਤੇ ਚੱਲ ਰਹੀ ਹੈ, ਜਿਸ ਕਾਰਨ ਮਜਬੂਰ ਹੋ ਕੇ ਵੈਟਰਨਰੀ ਡਾਕਟਰਾਂ ਨੂੰ ਸਰਕਾਰ ਖਿਲਾਫ ਝੰਡਾ ਚੁੱਕਣਾ ਪਿਆ ਹੈ। ਇਸ ਲਈ ਹੁਣ ਅਣਸਰਦੇ ਸੰਘਰਸ਼ ਦਾ ਵੇਲਾ ਆ ਚੁੱਕਾ ਹੈ ਤੇ ਉਹ ਹਰ ਹਾਲ ਇਸ ਪੇਅ ਪੈਰਿਟੀ ਨੂੰ ਬਹਾਲ ਕਰਵਾ ਕੇ ਹੀ ਦਮ ਲੈਣਗੇ। ਇਸ ਇਕੱਠ ਨੂੰ ਹੋਰਨਾਂ ਤੋਂ ਇਲਾਵਾ ਡਾ. ਮਿਸਰ ਸਿੰਘ ਐੱਸ ਵੀ ਓ ਤਪਾ, ਡਾ. ਸੁਖਦੇਵ ਸਿੰਘ ਸਾਬਕਾ ਡਿਪਟੀ ਡਾਇਰੈਕਟਰ ਤੇ ਡਾ. ਉਜਾਗਰ ਸਿੰਘ ਮਾਨ ਸਾਬਕਾ ਡਿਪਟੀ ਡਾਇਰੈਕਟਰ ਨੇ ਸੰਬੋਧਨ ਕੀਤਾ। ਅੰਤ ਵਿੱਚ ਵੈਟਰਨਰੀ ਡਾਕਟਰਾਂ ਨੇ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਡਾ. ਲਖਵੀਰ ਸਿੰਘ ਰਾਹੀਂ ਪੰਜਾਬ ਸਰਕਾਰ ਨੂੰ ਇਕ ਮੈਮੋਰੰਡਮ ਵੀ ਭੇਜਿਆ।

## 26 ਨੂੰ ਜਲੰਧਰ 'ਚ ਕਰਨਗੇ ਕੰਪਿਊਟਰ ਅਧਿਆਪਕ ਰੈਲੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**-17 ਸਾਲਾਂ ਤੋਂ ਲਟਕਦੀਆਂ ਮੰਗਾਂ ਨੂੰ ਸੂਬਾ ਸਰਕਾਰ ਦੇ ਕੰਨਾਂ ਤੱਕ ਪਹੁੰਚਾਉਣ ਤੇ ਉਨ੍ਹਾਂ ਦੀ ਪੂਰਤੀ ਲਈ ਹੁਣ 26 ਫਰਵਰੀ ਨੂੰ ਕੰਪਿਊਟਰ ਅਧਿਆਪਕ ਜਲੰਧਰ ਵਿਖੇ ਰੈਲੀ ਕਰਨਗੇ। ਉਕਤ ਰੈਲੀ ਦੀਆਂ ਤਿਆਰੀਆਂ ਨੂੰ ਲੈ ਕੇ ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਬਲਜਿੰਦਰ ਸਿੰਘ ਫਤਿਹਪੁਰ ਦੀ ਅਗਵਾਈ 'ਚ ਜ਼ੂਮ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਰਕਾਰ ਵੱਲੋਂ ਕੰਪਿਊਟਰ ਅਧਿਆਪਕਾਂ ਦੀਆਂ ਮੰਗਾਂ ਨੂੰ ਪੂਰਾ ਕਰਨ 'ਚ ਕੀਤੀ ਜਾ ਰਹੀ ਟਾਲ ਮਟੋਲ ਦੀ ਨਖੇਧੀ ਕੀਤੀ ਅਤੇ ਮੰਗਾਂ ਨੂੰ ਪੂਰਾ ਕਰਨ ਲਈ ਸੰਘਰਸ਼ ਦੇ ਰਾਹ 'ਤੇ ਪੈਣ ਦਾ ਫੈਸਲਾ ਕੀਤਾ। ਸਮੂਹ ਜ਼ਿਲ੍ਹਾ ਪ੍ਰਧਾਨਾਂ ਤੇ ਸੂਬਾ ਕਮੇਟੀ ਮੈਂਬਰਾਂ ਨੇ ਫੈਸਲਾ ਲਿਆ ਕਿ ਜਲੰਧਰ ਦੇ ਬਜ਼ਾਰਾਂ ਵਿੱਚ ਪਹਿਲਾਂ ਪੰਜਾਬ ਸਰਕਾਰ ਵਿਰੁੱਧ ਰੋਸ ਮਾਰਚ ਕਰਦੇ ਹੋਏ ਪੰਜਾਬ ਸਰਕਾਰ ਤੇ ਸਿੱਖਿਆ ਮੰਤਰੀ ਪੰਜਾਬ ਅਤੇ ਆਪ ਦੇ ਵਿਧਾਇਕਾਂ ਦੇ ਵਾਅਦਿਆਂ ਨੂੰ ਪੈਂਫਲੈਂਟਾਂ ਰਾਹੀਂ ਆਮ ਲੋਕਾਂ 'ਚ ਉਜਾਗਰ ਕੀਤਾ ਜਾਵੇਗਾ। ਸੀਨੀਅਰ ਮੀਤ ਪ੍ਰਧਾਨ ਹਰਜੀਤ ਸਿੰਘ ਸੰਧੂ, ਅਨਿਲ ਐਰੀ ਮੀਤ ਪ੍ਰਧਾਨ, ਏਕਮਉਂਕਾਰ ਸਿੰਘ ਮੀਤ ਪ੍ਰਧਾਨ, ਸਿਕੰਦਰ ਸਿੰਘ ਮੀਤ ਪ੍ਰਧਾਨ ਨੇ ਦੱਸਿਆ ਕਿ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਨਾਲ ਅਨੇਕਾਂ ਵਾਰ ਮੀਟਿੰਗਾਂ ਕਰਨ ਉਪਰੰਤ ਵੀ ਕੰਪਿਊਟਰ ਅਧਿਆਪਕਾਂ ਦੀਆਂ ਜਾਇਜ਼ ਤੇ ਲੰਬਿਤ ਮੰਗਾਂ ਨੂੰ ਹੱਲ ਨਹੀਂ ਕੀਤਾ ਜਾ ਰਿਹਾ ਹੈ। ਇਸ ਮੌਕੇ ਨਰਦੀਪ ਸ਼ਰਮਾ ਮੀਤ ਪ੍ਰਧਾਨ, ਅਮਰਦੀਪ ਸਿੰਘ ਕਾਨੂੰਨੀ ਸਲਾਹਕਾਰ, ਹਰਜੀਤ ਸਿੰਘ ਵਿੱਤ ਸਕੱਤਰ, ਪਰਮਜੀਤ ਸਿੰਘ ਵਿੱਤ ਸਕੱਤਰ, ਹਰਮਿੰਦਰ ਸਿੰਘ ਸੰਧੂ ਪ੍ਰੈੱਸ ਸਕੱਤਰ, ਹਰਜਿੰਦਰ ਮਹਿਸਮਪੁਰ ਪ੍ਰੈੱਸ ਸਕੱਤਰ, ਸਟੇਟ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਟੌਹੜਾ, ਕੁਨਾਲ ਕਪੂਰ, ਜਗਤਾਰ ਸਿੰਘ, ਗਗਨਦੀਪ ਸਿੰਘ ਅੰਮ੍ਰਿਤਸਰ, ਰਵਿੰਦਰ ਸਿੰਘ ਹੁਸ਼ਿਆਰਪੁਰ, ਅਮਰਜੀਤ ਸਿੰਘ ਕਪੂਰਥਲਾ, ਲਖਵੀਰ ਸਿੰਘ ਤੇ ਈਸ਼ਰ ਸਿੰਘ ਬਠਿੰਡਾ, ਰੋਬਿਨ ਮਲੇਰਕੋਟਲਾ, ਹਰਜਿੰਦਰ ਸਿੰਘ ਨਵਾਂ ਸ਼ਹਿਰ, ਜਤਿੰਦਰ ਕੁਮਾਰ ਬਰਨਾਲਾ, ਰਮਨ ਕੁਮਾਰ ਕਪੂਰਥਲਾ ਆਗੂ ਸ਼ਾਮਲ ਸਨ।

# ਕੈਨੇਡਾ ਦੇ ਡਿਪਟੀ ਟਰਾਂਸਪੋਰਟ ਮੰਤਰੀ ਹਰਦੀਪ ਗਰੇਵਾਲ ਗੁਰੂ ਘਰ ਹੋਏ ਨਤਮਸਤਕ

■ ਸ਼ਹਿਰ ਤੇ ਇਲਾਕਾ ਵਾਸੀਆਂ ਵੱਲੋਂ ਭਰਵਾਂ ਸਵਾਗਤ


ਕੈਨੇਡਾ ਦੇ ਡਿਪਟੀ ਟਰਾਂਸਪੋਰਟ ਮੰਤਰੀ ਹਰਦੀਪ ਗਰੇਵਾਲ ਨੂੰ ਸਨਮਾਨਤ ਕਰਦੇ ਹੋਏ ਸ਼ਹਿਰ ਦੇ ਪਤਵੰਤੇ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕੈਨੇਡਾ ਦੇ ਬਰੈਂਪਟਨ ਓਂਟਾਰਿਓ (ਈਸਟ) ਹਲਕੇ ਤੋਂ ਡਿਪਟੀ ਟਰਾਂਸਪੋਰਟ ਮੰਤਰੀ ਹਰਦੀਪ ਸਿੰਘ ਗਰੇਵਾਲ ਵੀਰਵਾਰ ਮਾਛੀਵਾੜਾ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਨਤਮਸਤਕ ਹੋਏ, ਜਿੱਥੇ ਸ਼ਹਿਰ ਤੇ ਇਲਾਕਾ ਵਾਸੀਆਂ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕਰਦਿਆਂ ਸਨਮਾਨਤ ਕੀਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਡਿਪਟੀ ਟਰਾਂਸਪੋਰਟ ਮੰਤਰੀ ਹਰਦੀਪ ਗਰੇਵਾਲ ਮਾਛੀਵਾੜਾ ਵਿਖੇ ਆਪਣੇ ਮਾਮਾ ਸੀਨੀਅਰ ਕਿਸਾਨ ਆਗੂ ਮਨਮੋਹਣ ਸਿੰਘ ਖੇੜਾ ਤੇ ਨਗਿੰਦਰ ਸਿੰਘ ਮਾਂਗਟ ਦੇ ਗ੍ਰਹਿ ਵਿਖੇ ਪੁੱਜੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਦੀਪ ਸਿੰਘ ਗਰੇਵਾਲ ਨੇ ਕਿਹਾ ਕਿ ਪੰਜਾਬ ਤੋਂ ਕੈਨੇਡਾ ਜਾਣ ਵਾਲੇ ਬੱਚਿਆਂ ਨੂੰ ਆਪਣੀ ਪੂਰੀ ਤਿਆਰੀ ਕਰਕੇ ਹੀ ਉੱਥੇ ਜਾਣਾ ਚਾਹੀਦਾ ਹੈ ਤਾਂ ਕਿ ਨਵੇਂ ਦੇਸ਼ ਵਿੱਚ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚ ਸਕਣ। ਉਨ੍ਹਾ ਕਿਹਾ ਕਿ ਗਰੀਬ ਪਰਿਵਾਰਾਂ ਦੇ ਹੁਸ਼ਿਆਰ ਬੱਚਿਆਂ ਲਈ ਬਹੁਤ ਸਾਰੀਆਂ ਸੰਸਥਾਵਾਂ ਕੰਮ ਕਰਦੀਆਂ ਹਨ, ਜਿਸ ਨਾਲ ਵਿਦਿਆਰਥੀ ਇਨ੍ਹਾਂ ਸਮਾਜਿਕ ਜਥੇਬੰਦੀਆਂ ਨਾਲ ਰਾਬਤਾ ਕਰਕੇ ਆਪਣਾ ਭਵਿੱਖ ਸੁਨਹਿਰੀ ਬਣਾ ਸਕਦੇ ਹਨ। ਉਨ੍ਹਾ ਇਹ ਵੀ ਕਿਹਾ ਕਿ ਕੈਨੇਡਾ ਸਰਕਾਰ ਵੱਲੋਂ ਪੰਜਾਬੀਆਂ ਲਈ ਵੀਜ਼ਾ ਸ਼ਰਤਾਂ ਵਿੱਚ ਰਾਹਤ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਉਨ੍ਹਾਂ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਦੇ ਲੰਗਰਾਂ ਵਾਸਤੇ ਪ੍ਰਬੰਧਕਾਂ ਨੂੰ 1 ਲੱਖ ਰੁਪਏ ਦਾ ਚੈੱਕ ਵੀ ਭੇਟ ਕੀਤਾ। ਇਸ ਤੋਂ ਬਾਅਦ ਉਨ੍ਹਾਂ ਵੱਲੋਂ ਇੰਟਰਨੈਸ਼ਨਲ ਸਿੱਖ ਅਜਾਇਬ ਘਰ ਦਾ ਵੀ ਦੌਰਾ ਕੀਤਾ ਗਿਆ, ਜਿੱਥੇ ਅਜਾਇਬ ਘਰ ਦੇ ਪ੍ਰਬੰਧਕ ਚਿੱਤਰਕਾਰ ਜਗਦੀਸ਼ ਸਿੰਘ ਬਰਾੜ, ਗੱਤਕਾ ਕੋਚ ਭੁਪਿੰਦਰ ਸਿੰਘ ਲੌਂਗੀਆ ਤੇ ਸੁਖਵਿੰਦਰ ਸਿੰਘ ਕਾਹਲੋਂ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕਰਦਿਆਂ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ। ਇਸ ਉਪਰੰਤ ਉਹ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਪਹੁੰਚੇ ਤੇ ਗੁਰੂ ਘਰ ਨਤਮਸਤਕ ਹੋਏ। ਇਸ ਮੌਕੇ ਉਨ੍ਹਾ ਨੂੰ ਸਿਰੋਪੇ, ਲੋਈਆਂ ਤੇ ਯਾਦਗਾਰੀ ਚਿੰਨ੍ਹ ਦੇ ਕੇ ਵੱਖ ਵੱਖ ਆਗੂਆਂ ਤੇ ਸ਼ਖਸੀਅਤਾਂ ਵੱਲੋਂ ਸਨਮਾਨਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਗਰੇਵਾਲ ਕੈਨੇਡਾ ਵਿਖੇ ਸੀਨੀਅਰ ਪੱਤਰਕਾਰ ਤੇ ਪੰਜਾਬੀ ਡੇਲੀ ਪੋਸਟ ਅਖ਼ਬਾਰ ਦੇ ਮਾਲਕ ਜਗਦੀਸ਼ ਸਿੰਘ ਗਰੇਵਾਲ ਦੇ ਬੇਟੇ ਹਨ।

## ਕਾਤਰਾਂ

### ਨਵਨੀਤ ਸਿੰਘ ਬੈਂਸ ਨੂੰ ਐੱਸ ਐੱਸ ਪੀ ਲਗਾਇਆ



**ਜਗਰਾਉਂ (ਅਮਿਤ ਖੰਨਾ)**-ਪੰਜਾਬ ਸਰਕਾਰ ਵੱਲੋਂ ਕੀਤੇ ਤਾਜ਼ਾ ਆਰਡਰਾਂ 'ਚ ਵੱਖ-ਵੱਖ ਜ਼ਿਲ੍ਹਿਆ ਦੇ ਬਦਲੇ ਐੱਸ.ਐੱਸ.ਪੀਜ਼ 'ਚ ਪੁਲਸ ਜ਼ਿਲ੍ਹਾ ਲੁਧਿਆਣਾ (ਦਿਹਾਤੀ) ਦੇ ਆਈ.ਪੀ.ਐੱਸ. ਹਰਜੀਤ ਸਿੰਘ ਦਾ ਤਬਾਦਲਾ ਹੋ ਗਿਆ ਹੈ। ਇਸ ਦੀ ਜਗ੍ਹਾ ਕਪੂਰਥਲਾ ਤੋਂ ਆਈ.ਪੀ.ਐੱਸ. ਨਵਨੀਤ ਸਿੰਘ ਬੈਂਸ ਨੂੰ ਲੁਧਿਆਣਾ ਪੁਲਸ ਦਿਹਾਤੀ ਦਾ ਐੱਸ.ਐੱਸ.ਪੀ. ਲਗਾਇਆ ਗਿਆ ਹੈ।

### 4161 ਮਾਸਟਰ ਕਾਡਰ ਸਿਲੈਕਟਡ ਅਧਿਆਪਕ ਲੰਮੇ ਸਮੇਂ ਤੋਂ ਕਰ ਰਹੇ ਨੇ ਸਟੇਸ਼ਨ ਚੋਣ ਦੀ ਉਡੀਕ

**ਮਾਨਸਾ (ਆਤਮਾ ਸਿੰਘ ਪਮਾਰ)**-ਵੱਖ ਵੱਖ ਵਿਸ਼ਿਆਂ ਦੇ 4161 ਮਾਸਟਰ ਕਾਡਰ ਸਿਲੈਕਟਡ ਅਧਿਆਪਕ, ਜਿਨ੍ਹਾਂ ਨੂੰ ਕਿ ਪਿਛਲੇ ਮਹੀਨੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਇੱਕ ਵੱਡਾ ਇਕੱਠ ਕਰਕੇ ਨਿਯੁਕਤੀ ਪੱਤਰ ਵੰਡ ਦਿੱਤੇ ਗਏ ਸਨ ਤੇ ਉਨ੍ਹਾਂ ਨੇ ਸਰਕਾਰ ਦੇ ਇਸ ਸ਼ਲਾਘਾਯੋਗ ਕਦਮ ਦਾ ਧੰਨਵਾਦ ਕਰਦਿਆਂ ਖੁਸ਼ੀ ਦਾ ਪ੍ਰਗਟਾਵਾ ਵੀ ਕੀਤਾ ਸੀ। ਇਥੇ ਜ਼ਿਕਰਯੋਗ ਹੈ ਕਿ ਸਾਰੇ ਉਮੀਦਵਾਰਾਂ ਵੱਲੋਂ ਸਬੰਧਤ ਜ਼ਿਲ੍ਹਿਆਂ ਦੇ ਸਿਵਲ ਸਰਜਨਜ਼ ਵੱਲੋਂ ਸਰੀਰਕ ਤੌਰ 'ਤੇ ਤੰਦਰੁਸਤ ਹੋਣ ਦੇ ਪ੍ਰਮਾਣ ਪੱਤਰ ਵੀ ਪ੍ਰਾਪਤ ਕਰ ਲਏ ਹਨ। ਉਨ੍ਹਾਂ ਨੂੰ ਉਮੀਦ ਸੀ ਕਿ ਮਹਿਕਮੇ ਤੇ ਸਰਕਾਰ ਵੱਲੋਂ ਜਲਦੀ ਹੀ ਉਨ੍ਹਾਂ ਤੋਂ ਸਟੇਸ਼ਨ ਚੋਣ ਕਰਵਾ ਕੇ ਸਬੰਧਤ ਸਕੂਲਾਂ ਵਿੱਚ ਹਾਜ਼ਰ ਹੋਣ ਲਈ ਹੁਕਮ ਜਾਰੀ ਕਰ ਦਿੱਤੇ ਜਾਣਗੇ, ਪ੍ਰੰਤੂ ਅਫਸੋਸ ਇੰਨਾ ਸਮਾਂ ਬੀਤਣ ਦੇ ਬਾਵਜੂਦ ਅਮਲੀ ਰੂਪ ਵਿੱਚ ਅਜਿਹਾ ਕੁੱਝ ਵੀ ਦਿਖਾਈ ਨਹੀਂ ਦੇ ਰਿਹਾ। ਸਾਡੇ ਇਸ ਪ੍ਰਤੀਨਿਧ ਵੱਲੋਂ ਵੱਖ ਵੱਖ ਉਮੀਦਵਾਰਾਂ ਨਾਲ ਸੰਪਰਕ ਕੀਤਾ ਤਾਂ ਪਤਾ ਲੱਗਾ ਕਿ ਉਮੀਦਵਾਰਾਂ ਵਿੱਚ ਸਟੇਸ਼ਨ ਚੋਣ ਨਾ ਹੋਣ ਕਾਰਨ ਸਰਕਾਰ ਤੇ ਮਹਿਕਮੇ ਪ੍ਰਤੀ ਭਾਰੀ ਰੋਸ ਅਤੇ ਬੇਚੈਨੀ ਪਾਈ ਜਾ ਰਹੀ ਹੈ। ਉਮੀਦਵਾਰਾਂ ਤੇ ਉਨ੍ਹਾਂ ਦੇ ਮਾਪਿਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਿੱਖਿਆ ਮੰਤਰੀ ਪੰਜਾਬ ਸ. ਹਰਜੋਤ ਸਿੰਘ ਬੈਂਸ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਜਲਦੀ ਤੋਂ ਜਲਦੀ ਸਟੇਸ਼ਨ ਚੋਣ ਕਰਵਾ ਕੇ ਸੂਬੇ ਵਿੱਚ ਖਾਲੀ ਪਈਆਂ ਤੇ ਵੱਖ ਵੱਖ ਸਕੂਲਾਂ 'ਚ ਹਾਜ਼ਰ ਕਰਵਾਇਆ ਜਾਵੇ ਤਾਂ ਜੋ ਚੁਣੇ ਹੋਏ ਅਧਿਆਪਕਾਂ ਵਿੱਚ ਪਾਈ ਜਾ ਰਹੀ ਬੇਚੈਨੀ ਤੇ ਰੋਸ ਦੂਰ ਹੋ ਸਕੇ।

### ਤੀਜਾ ਦੌੜ ਮੁਕਾਬਲਾ ਭਲਕੇ

**ਭੀਖੀ (ਧਰਮਵੀਰ ਸ਼ਰਮਾ)**-ਫ਼ਤਿਹ ਫ਼ਿਜ਼ੀਕਲ ਗਰੁੱਪ ਪਿੰਡ ਸਮਾਉਂ ਵੱਲੋਂ ਬਾਬਾ ਸੁੱਚਾ ਸਿੰਘ ਸੂਰਮਾ ਦੀ ਯਾਦ ਨੂੰ ਸਮਰਪਤ ਤੀਜਾ ਦੌੜ ਮੁਕਾਬਲਾ 19 ਫਰਵਰੀ ਨੂੰ ਨੇੜੇ ਗੁਰਦੁਆਰਾ ਸਹਿਬ ਖੀਵਾ ਰੋਡ ਸਮਾਉਂ ਵਿਖੇ ਕਰਾਇਆ ਜਾ ਰਿਹਾ ਹੈ। ਇਹ ਜਾਣਕਾਈ ਦਿੰਦਿਆਂ ਫ਼ਿਜ਼ੀਕਲ ਕੋਚ ਦਰਸ਼ਨ ਸਿੰਘ ਨੇ ਦੱਸਿਆ ਕਿ ਇਸ ਮੌਕੇ 10-12-14-17 ਸਾਲ ਦੀਆਂ ਲੜਕੀਆਂ ਦੇ 100-200-400 ਮੀਟਰ ਦੇ ਦੌੜ ਮੁਕਾਬਲੇ ਕਰਾਏ ਜਾਣਗੇ, ਜਿਨ੍ਹਾਂ ਦੇ ਜੇਤੂ ਬੱਚਿਆਂ ਨੂੰ ਨਕਦ ਰਾਸ਼ੀ ਨਾਲ ਸਨਮਾਨਤ ਕੀਤਾ ਜਾਵੇਗਾ।

### ਪੁਲਸ ਨਸ਼ੇ ਦੇ ਸੌਦਾਗਰਾਂ ਨੂੰ ਕਾਬੂ ਕਰਨ 'ਚ ਕੋਈ ਕੋਤਾਹੀ ਨਹੀਂ ਵਰਤੇਗੀ : ਕੇਵਲ ਸਿੰਘ

**ਭੀਖੀ (ਧਰਮਵੀਰ ਸ਼ਰਮਾ)**-ਨਸ਼ੇ ਦੇ ਸੌਦਾਗਰਾਂ ਨੂੰ ਕਾਬੂ ਕਰਨ ਵਿੱਚ ਭੀਖੀ ਪੁਲਸ ਕੋਈ ਕੋਤਾਹੀ ਨਹੀਂ ਵਰਤੇਗੀ ਤੇ ਸਮਾਜ ਵਿਰੋਧੀ ਅਨਸਰਾਂ ਨੂੰ ਜਲਦੀ ਕਾਬੂ ਕਰਕੇ ਸਲਾਖਾਂ ਪਿੱਛੇ ਭੇਜਿਆ ਜਾਵੇਗਾ। ਇਹ ਪ੍ਰਗਟਾਵਾ ਨਵਨਿਯੁਕਤ ਐਸਐਚਓ ਕੇਵਲ ਸਿੰਘ ਨੇ ਕੀਤਾ। ਉਨ੍ਹਾਂ ਕਿਹਾ ਕਿ ਸਮਾਜ ਵਿਰੋਧੀ ਅਨਸਰਾਂ ਨੂੰ ਕਾਬੂ ਪਾਉਣਾ ਪੁਲਿਸ ਦਾ ਮੁੱਢਲਾ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਇਨਸਾਫ਼ ਪਸੰਦ ਲੋਕਾਂ ਦਾ ਥਾਣੇ ਆਉਣ ਤੇ ਪੂਰਾ ਆਦਰ ਸਨਮਾਨ ਕੀਤਾ ਜਾਵੇਗਾ ਤੇ ਸਮਾਜ ਵਿਰੋਧੀ ਅਨਸਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਥਾਣਾ ਭੀਖੀ ਦੇ ਏਰੀਆ ਵਿਖੇ ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਮਾਜ ਵਿਰੋਧੀ ਅਨਸਰਾਂ ਨੂੰ ਕਾਬੂ ਕਰਨ ਲਈ ਪਲਿਸ ਨੂੰ ਪ੍ਰੈਸ ਅਤੇ ਲੋਕਾਂ ਦਾ ਸਹਿਯੋਗ ਅਤਿ ਜ਼ਰੂਰੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇ ਲੋਕਾਂ ਨੂੰ ਕਿਸੇ ਵੀ ਕਿਸਮ ਦੀ ਕੋਈ ਪ੍ਰੇਸ਼ਾਨੀ ਆਉਂਦੀ ਹੈ ਤਾਂ ਉਹ ਬੇਝਿਜਕ ਉਨ੍ਹਾ ਨਾਲ ਸੰਪਰਕ ਕਰ ਸਕਦੇ ਹਨ। ਉਨ੍ਹਾਂ ਨਸ਼ੇ ਦੇ ਸੌਦਾਗਰਾਂ ਨੂੰ ਤਾੜਨਾ ਕਰਦਿਆਂਕਿਹਾ ਕਿ ਉਹ ਨਸ਼ਾ ਵੇਚਣ ਤੋਂ ਬਾਜ ਆ ਜਾਣ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਾ ਵੇਚਣ ਵਾਲੇ ਦੀ ਸਹੀ ਇਤਲਾਹ ਪੁਲਸ ਨੂੰ ਦੇਣ ਤੇ ਉਨ੍ਹਾਂ ਦਾ ਨਾਂਅ ਪਤਾ ਗੁਪਤ ਰੱਖਿਆ ਜਾਵੇਗਾ। ਉਨ੍ਹਾਂ ਸਮੂਹ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਦੀ ਹਦਾਇਤ ਕਰਦਿਆਂ ਕਿਹਾ ਕਿ ਉਹ ਵਾਹਨ ਚਲਉਂਦੇ ਸਮੇਂ ਆਪਣੇ ਵਹੀਕਲ ਦੇ ਕਾਗਜ ਪੂਰੇ ਰੱਖਣ। ਇਸ ਮੌਕੇ ਸਹਾਇਕ ਥਾਣੇਦਾਰ ਨਛੱਤਰ ਸਿੰਘ, ਅਮਰੀਕ ਸਿੰਘ, ਗੁਰਮੇਲ ਸਿੰਘ ਰੱਲਾ, ਹੌਲਦਾਰ ਗਗਨਦੀਪ ਸਿੰਘ, ਜਸਵੰਤ ਸਿੰਘ ਤੇ ਮੁੱਖ ਮੁਨਸ਼ੀ ਮਨਦੀਪ ਸਿੰਘ ਸਤਨਾਮ ਸਿੰਘ ਵੀ ਹਾਜ਼ਰ ਸਨ।

## ਐੱਨ ਐੱਸ ਕਿਊ ਐੱਫ ਅਧਿਆਪਕਾਂ ਦੀ ਇੱਕ ਰੋਜ਼ਾ ਵਰਕਸ਼ਾਪ

**ਕੋਟਕਪੂਰਾ (ਰਛਪਾਲ ਭੁੱਲਰ)**-ਸਥਾਨਕ ਡਾ. ਹਰੀ ਸਿੰਘ ਸੇਵਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਜ਼ਿਲ੍ਹਾ ਸਿੱਖਿਆ ਅਫਸਰ ਮਨਪ੍ਰੀਤ ਸਿੰਘ ਦੀ ਅਗਵਾਈ ਹੇਠ ਅਤੇ ਪ੍ਰਿੰਸੀਪਲ ਜਸਵੰਤ ਸਿੰਘ ਗਿੱਲ ਦੀ ਦੇਖ-ਰੇਖ 'ਚ ਐੱਨ ਐੱਸ ਕਿਊ ਐੱਫ ਅਧੀਨ 30 ਸਕੂਲਾਂ ਦੇ 60 ਅਧਿਆਪਕਾਂ ਦੀ ਇਕ ਦਿਨ ਦੀ ਵਰਕਸ਼ਾਪ ਲਗਾਈ ਗਈ। ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਫਰੀਦਕੋਟ ਸ੍. ਮਨਪ੍ਰੀਤ ਸਿੰਘ ਨੇ ਸਾਲਾਨਾ ਸਕਿੱਲ ਕੰਪਟੀਸ਼ਨ ਵਿੱਚ ਭਾਗ ਲੈਣ ਵਾਲੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਪ੍ਰਸ਼ੰਸਾ ਪੱਤਰ ਦਿੱਤੇ ਅਤੇ ਬਾਬਾ ਫਰੀਦ ਮੇਲੇ ਦੌਰਾਨ ਇਨ੍ਹਾਂ ਅਧਿਆਪਕਾਂ ਵੱਲੋਂ ਨਿਭਾਈਆਂ ਸ਼ਾਨਦਾਰ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ। ਜ਼ਿਲ੍ਹਾ ਐੱਨ ਐੱਸ ਕਿਊ ਐੱਫ ਦੇ ਕੋਆਰਡੀਨੇਟਰ ਗੁਰਜੰਟ ਸਿੰਘ ਖੁਰਮੀ ਨੇ ਅਧਿਆਪਕਾਂ ਨੂੰ ਆ ਰਹੀਆਂ ਸਮੱਸਿਆਵਾਂ ਦਾ ਹੱਲ ਕਰਨ, ਲੈਬ ਨੂੰ ਸਹੀ ਤਰੀਕੇ ਨਾਲ ਮੇਨਟੇਨ ਕਰਨ ਅਤੇ ਸਮੇਂ ਸਮੇਂ 'ਤੇ ਕੀਤੇ ਕੰਮਾਂ ਦਾ ਰਿਕਾਰਡ ਰੱਖਣ ਬਾਰੇ ਪ੍ਰੇਰਿਤ ਕੀਤਾ। ਇਸ ਤੋਂ ਇਲਾਵਾ ਨਵੇਂ ਬਣੇ ਸਿਲੇਬਸ ਬਾਰੇ ਜਾਣਕਾਰੀ ਦਿੱਤੀ। ਅੰਤ ਵਿੱਚ ਪ੍ਰਿੰਸੀਪਲ ਜਸਵੰਤ ਸਿੰਘ ਗਿੱਲ ਨੇ ਜ਼ਿਲ੍ਹਾ ਸਿੱਖਿਆ ਅਫਸਰ ਫਰੀਦਕੋਟ ਤੇ ਵਰਕਸ਼ਾਪ ਵਿੱਚ ਹਾਜ਼ਰ ਹੋਏ ਸਾਰੇ ਅਧਿਆਪਕਾਂ ਦਾ ਧੰਨਵਾਦ ਕੀਤਾ। ਇਸ ਸਮੇਂ ਲੈਕਚਰਾਰ ਬਲਜੀਤ ਸਿੰਘ, ਕਰਮਜੀਤ ਸਿੰਘ, ਇਕਬਾਲ ਸਿੰਘ, ਕਿਰਨਦੀਪ ਸਿੰਘ ਤੇ ਰਾਜਵਿੰਦਰ ਸਿੰਘ ਆਦਿ ਹਾਜ਼ਰ ਸਨ।

# ਅਧਿਆਪਕਾਂ ਵੱਲੋਂ ਜ਼ਿਲ੍ਹਾ ਪ੍ਰੋਟੈਸਟ ਮਾਰਚ, ਡੀ ਸੀ ਨੂੰ ਸੌਂਪਿਆ ਮੰਗ ਪੱਤਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**-ਪੰਜਾਬ ਤੇ ਚੰਡੀਗੜ੍ਹ ਕਾਲਜ ਟੀਚਰ ਯੂਨੀਅਨ ਦੇ ਸੱਦੇ 'ਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਵਿੱਚ ਅਧਿਆਪਕਾਂ ਦੀ ਸੇਵਾ-ਮੁਕਤੀ ਦੀ ਉਮਰ 60 ਤੋਂ 58 ਸਾਲ ਕਰਨ ਦੇ ਰੋਸ ਵਜੋਂ ਵੀਰਵਾਰ ਨੂੰ ਮੁਕਤੇ ਏ ਮੀਨਾਰ ਤੋਂ ਡਾ. ਅੰਬੇਡਕਰ ਚੌਕ ਤੱਕ ਜ਼ਿਲ੍ਹਾ ਪ੍ਰੋਟੈਸਟ ਮਾਰਚ ਕੀਤਾ ਗਿਆ। ਇਸ ਮਾਰਚ ਵਿੱਚ ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ, ਦਸਮੇਸ਼ ਖਾਲਸਾ ਕਾਲਜ ਸ੍ਰੀ ਮੁਕਤਸਰ ਸਾਹਿਬ, ਡੀ.ਏ.ਵੀ. ਕਾਲਜ ਮਲੋਟ ਤੇ ਡੀ.ਏ.ਵੀ. ਕਾਲਜ ਗਿੱਦੜਬਾਹਾ ਦੇ ਅਧਿਆਪਕ ਸ਼ਾਮਲ ਸਨ। ਉਨ੍ਹਾਂ ਵੱਲੋਂ ਮਾਨਯੋਗ ਡੀ ਸੀ ਸਾਹਿਬ ਨੂੰ ਮੰਗ ਪੱਤਰ ਵੀ ਦਿੱਤਾ ਗਿਆ। ਇਸ ਦੌਰਾਨ ਜ਼ਿਲ੍ਹਾ ਪ੍ਰਧਾਨ ਡਾ. ਸੁਖਵਿੰਦਰ ਸਿੰਘ ਭੁੱਲਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਦੇ ਸਿੱਖਿਆ ਵਿਰੋਧੀ ਰਵੱਈਏ ਕਰਕੇ ਕਾਲਜ ਅਧਿਆਪਕਾਂ ਨੂੰ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਵੱਲੋਂ ਸੱਤਵੇਂ ਪੇ ਕਮਿਸ਼ਨ ਸੰਬੰਧੀ ਜੋ ਨੋਟਿਫਿਕੇਸ਼ਨ ਜਾਰੀ ਕੀਤਾ ਗਿਆ ਹੈ, ਉਸ ਦੀ ਕਲਾਜ਼ 13 ਅਨੁਸਾਰ ਪ੍ਰਾਈਵੇਟ ਏਡਿਡ ਕਾਲਜਾਂ ਦੇ ਅਧਿਆਪਕਾਂ ਤੇ ਪੰਜਾਬ ਸਰਕਾਰ ਦੀਆਂ ਸੇਵਾ ਸ਼ਰਤਾਂ ਨੂੰ ਲਾਗੂ ਕਰਨ ਦੀ ਹਦਾਇਤ ਕੀਤੀ ਗਈ ਹੈ, ਜਿਸ ਕਰਕੇ ਸਰਕਾਰੀ ਅਧਿਆਪਕਾਂ ਵਾਂਗ ਪ੍ਰਾਈਵੇਟ ਕਾਲਜਾਂ ਦੇ ਅਧਿਆਪਕ ਦੀ ਸੇਵਾ ਮੁਕਤੀ ਦੀ ਉਮਰ 60 ਸਾਲ ਤੋਂ ਘਟਾ ਕੇ 58 ਸਾਲ ਕਰਨ ਬਾਰੇ ਦੁਵਿਧਾ ਖੜੀ ਕਰ ਦਿੱਤੀ। ਇਥੇ ਜ਼ਿਕਰਯੋਗ ਹੈ ਕਿ ਸਰਕਾਰੀ ਕਾਲਜ ਦੇ ਅਧਿਆਪਕਾਂ ਨੂੰ 58 ਸਾਲਾਂ ਦੀ ਉਮਰ ਤੋਂ ਬਾਅਦ ਰਿਟਾਇਰਮੈਂਟ ਉਪਰੰਤ ਪੈਨਸ਼ਨ ਦੇਣ ਦਾ ਪ੍ਰੀਵਿਧਾਨ ਹੈ। ਅੱਜ ਤੱਕ ਦੇ ਇਤਿਹਾਸ 'ਚ ਕਿਸੇ ਵੀ ਸਰਕਾਰ ਨੇ ਅਧਿਆਪਾਕਾਂ ਦੇ ਹਿੱਤਾਂ ਵਿਰੋਧੀ ਫੈਸਲਾ ਨਹੀਂ ਕੀਤਾ। ਉਨ੍ਹਾਂ ਵੱਖ ਵੱਖ ਮੈਨੇਜਮੈਂਟਾਂ ਵੱਲੋਂ ਰਿਟਾਇਰਮੈਂਟ ਦੇ ਸੰਬੰਧ ਵਿੱਚ ਲਏ ਗਏ ਅਧਿਆਪਕ ਵਿਰੋਧੀ ਫੈਸਲੇ ਦੀ ਨਿਖੇਧੀ ਕੀਤੀ।

## ਰਣਜੀਤਗੜ੍ਹ ਝੁੱਗੇ ਦੇ ਸਕੂਲ 'ਚ ਸੱਤਵੀਂ ਵਾਰ ਚੋਰੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**-ਸਰਕਾਰੀ ਪ੍ਰਾਇਮਰੀ ਸਕੂਲ ਰਣਜੀਤਗੜ੍ਹ ਝੁੱਗੇ ਜਿੱਥੇ ਹਰ ਦੂਸਰੇ, ਤੀਸਰੇ ਮਹੀਨੇ ਚੋਰ ਚੋਰੀ ਕਰਕੇ ਲੈ ਜਾਂਦੇ ਹਨ, ਹੁਣ ਚੋਰਾਂ ਨੇ ਰਿਕਾਰਡ ਸੱਤਵੀਂ ਵਾਰ ਸਕੂਲ ਦੇ ਲੋਹੇ ਦੇ ਦਰਵਾਜ਼ੇ ਕੱਟ ਕੇ ਚੋਰੀ ਕੀਤੀ ਹੈ।

ਸਕੂਲ ਦੇ ਮੁੱਖ ਅਧਿਆਪਕ ਅਮਿਤ ਕੁਮਾਰ ਨੇ ਦੱਸਿਆ ਕਿ ਉਸ ਨੂੰ ਸਕੂਲ ਵਿੱਚ ਅਏ ਨੂੰ ਦੋ ਸਾਲ ਤੋਂ ਵੱਧ ਦਾ ਸਮਾਂ ਹੋਇਆ ਹੈ। ਇਸ ਦੌਰਾਨ ਪੰਜ ਵਾਰ ਚੋਰੀ ਹੋ ਚੁੱਕੀ ਹੈ। ਦੋ ਵਾਰ ਪਹਿਲਾਂ ਵੀ ਚੋਰੀ ਹੋ ਚੁੱਕੀ ਹੈ। ਨਹਿਰਾਂ ਤੇ ਗੁਰੂ ਹਰਸਹਾਏ ਰੋਡ 'ਤੇ ਬਣੇ ਸਕੂਲ ਵਿੱਚ ਹਰ ਦਿਨ ਚੋਰੀ ਹੋਣ ਨਾਲ ਬੱਚਿਆਂ 'ਚ ਵੀ ਡਰ ਤੇ ਸਹਿਮ ਦਾ ਮਾਹੌਲ ਹੈ। ਸਕੂਲ ਵਿੱਚੋਂ ਹੁਣ ਇਕ ਪੱਖਾ, ਮਿੱਡ ਡੇ ਮੀਲ ਦੇ ਭਾਂਡੇ, ਮੋਟਰ, ਤਿੰਨ ਸੀ ਸੀ ਟੀ ਕੈਮਰੇ, ਸਿਲੰਡਰ ਤੇ ਕਣਕ, ਚਾਵਲ ਚੋਰੀ ਕਰਕੇ ਲੈ ਗਏ। ਹਰ ਵਾਰ ਪੁਲਸ ਕੋਲ ਰਿਪੋਰਟ ਲਿਖਵਾਈ ਜਾਂਦੀ ਹੈ, ਪਰ ਕੋਈ ਕਾਰਵਾਈ ਨਹੀਂ ਹੁੰਦੀ। ਕਈ ਵਾਰ ਤਾਂ ਪੁਲਸ ਮੌਕਾ ਵੇਖਣ ਵੀ ਨਹੀਂ ਆਉਂਦੀ। ਪਿੰਡ ਦੀ ਪੰਚਾਇਤ ਨੇ ਚੋਰਾਂ ਨੂੰ ਜਲਦ ਫੜਨ ਦੀ ਮੰਗ ਕੀਤੀ ਹੈ।

# ਪੰਜਾਬ ਸਰਕਾਰ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਵਚਨਬੱਧ : ਜੌੜਾਮਾਜਰਾ

■ ਸਰਕਾਰ ਨੇ ਖੇਡਾਂ ਵਤਨ ਪੰਜਾਬ ਦੀਆਂ ਕਰਵਾ ਕੇ ਨੌਜਵਾਨਾਂ ਨੂੰ ਨਵੀਂ ਸੇਧ ਪ੍ਰਦਾਨ ਕੀਤੀ : ਡਾ. ਗੁਰਪ੍ਰੀਤ ਕੌਰ



**ਰਾਜਪੁਰਾ (ਰਮੇਸ਼ ਕਟਾਰੀਆ)**-ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਖਿਡਾਰੀਆਂ ਲਈ ਖੇਡ ਸੱਭਿਆਚਾਰ ਪੈਦਾ ਕਰਨ ਵਾਸਤੇ ਖੇਡਾਂ ਨੂੰ ਪ੍ਰਫੁਲਤ ਕਰ ਰਹੀ ਹੈ। ਇਹ ਪ੍ਰਗਟਾਵਾ ਪੰਜਾਬ ਦੇ ਬਾਗਬਾਨੀ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕੀਤਾ। ਉਹ ਘਨੌਰ ਹਲਕੇ ਦੇ ਪਿੰਡ ਘੜਾਮਾ ਖੁਰਦ ਵਿਖੇ ਹਲਕਾ ਵਿਧਾਇਕ ਗੁਰਲਾਲ ਘਨੌਰ ਦੀ ਸਰਪ੍ਰਸਤੀ ਹੇਠ ਕਰਵਾਏ ਗਏ ਕਬੱਡੀ ਦੇ ਦੂਜੇ ਮਹਾਂਕੁੰਭ ਮੌਕੇ ਪੁੱਜੇ ਹੋਏ ਸਨ।

ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਪੁੱਜੇ ਮੁੱਖ ਮੰਤਰੀ ਭਗਵੰਤ ਮਾਨ ਦੀ ਸੁਪਤਨੀ ਡਾ. ਗੁਰਪ੍ਰੀਤ ਕੌਰ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਨਾਲ ਜੁੜਨ ਦਾ ਸੱਦਾ ਦਿੱਤਾ। ਡਾ. ਗੁਰਪ੍ਰੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਨਾਮਣਾ ਖੱਟਣ ਵਾਲੇ ਖਿਡਾਰੀਆਂ ਦਾ ਤੁਰੰਤ ਸਨਮਾਨ ਕੀਤਾ ਅਤੇ ਸੂਬੇ 'ਚ ਖੇਡਾਂ ਵਤਨ ਪੰਜਾਬ ਦੀਆਂ ਕਰਵਾ ਕੇ ਨੌਜਵਾਨਾਂ ਨੂੰ ਨਵੀਂ ਸੇਧ ਪ੍ਰਦਾਨ ਕੀਤੀ ਹੈ। ਇਸ ਕਬੱਡੀ ਟੂਰਨਾਮੈਂਟ ਦੇ ਮੁੱਖ ਸੂਤਰਧਾਰ ਤੇ ਹਲਕਾ ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਉਹ ਆਪਣੇ ਹਲਕੇ 'ਚ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਪੁਰਜ਼ੋਰ ਯਤਨ ਕਰ ਰਹੇ ਹਨ। ਇਸ ਮੌਕੇ ਰਾਜਪੁਰਾ ਦੇ ਵਿਧਾਇਕ ਨੀਨਾ ਮਿੱਤਲ, ਡੇਰਾਬਸੀ ਦੇ ਵਿਧਾਇਕ ਕੁਲਜੀਤ ਰੰਧਾਵਾ, ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ, ਐੱਸ.ਐੱਸ.ਪੀ. ਵਰੁਣ ਸ਼ਰਮਾ, ਐੱਸ.ਡੀ.ਐੱਮ. ਰਾਜਪੁਰਾ ਡਾ. ਸੰਜੀਵ ਕੁਮਾਰ ਵੀ ਪੁੱਜੇ ਹੋਏ ਸਨ। ਕਬੱਡੀ ਟੂਰਨਾਮੈਂਟ 'ਚ ਪੰਜਾਬ ਤੇ ਹਰਿਆਣਾ ਦੀਆਂ 16 ਆਲ ਓਪਨ ਟੀਮਾਂ ਦੇ ਮੁਕਾਬਲੇ ਕਰਵਾਏ ਗਏ। ਇਸ ਦੌਰਾਨ ਜਸਵਿੰਦਰ ਸਿੰਘ ਜੱਸੀ, ਕਬੱਡੀ ਮਹਾਂਕੁੰਭ ਦੇ ਪ੍ਰਬੰਧਕੀ ਕਮੇਟੀ ਦੇ ਮੈਂਬਰ ਸਾਧੂ ਸਿੰਘ ਖਲੌਰ, ਵਰਿੰਦਰ ਢਿੱਲੋਂ ਤੇ ਪਿੰਡ ਵਾਸੀਆਂ ਤੋਂ ਇਲਾਵਾ ਖੇਡ ਪ੍ਰੇਮੀ ਮੌਜੂਦ ਸਨ।

# ਐਜੂਕੇਟ ਪੰਜਾਬ ਪ੍ਰੋਜੈਕਟ ਵੱਲੋਂ ਗੁਰੂ ਹਰਿਗੋਬਿੰਦ ਪਬਲਿਕ ਸਕੂਲ ਦੇ ਵਿਦਿਆਰਥੀ ਸਨਮਾਨਤ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਐਜੂਕੇਟ ਪੰਜਾਬ ਪ੍ਰੋਜੈਕਟ ਵੱਲੋਂ ਮਾਤਾ ਗੁਜਰ ਕੌਰ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਲਿਖਣ ਭਗਤੀ ਦੇ ਮੁਕਾਬਲੇ ਕਰਾਏ ਗਏ, ਜਿਸ ਵਿੱਚ ਗੁਰੂ ਹਰਿਗੋਬਿੰਦ ਪਬਲਿਕ ਸਕੂਲ ਦੱਧਾਹੂਰ ਦੇ 55 ਬੱਚੇ ਤੇ 3 ਅਧਿਆਪਕਾਂ ਨੇ ਭਾਗ ਲਿਆ। ਐਜੂਕੇਟ ਪੰਜਾਬ ਪ੍ਰੋਜੈਕਟ ਲੁਧਿਆਣਾ ਦੁਆਰਾ ਲਿਖਣ ਭਗਤੀ ਮੁਹਿੰਮ ਤਹਿਤ ਸੁੰਦਰ ਲਿਖਾਈ ਵਾਲੇ ਬੱਚੇ ਸਨਮਾਨਤ ਕੀਤੇ ਗਏ।

ਸੰਸਥਾ ਦੇ ਪ੍ਰਿੰਸੀਪਲ ਪ੍ਰਿਤਪਾਲ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਗੁਰਮਤਿ ਤੇ ਨੈਤਿਕ ਕਦਰਾਂ ਕੀਮਤਾਂ ਦੀ ਜਾਣਕਾਰੀ ਦੇਣ ਲਈ ਪੰਜਾਬ ਐਜੂਕੇਟ ਪ੍ਰੋਜੈਕਟ ਦੁਆਰਾ ਲਿਖਣ ਭਗਤੀ ਮੁਹਿੰਮ ਚਲਾਈ ਹੋਈ ਹੈ, ਇਸ ਦੇ ਤਹਿਤ ਬੱਚਿਆਂ ਨੂੰ ਸੁੰਦਰ ਲਿਖਾਈ 'ਚ ਲਿਖਣ ਲਈ ਗੁਰਮਤਿ ਦਾ ਕਾਰਜ ਦਿੱਤਾ ਗਿਆ ਸੀ। ਇਸ ਮੁਹਿੰਮ ਤਹਿਤ ਵਿਸ਼ੇਸ਼ ਤੌਰ 'ਤੇ ਟਰੱਸਟ ਦੇ ਸੇਵਾਦਾਰ ਭਾਈ ਗੁਰਜੀਤ ਸਿੰਘ ਗੰਗੋਹਰ ਨੇ ਸਕੂਲ ਪਹੁੰਚ ਕੇ ਵਿਦਿਆਰਥੀਆਂ ਨਾਲ ਗੁਰਮਤਿ ਤੇ ਨੈਤਿਕ ਵਿਸ਼ੇ ਨਾਲ ਸਬੰਧਤ ਵਿਚਾਰਾਂ ਕੀਤੀਆਂ ਤੇ ਐਜੂਕੇਟ ਪੰਜਾਬ ਪ੍ਰੋਜੈਕਟ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸੁੰਦਰ ਲਿਖਾਈ ਵਾਲੇ ਸਾਰੇ ਬੱਚਿਆਂ ਤੇ ਅਧਿਆਪਕਾਂ ਨੂੰ ਵੱਖ-ਵੱਖ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਸੰਸਥਾ ਦੇ ਡਾਇਰੈਕਟਰ ਮਨਜੀਤ ਸਿੰਘ ਨੇ ਐਜੂਕੇਟ ਪੰਜਾਬ ਪ੍ਰੋਜੈਕਟ ਦੀਆਂ ਸਮੁੱਚੀਆਂ ਗਤੀਵਿਧੀਆਂ ਦੀ ਪ੍ਰਸ਼ੰਸਾ ਕੀਤੀ ਤੇ ਉਨ੍ਹਾਂ ਦੀ ਪੂਰੀ ਟੀਮ ਦਾ ਸਕੂਲ ਪਹੁੰਚਣ 'ਤੇ ਧੰਨਵਾਦ ਕੀਤਾ ਕੀਤਾ। ਇਸ ਮੌਕੇ ਭਾਈ ਗੁਰਜੀਤ ਸਿੰਘ, ਤਜਿੰਦਰ ਕੌਰ, ਬਲਵੀਰ ਕੌਰ, ਪ੍ਰਭਜੋਤ ਕੌਰ, ਜਸਮੇਲ ਕੌਰ, ਰਣਜੀਤ ਸਿੰਘ, ਰਾਜਵਿੰਦਰ ਕੌਰ, ਨਵਪ੍ਰੀਤ ਕੌਰ, ਹਰਜੀਤ ਕੌਰ, ਕਮਲਜੀਤ ਕੌਰ ਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

## ਵਿਦਿਆਰਥੀਆਂ ਨੇ ਕੀਤਾ ਅਧਿਆਪਕਾਂ ਦਾ ਸਨਮਾਨ



**ਜਗਰਾਉਂ (ਅਮਿਤ ਖੰਨਾ)**-ਸਥਾਨਕ ਖ਼ਾਲਸਾ ਸਕੂਲ ਦੇ ਅਣ-ਤਰਾਸ਼ੇ ਹੀਰੇ ਗਰੁੱਪ ਦੇ ਵਿਦਿਆਰਥੀਆਂ ਨੇ ਅਧਿਆਪਕਾਂ ਦਾ ਸਨਮਾਨ ਕਰਦਿਆਂ ਸਕੂਲ ਨਾਲ ਜੁੜੀਆਂ ਪੁਰਾਣੀਆਂ ਯਾਦਾਂ ਅਧਿਆਪਕਾਂ ਨਾਲ ਸਾਂਝੀਆਂ ਕੀਤੀਆਂ। ਸਕੂਲ ਗਰੁੱਪ ਦੇ ਵਿਦਿਆਰਥੀ ਜਿਹੜੇ ਸਕੂਲੀ ਪੜ੍ਹਾਈ ਖਤਮ ਹੋਣ 'ਤੇ ਦੇਸ਼ ਵਿਦੇਸ਼ 'ਚ ਸੈਟਲ ਹਨ, ਉਹ ਆਪਣੇ ਅਧਿਆਪਕਾਂ ਨੂੰ ਹੀ ਮਿਲਣ ਸਕੂਲ ਆਏ। ਇਸ ਸਮੇਂ ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਦਾ ਸ਼ੁਕਰੀਆ ਅਦਾ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਕਰਵਾਈ ਮਿਹਨਤ ਤੇ ਕੀਤੇ ਮਾਰਗ ਦਰਸ਼ਨ ਸਦਕਾ ਹੀ ਉਹ ਇਸ ਮੁਕਾਮ 'ਤੇ ਪੁੱਜੇ ਹਨ। ਸਕੂਲ ਦੇ ਪੁਰਾਣੇ ਵਿਦਿਆਰਥੀਆਂ ਦੇ ਸਕੂਲ ਆਉਣ 'ਤੇ ਜਿੱਥੇ ਆਪਣੇ ਅਧਿਆਪਕਾਂ ਨੂੰ ਦੇਖ ਡਾਢਾ ਚਾਅ ਚੜ੍ਹਿਆ, ਉੱਥੇ ਵਿਦਿਆਰਥੀਆਂ ਦੇ ਸਤਿਕਾਰ ਵਜੋਂ ਉਨ੍ਹਾਂ ਦਾ ਸਨਮਾਨ ਵੀ ਕੀਤਾ। ਇਸ ਮੌਕੇ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ, ਸੇਵਾ ਮੁਕਤ ਅਧਿਆਪਕ ਅਜਮੇਰ ਸਿੰਘ, ਅਵਤਾਰ ਸਿੰਘ, ਮਨਜੀਤ ਕੌਰ ਤੇ ਸੰਤੋਸ਼ ਕੁਮਾਰੀ ਨੇ ਕਿਹਾ ਕਿ ਸਾਨੂੰ ਆਪਣੇ ਅਜਿਹੇ ਮਾਣਮੱਤੇ ਵਿਦਿਆਰਥੀਆਂ 'ਤੇ ਮਾਣ ਹੈ, ਜੋ ਆਪਣੀ ਮਿਹਨਤ ਲਗਨ ਨਾਲ ਆਪਣਾ ਮੁਕਾਮ ਹਾਸਲ ਕਰਦਿਆਂ ਖ਼ੁਸ਼ਹਾਲ ਜੀਵਨ ਬਤੀਤ ਕਰ ਰਹੇ ਹਨ। ਇਸ ਮੌਕੇ ਪੁਰਾਣੇ ਵਿਦਿਆਰਥੀਆਂ ਵੱਲੋਂ ਆਪਣੇ ਅਧਿਆਪਕਾਂ ਨੂੰ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ।

## ਬਾਬਾ ਕੁੰਦਨ ਸਿੰਘ ਦੀ ਯਾਦ 'ਚ ਸਾਲਾਨਾ ਸੰਤ ਸਮਾਗਮ

**ਮਮਦੋਟ (ਹਰਪਾਲ ਸਿੰਘ ਸੋਢੀ)**-ਧੰਨ ਧੰਨ ਬਾਬਾ ਕੁੰਦਨ ਸਿੰਘ ਜੀ ਦੀ ਬਰਸੀ ਦੀ ਯਾਦ ਵਿੱਚ ਸਾਲਾਨਾ ਸੰਤ ਸਮਾਗਮ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਸੰਤ ਬਾਬਾ ਸੁੱਚਾ ਸਿੰਘ ਦੀ ਅਗਵਾਈ ਵਿੱਚ ਕਰਵਾਇਆ ਗਿਆ, ਜਿਸ ਦੌਰਾਨ ਆਖੰਡ ਪਾਠਾਂ ਦੇ ਭੋਗ ਪਾਏ ਗਏ। ਸਮਾਗਮ ਵਿੱਚ ਵੱਡੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਇਨ੍ਹਾਂ ਸਮਾਗਮਾਂ ਦੌਰਾਨ ਵੱਖ ਵੱਖ ਰਾਗੀ ਜਥਿਆਂ ਤੇ ਕਥਾ ਵਾਚਕਾਂ ਨੇ ਸੰਗਤਾਂ ਨੂੰ ਗੁਰੂ ਜਸ ਸੁਣਾ ਕੇ ਨਿਹਾਲ ਕੀਤਾ। ਸਮਾਗਮ ਦੌਰਾਨ ਹਜ਼ੂਰੀ ਰਾਗੀ ਭਾਈ ਅਰਜਨ ਸਿੰਘ ਠਾਠ ਨਾਨਕਸਰ ਵਾਲਿਆਂ ਨੇ ਸੰਗਤਾਂ ਨੂੰ ਕੀਰਤਨ ਸੁਣਾ ਕੇ ਨਿਹਾਲ ਕੀਤਾ। ਇਸ ਸਮਾਗਮ ਵਿੱਚ ਬਾਬਾ ਗੁਰਮੀਤ ਸਿੰਘ ਸ਼ਾਹਬਾਦ ਵਾਲੇ ਵੀ ਪਹੁੰਚੇ। ਸਮਾਗਮ ਦੌਰਾਨ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਅੰਮ੍ਰਿਤਸਰ ਸਾਹਿਬ, ਬਾਬਾ ਸੇਵਾ ਸਿੰਘ ਨਾਨਕਸਰ ਵਾਲੇ, ਸੰਤ ਬਾਬਾ ਹਰੀ ਸਿੰਘ ਜ਼ੀਰੇ ਵਾਲੇ, ਭਾਈ ਤੇਜਿੰਦਰ ਸਿੰਘ ਜਿੰਦੂ ਨਾਨਕਸਰ, ਸੰਤ ਹਰੀ ਸਿੰਘ, ਸੰਤ ਬਾਬਾ ਲਖਬੀਰ ਸਿੰਘ ਨਾਨਕਸਰ ਵੜੈਚ, ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਭੁੱਚੋ ਸਾਹਿਬ, ਮਾਤਾ ਵਿਪਨਪ੍ਰੀਤ ਕੌਰ ਲੁਧਿਆਣਾ ਵਾਲੇ, ਭਾਈ ਅਮਨਦੀਪ ਸਿੰਘ, ਭਗਤ ਬਾਬਾ ਮਿਲਖਾ ਸਿੰਘ ਅਰਮਾਨਪੁਰਾ ਵਾਲੇ, ਬਾਬਾ ਤਰਨਜੀਤ ਸਿੰਘ ਨਿੱਕੇ ਘੁੰਮਣਾ ਤੇ ਸੰਤ ਬਾਬਾ ਬੋਹੜ ਸਿੰਘ ਤੂਤਾਂ ਵਾਲਿਆਂ ਨੇ ਸੰਗਤਾਂ ਨੂੰ ਗੁਰੂਆਂ ਦੇ ਦੱਸੇ ਉਪਦੇਸ਼ 'ਤੇ ਚੱਲਣ ਦੀ ਪ੍ਰੇਰਣਾ ਦਿੱਤੀ। ਇਸ ਤੋਂ ਇਲਾਵਾ ਸਮਾਗਮ ਦੌਰਾਨ ਸੰਤ ਬਾਬਾ ਸੁੱਚਾ ਸਿੰਘ ਨਾਨਕਸਰ ਵਾਲਿਆਂ ਨੇ ਸੰਗਤਾਂ ਨੂੰ ਗੁਰੂਆਂ ਦੁਆਰਾ ਦਰਸਾਏ ਮਾਰਗ 'ਤੇ ਚੱਲਣ ਬਾਰੇ ਪ੍ਰੇਰਿਤ ਕੀਤਾ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ 112 ਲੋੜਵੰਦਾਂ ਨੂੰ ਪੈਨਸ਼ਨ ਦੇ ਚੈੱਕ ਵੰਡੇ

■ ਟਰੱਸਟ ਦੀ ਜ਼ਿਲ੍ਹਾ ਸੰਗਰੂਰ ਇਕਾਈ ਦੇ ਸੁਖਮਿੰਦਰ ਸਿੰਘ ਹਰਮਨ ਮੁੜ ਪ੍ਰਧਾਨ ਬਣੇ



**ਸੰਗਰੂਰ (ਪ੍ਰਵੀਨ ਸਿੰਘ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਜ਼ਿਲ੍ਹਾ ਇਕਾਈ ਦੀ ਸਰਬ ਸੰਮਤੀ ਨਾਲ ਹੋਈ ਚੋਣ ਵਿੱਚ ਸੁਖਮਿੰਦਰ ਸਿੰਘ ਹਰਮਨ ਨੂੰ ਮੁੜ ਤਿੰਨ ਸਾਲਾਂ ਲਈ ਪ੍ਰਧਾਨ ਚੁਣਿਆ ਗਿਆ ਤੇ ਬਾਕੀ ਕਾਰਜਕਾਰੀ ਮੈਂਬਰ ਚੁਣਨ ਦੇ ਅਧਿਕਾਰ ਵੀ ਉਨ੍ਹਾਂ ਨੂੰ ਦਿੱਤੇ ਗਏ। ਇਸ ਸਮੇਂ ਲੋੜਵੰਦਾਂ ਨੂੰ ਪੈਨਸ਼ਨ ਤੇ ਹੋਰ ਭਲਾਈ ਸਕੀਮਾਂ ਲਈ ਹਰਮਨ ਹੋਟਲ ਵਿਖੇ ਸਮਾਗਮ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਸੁਖਮਿੰਦਰ ਸਿੰਘ ਹਰਮਨ ਵੱਲੋਂ ਕੀਤੀ ਗਈ। ਇਸ ਦੌਰਾਨ 112 ਲੋੜਵੰਦਾਂ ਨੂੰ ਮਹੀਨਾਵਾਰ ਪੈਨਸ਼ਨ ਦੇ ਚੈੱਕ ਦਿੱਤੇ ਗਏ। ਇਸ ਸਮੇਂ ਟਰੱਸਟ ਵੱਲੋਂ 9 ਮੈਡੀਕਲ ਚੈੱਕ ਵੀ ਲੋੜਵੰਦਾਂ ਨੂੰ ਦਿੱਤੇ ਗਏ।

ਇਸ ਸਮੇਂ ਜ਼ਿਲ੍ਹਾ ਪ੍ਰਧਾਨ ਸੁਖਮਿੰਦਰ ਸਿੰਘ ਹਰਮਨ ਨੇ ਕਿਹਾ ਕਿ ਡਾ. ਪ੍ਰੋ. ਐੱਸ.ਪੀ. ਸਿੰਘ ਓਬਰਾਏ ਆਪਣੀ ਆਮਦਨ ਦਾ 98 ਫੀਸਦੀ ਸਮਾਜ ਸੇਵਾ ਦੇ ਕੰਮਾਂ ਵਿੱਚ ਖਰਚ ਕਰ ਦਿੰਦੇ ਹਨ। ਉਨ੍ਹਾ ਦੱਸਿਆ ਕਿ ਬਹੁਤ ਸਾਰੇ ਲੋੜਵੰਦ ਜਿਹੜੇ ਚੈੱਕ ਖੁਦ ਲੈਣ ਨਹੀਂ ਆ ਸਕਦੇ, ਉਨ੍ਹਾਂ ਦੇ ਚੈੱਕ ਉਨ੍ਹਾਂ ਦੇ ਬੈਂਕਾਂ ਰਾਹੀਂ ਉਨ੍ਹਾਂ ਦੇ ਖਾਤਿਆਂ 'ਚ ਜਮ੍ਹਾਂ ਕਰਾ ਦਿੱਤੇ ਜਾਂਦੇ ਹਨ। ਉਨ੍ਹਾ ਦੱਸਿਆ ਕਿ ਬਹੁਤ ਸਾਰੇ ਪਿੰਡਾਂ ਵਿੱਚ ਜਿਵੇਂ ਕਿ ਖੇੜੀ ਜੱਟਾਂ ਪੇਂਡੂ ਮੁੰਡੇ ਤੇ ਕੁੜੀਆਂ ਨੂੰ ਸਮੇਂ ਦੇ ਹਾਣੀ ਤੇ ਰੁਜ਼ਗਾਰ ਦੇ ਯੋਗ ਬਣਾਉਣ ਲਈ ਕੰਪਿਊਟਰ ਸੈਂਟਰ ਵੀ ਚਲਾਏ ਜਾ ਰਹੇ ਹਨ।

ਕੁੜੀਆਂ ਨੂੰ ਸਵੈ-ਰੁਜ਼ਗਾਰ ਲਈ ਕੁਝ ਪਿੰਡਾਂ ਵਿੱਚ ਸਿਲਾਈ ਸੈਂਟਰ ਵੀ ਚਾਲੂ ਕੀਤੇ ਗਏ ਹਨ, ਜਿਨ੍ਹਾਂ ਦਾ ਲਾਭ ਪੇਂਡੂ ਖੇਤਰ ਦੀਆਂ ਔਰਤਾਂ ਤੇ ਲੜਕੀਆਂ ਉਠਾ ਰਹੀਆਂ ਹਨ। ਇਸ ਸਮੇਂ ਹੋਰਨਾਂ ਤੋਂ ਇਲਾਵਾ ਫਤਿਹ ਪ੍ਰਭਾਕਰ, ਕੁਲਵੰਤ ਸਿੰਘ ਬਾਜਵਾ, ਸੁਖਮਿੰਦਰ ਕੁਮਾਰ, ਸਤਨਾਮ ਸਿੰਘ ਦਮਦਮੀ ਤੇ ਮੈਡਮ ਸੰਤੋਖ ਕੌਰ ਹਾਜ਼ਰ ਸਨ।

# ਇਲੈਕਟ੍ਰੋਹੋਮਿਓਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਪੰਜਾਬ ਦੀ ਚੋਣ



**ਮੋਗਾ (ਅਮਰਜੀਤ ਬੱਬਰੀ)**

ਇਲੈਕਟ੍ਰੋਹੋਮਿਓਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਰਜਿ. 404 ਪੰਜਾਬ ਦਾ ਸਾਲਾਨਾ ਚੋਣ ਅਜਲਾਸ ਚੋਖਾ ਅੰਪਾਇਰ ਹੋਟਲ ਬੁੱਗੀਪੁਰਾ ਚੌਕ ਮੋਗਾ ਵਿਖੇ ਹੋਇਆ, ਜਿਸ ਵਿੱਚ ਪ੍ਰਧਾਨ ਡਾ. ਜਗਮੋਹਨ ਸਿੰਘ ਧੂੜਕੋਟ ਨੇ ਐਸੋਸੀਏਸ਼ਨ ਦੀਆਂ ਪਿਛਲੇ ਸਾਲ ਦੀਆਂ ਗਤੀਵਿਧੀਆਂ 'ਤੇ ਚਾਨਣਾ ਪਾਇਆ। ਉਨ੍ਹਾ ਦੱਸਿਆ ਇਸ ਸਾਲ ਵਿੱਚ ਐਸੋਸੀਏਸ਼ਨ ਵੱਲੋਂ ਇਲੈਕਟ੍ਰੋਹੋਮਿਓਪੈਥੀ ਦੇ ਪਿਤਾਮਾ ਕਾਉਂਟ ਸੀਜ਼ਰ ਮੈਟੀ ਦੀ ਬਰਸੀ 'ਤੇ ਖੂਨਦਾਨ ਕੈਂਪ ਲਗਾਇਆ ਤੇ ਐਸੋਸੀਏਸ਼ਨ ਦੇ ਕਈ ਮੈਂਬਰਾਂ ਨੇ ਐਸੋਸੀਏਸ਼ਨ ਦੇ ਸਹਿਯੋਗ ਨਾਲ ਇਲੈਕਟਰੋਹੋਮਿਓਪੈਥੀ ਦਵਾਈਆਂ ਦੇ ਫਰੀ ਕੈਂਪ ਲਗਾਏ। ਕੋਰ ਕਮੇਟੀ ਮੈਂਬਰ ਡਾ. ਸ਼ਿੰਦਰ ਸਿੰਘ ਕਲੇਰ ਨੇ ਈ ਡੀ ਐੱਮ ਏ ਦੀਆਂ ਕੁਝ ਅਹਿਮ ਪ੍ਰਾਪਤੀਆਂ ਬਾਰੇ ਦੱਸਿਆ। ਖਜ਼ਾਨਚੀ ਡਾ. ਅਨਿਲ ਕੁਮਾਰ ਅਗਰਵਾਲ ਨੇ ਪਿਛਲੇ ਸਾਲ ਦਾ ਲੇਖਾ ਜੋਖਾ ਪੇਸ਼ ਕੀਤਾ ਤੇ ਕੋਰ ਕਮੇਟੀ ਮੈਂਬਰ ਡਾ. ਮਨਪ੍ਰੀਤ ਸਿੰਘ ਸਿੱਧੂ ਨੇ ਐਗਜ਼ੈਕਟਿਵ ਕਮੇਟੀ ਨੂੰ ਭੰਗ ਕੀਤਾ। ਉਪਰੰਤ ਸਰਵਸੰਮਤੀ ਨਾਲ ਡਾ. ਜਗਮੋਹਨ ਸਿੰਘ ਧੂੜਕੋਟ ਪ੍ਰਧਾਨ, ਡਾ. ਜਗਤਾਰ ਸਿੰਘ ਸੇਖੋਂ ਚੇਅਰਮੈਨ, ਡਾ. ਮਨਪ੍ਰੀਤ ਸਿੰਘ ਸਿੱਧੂ, ਡਾ. ਸ਼ਿੰਦਰ ਸਿੰਘ ਕਲੇਰ, ਡਾ. ਜਸਵਿੰਦਰ ਸਿੰਘ ਸਮਾਧ ਭਾਈ ਕੋਰ ਕਮੇਟੀ ਮੈਂਬਰ, ਡਾ. ਪਰਮਿੰਦਰ ਕੁਮਾਰ ਪਾਠਕ ਜਨਰਲ ਸਕੱਤਰ, ਡਾ. ਜਸਵੀਰ ਸ਼ਰਮਾ ਭਗਤਾ ਸਹਾਇਕ ਸਕੱਤਰ, ਡਾ. ਹਰਦੇਵ ਸਿੰਘ ਸੈਣੀ ਅੰਬਾਲਾ ਮੀਤ ਪ੍ਰਧਾਨ, ਡਾ. ਦਰਬਾਰਾ ਸਿੰਘ ਭੁੱਲਰ ਪ੍ਰੈੱਸ ਸਕੱਤਰ, ਡਾ.ਅਵਤਾਰ ਸਿੰਘ ਦੇਵਗਨ ਸਹਾਇਕ ਪ੍ਰੈੱਸ ਸਕੱਤਰ, ਡਾ. ਸੱਤਪਾਲ ਮੌਰੀਆ ਸਹਾਇਕ ਪ੍ਰੈੱਸ ਸਕੱਤਰ, ਡਾ. ਸੰਤੋਖ ਸਿੰਘ ਖਜ਼ਾਨਚੀ, ਡਾ. ਸਰਬਜੀਤ ਸਿੰਘ ਸਹਾਇਕ ਖਜ਼ਾਨਚੀ, ਡਾ. ਸੁਖਦੇਵ ਸਿੰਘ ਸਹਾਇਕ ਖਜ਼ਾਨਚੀ, ਡਾ. ਸ਼ਮਸ਼ੇਰ ਸਿੰਘ ਸਿੱਧੂ ਸਹਾਇਕ ਖਜ਼ਾਨਚੀ , ਡਾ. ਕਮਲਜੀਤ ਕੌਰ ਸੇਖੋਂ ਆਫਿਸ ਸਕੱਤਰ, ਡਾ. ਪਰਮਜੀਤ ਸਿੰਘ ਨੰਗਲ ਡਾ. ਕਰਮਜੀਤ ਸਿੰਘ ਬੌਡੇ ਮੀਟਿੰਗ ਕੋਆਰਡੀਨੇਟਰ ਤੇ ਐਗਜ਼ੈਕਟਿਵ ਮੈਂਬਰ ਡਾ. ਸੁਰਿੰਦਰ ਅਰੋੜਾ ਪਾਨੀਪਤ, ਡਾ. ਮਨੋਜ ਕੁਮਾਰ ਸਿਰਸਾ, ਡਾ. ਐੱਸ ਕੇ ਕਟਾਰੀਆ ਬਠਿੰਡਾ, ਡਾ. ਨਿਸ਼ਾਨ ਸਿੰਘ ਤਰਨ ਤਾਰਨ, ਡਾ. ਤਰਲੋਕ ਸਿੰਘ ਮੁਕਤਸਰ, ਡਾ. ਮੋਹਨ ਸਿੰਘ ਭਦੌੜ, ਡਾ. ਧਰਮਪਾਲ ਸਿੰਘ ਜਗਰਾਉਂ, ਡਾ. ਮੁਕੇਸ਼ ਕੁਮਾਰ ਫਿਰੋਜ਼ਪੁਰ, ਡਾ. ਸੰਜੀਵ ਜੁਨੇਜਾ ਫਰੀਦਕੋਟ, ਡਾ. ਜੈਦ ਖਾਨ ਮੇਰਠ, ਡਾ. ਸ਼ਹਿਯਾਦ ਮਲੇਰਕਟਲਾ, ਡਾ. ਮਨੀਸ਼ ਕੁਮਾਰ ਪਠਾਨਕੋਟ ਚੁਣੇ ਗਏ। ਇਸ ਸਮੇਂ ਡਾ. ਜਗਜੀਤ ਸਿੰਘ ਗਿੱਲ ਨੇ ਸਟੇਜ ਸਕੱਤਰ ਦੀ ਡਿਊਟੀ ਨਿਭਾਈ ਤੇ ਆਏ ਹੋਏ ਸਮੂਹ ਡਾਕਟਰ ਸਾਹਿਬਾਨਾਂ ਦਾ ਧੰਨਵਾਦ ਕੀਤਾ। ਇਸ ਸਮੇਂ ਪੰਜਾਬ, ਹਰਿਆਣਾ, ਯੂ ਪੀ ਤੋਂ ਵੱਡੀ ਗਿਣਤੀ 'ਚ ਡਾਕਟਰ ਪਹੁੰਚੇ ਹੋਏ ਸਨ।

## ਜੇ ਕੇ ਐੱਸ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਜੇ ਕੇ ਐੱਸ ਪਬਲਿਕ ਸਕੂਲ ਦੇ ਵਿਦਿਆਰਥੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ। ਇਸ ਸਮੇਂ ਉਨ੍ਹਾਂ ਨਾਲ ਸਕੂਲ ਅਧਿਆਪਕ ਪਰਮਿੰਦਰ ਕੌਰ, ਮਨਜੀਤ ਕੌਰ ਤੇ ਲਵਪ੍ਰੀਤ ਸਿੰਘ ਹਾਜ਼ਰ ਸਨ। ਵਿਦਿਆਰਥੀਆਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਲੰਗਰ ਛਕਿਆ। ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਸਿੱਖ ਧਰਮ ਤੇ ਸਿੱਖ ਗੁਰੂਆਂ ਬਾਰੇ ਦੱਸਿਆ ਗਿਆ, ਉਥੇ ਅਧਿਆਪਕਾਂ ਤੇ ਬੱਚਿਆਂ ਨੇ ਕੀਰਤਨ ਦਾ ਆਨੰਦ ਮਾਣਿਆ। ਦਰਸ਼ਨਾਂ ਤੋਂ ਬਾਅਦ ਵਿਦਿਆਰਥੀਆਂ ਨੇ ਸਿੱਖ ਧਰਮ ਨਾਲ ਸਬੰਧਤ ਥਰੀ ਡੀ ਸ਼ੋਅ ਦੇਖਿਆ। ਇਸ ਤੋਂ ਬਾਅਦ ਜਲ੍ਹਿਆਂਵਾਲਾ ਬਾਗ ਚਲੇ ਗਏ, ਉਥੇ ਵਿਦਿਆਰਥੀਆਂ ਨੂੰ ਜਲ੍ਹਿਆਂਵਾਲਾ ਬਾਗ ਨਾਲ ਸਬੰਧਤ ਇਤਿਹਾਸ ਤੋਂ ਜਾਣੂ ਕਰਵਾਇਆ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਮੀਨੂੰ ਮੋਂਗਾ ਨੇ ਕਿਹਾ ਕਿ ਵਿੱਦਿਅਕ ਗਿਆਨ ਦੇ ਨਾਲ-ਨਾਲ ਬੱਚਿਆਂ ਨੂੰ ਧਾਰਮਿਕ ਗਿਆਨ ਦਾ ਵੀ ਹੋਣਾ ਜ਼ਰੂਰੀ ਹੈ। ਧਾਰਮਿਕ ਸਿੱਖਿਆ ਵਿਦਿਆਰਥੀਆਂ 'ਚ ਨੈਤਿਕ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਦੀ ਹੈ। ਉਨ੍ਹਾ ਕਿਹਾ ਕਿ ਭਵਿੱਖ ਵਿੱਚ ਵੀ ਬੱਚਿਆਂ ਨੂੰ ਵੱਖ-ਵੱਖ ਥਾਵਾਂ ਦੇ ਸੈਰ-ਸਪਾਟੇ 'ਤੇ ਲਿਜਾਇਆ ਜਾਵੇਗਾ।

# ਪੀ ਏ ਡੀ ਬੀ ਪਾਤੜਾਂ ਦੀ ਚੋਣ; ਖੇੜੀ ਚੇਅਰਮੈਨ ਤੇ ਗਲੋਲੀ ਵਾਈਸ ਚੇਅਰਮੈਨ ਬਣੇ

■ ਹਲਕਾ ਵਿਧਾਇਕ ਵੱਲੋਂ ਨਵੇਂ ਚੁਣੇ ਅਹੁਦੇਦਾਰਾਂ ਦਾ ਸਨਮਾਨ


ਨਵੇਂ ਚੁਣੇ ਗਏ ਅਹੁਦੇਦਾਰਾਂ ਦਾ ਸਨਮਾਨ ਕਰਦੇ ਹੋਏ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਖੇਤੀਬਾੜੀ ਵਿਕਾਸ ਬੈਂਕ ਪਾਤੜਾਂ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਸਰਵਸੰਮਤੀ ਨਾਲ ਹੋਈ ਚੋਣ ਦੌਰਾਨ ਬੈਂਕ ਦੇ ਡਾਇਰੈਕਟਰ ਚੁਣੇ ਗਏ ਤਰਸੇਮ ਸਿੰਘ ਖੇੜੀ ਨਗਾਈਆਂ ਨੂੰ ਚੇਅਰਮੈਨ, ਲਖਵਿੰਦਰ ਸਿੰਘ ਗਲੋਲੀ ਨੂੰ ਵਾਈਸ ਚੇਅਰਮੈਨ ਤੇ ਪਿਆਰਾ ਸਿੰਘ ਨੂੰ ਕਰਜ਼ਾ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਹੈ। ਇਸ ਦੌਰਾਨ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਨਵੇਂ ਚੁਣੇ ਗਏ ਅਹੁਦੇਦਾਰਾਂ ਦਾ ਸਨਮਾਨ ਕੀਤਾ। ਸਨਮਾਨ ਉਪਰੰਤ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਸੰਵਿਧਾਨਕ ਅਹੁਦਿਆਂ ਉੱਤੇ ਵੀ ਲੀਡਰਾਂ ਤੇ ਅਫਸਰਾਂ ਦੇ ਪੁੱਤਰ ਨਹੀਂ, ਸਗੋਂ ਆਮ ਪਰਵਾਰਾਂ ਨਾਲ ਸਬੰਧਤ ਵਿਅਕਤੀਆਂ ਨੂੰ ਮੌਕੇ ਦਿੱਤੇ ਜਾ ਰਹੇ ਹਨ। ਉਨ੍ਹਾ ਕਿਹਾ ਕਿ ਸੂਬੇ ਵਿੱਚ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਲਈ ਯਤਨਸ਼ੀਲ ਹੈ, ਉੱਥੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣਾ ਸਰਕਾਰ ਦਾ ਪਹਿਲਾ ਟੀਚਾ ਹੈ। ਉਨ੍ਹਾ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਣ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਪੰਜਾਬ ਦੀ ਡੁੱਬਦੀ ਜਾ ਰਹੀ ਕਿਸਾਨੀ ਨੂੰ ਬਚਾਉਣ ਵਿੱਚ ਸਹਿਕਾਰਤਾ ਵਿਭਾਗ ਅਹਿਮ ਰੋਲ ਅਦਾ ਕਰਦਾ ਹੈ, ਇਸ ਲਈ ਬੈਂਕ ਵੱਲੋਂ ਕਿਸਾਨਾਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਨੂੰ ਲੋਕਾਂ ਤੱਕ ਲੈ ਕੇ ਜਾਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਆਪ ਆਗੂ ਦਿਹਾਤੀ ਪ੍ਰਧਾਨ ਮਹਿੰਗਾ ਸਿੰਘ ਬਰਾੜ, ਮਦਨ ਲਾਲ ਸ਼ਹਿਰੀ ਪ੍ਰਧਾਨ, ਸਰਪੰਚ ਕਰਨੈਲ ਸਿੰਘ ਦੁਤਾਲ ਤੇ ਪੀ ਏ ਡੀ ਬੀ ਦੇ ਚੁਣੇ ਗਏ ਡਾਇਰੈਕਟਰ ਹਾਜ਼ਰ ਸਨ।

# 23 ਨੂੰ ਪ੍ਰਦੂਸ਼ਣ ਵਿਭਾਗ ਖਿਲਾਫ ਦੇਵਾਂਗੇ ਵਿਸ਼ਾਲ ਧਰਨਾ : ਮਾਣੋਚਾਹਲ, ਪਹੂਵਿੰਡ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸ਼ਹੀਦ ਭਾਈ ਤਾਰੂ ਸਿੰਘ ਜੀ ਪੂਹਲਾ ਜ਼ੋਨ ਭਿੱਖੀਵਿੰਡ ਦੀ ਹੰਗਾਮੀ ਮੀਟਿੰਗ ਜ਼ੋਨ ਪ੍ਰਧਾਨ ਦਿਲਬਾਗ ਸਿੰਘ ਪਹੂਵਿੰਡ ਦੀ ਪ੍ਰਧਾਨਗੀ ਹੇਠ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਜਨਮ ਅਸਥਾਨ ਪਹੂਵਿੰਡ ਸਾਹਿਬ ਵਿਖੇ ਹੋਈ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ, ਫਤਿਹ ਸਿੰਘ ਪਿੱਦੀ ਅਤੇ ਦਿਲਬਾਗ ਸਿੰਘ ਪਹੂਵਿੰਡ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਵੱਲੋਂ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਅਤੇ ਪਾਣੀ ਪ੍ਰਦੂਸ਼ਣ ਨੂੰ ਰੋਕਣ ਲਈ ਪਿਛਲੇ ਦਿਨੀਂ ਪ੍ਰਦੂਸ਼ਣ ਵਿਭਾਗ ਦੇ ਕਰਮਚਾਰੀਆਂ ਨੂੰ ਲੌਹੁਕਾ ਸ਼ਰਾਬ ਫੈਕਟਰੀ ਵੱਲੋਂ ਧਰਤੀ ਹੇਠ ਪਾਏ ਜਾ ਰਹੇ ਗੰਦੇ ਪਾਣੀ ਨੂੰ ਰੋਕਣ ਲਈ ਇੱਕ ਮੰਗ ਪੱਤਰ ਸੌਂਪਿਆ ਗਿਆ ਸੀ, ਜਿਸ 'ਤੇ ਪ੍ਰਦਰਸ਼ਨ ਵਿਭਾਗ ਵੱਲੋਂ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਉਪਰੋਕਤ ਆਗੂਆਂ ਨੇ ਕਿਹਾ ਕਿ ਪ੍ਰਸ਼ਾਸਨ ਇੰਨੇ ਗੰਭੀਰ ਮਾਮਲੇ 'ਤੇ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ, ਜਿਸ ਨੂੰ ਜਗਾਉਣ ਲਈ ਉਹ 23 ਫਰਵਰੀ ਨੂੰ ਪ੍ਰਦੂਸ਼ਣ ਵਿਭਾਗ ਅੰਮ੍ਰਿਤਸਰ ਦੇ ਦਫਤਰ ਅੱਗੇ ਵਿਸ਼ਾਲ ਧਰਨਾ ਦੇਣਗੇ। ਇਸ ਮੌਕੇ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਧਰਤੀ ਹੇਠਲੇ ਪਾਣੀ ਨੂੰ ਮੁਕਾਉਣ ਲਈ ਕਿਸਾਨੀ ਨੂੰ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ ਜਦਕਿ ਫੈਕਟਰੀਆਂ ਸਾਰਾ ਸਾਲ ਹੀ ਧਰਤੀ ਹੇਠੋਂ ਪਾਣੀ ਕੱਢਦੀਆਂ ਰਹਿੰਦੀਆਂ ਹਨ ਅਤੇ ਗੰਦਾ ਹੋਇਆ ਪਾਣੀ ਫਿਰ ਧਰਤੀ ਹੇਠਾਂ ਪਾਉਂਦੀਆਂ



ਹਨ, ਜਿਸ ਨਾਲ ਆਮ ਲੋਕਾਂ ਭਿਆਨਕ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਖੇਤੀ ਸੈਕਟਰ ਲਈ 8 ਘੰਟੇ ਨਿਰਵਿਘਨ ਬਿਜਲੀ ਸਪਲਾਈ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਕਣਕ ਦੀ ਫਸਲ ਨੂੰ ਨੁਕਸਾਨ ਤੋਂ ਬਚਾਇਆ ਜਾ ਸਕੇ। ਇਸ ਮੌਕੇ ਸੁੱਚਾ ਸਿੰਘ ਵੀਰਮ, ਮਾਨ ਸਿੰਘ ਮਾੜੀਮੇਘਾ, ਹਰਜਿੰਦਰ ਸਿੰਘ ਕਲਸੀਆਂ, ਪੂਰਨ ਸਿੰਘ ਮੱਦਰ, ਅਜਮੇਰ ਸਿੰਘ ਅਮੀਸ਼ਾਹ, ਹਰਭਜਨ ਸਿੰਘ ਕੱਚਾਪੱਕਾ, ਮੰਗਤ ਸਿੰਘ ਕੱਚਾਪੱਕਾ,ਬਲਿਹਾਰ ਸਿੰਘ ਮਨਿਹਾਲਾ, ਸਤਨਾਮ ਸਿੰਘ ਮਨਿਹਾਲਾ, ਅਰੂੜ ਸਿੰਘ ਸਾਂਧਰਾ, ਜੁਗਰਾਜ ਸਿੰਘ ਸਾਂਧਰਾ, ਗੁਰਸਾਬ ਸਿੰਘ ਮਾੜੀਮੇਘਾ, ਜਗਰੂਪ ਸਿੰਘ ਮਾੜੀਮੇਘਾ, ਬਲਵਿੰਦਰ ਸਿੰਘ ਚੀਮਾ, ਗੁਰਜਿੰਦਰ ਸਿੰਘ ਚੀਮਾ ,ਪਾਲ ਸਿੰਘ ਮਨਾਵਾਂ, ਗੁਰਲਾਲ ਸਿੰਘ ਮਨਾਵਾਂ, ਬਚਿੱਤਰ ਸਿੰਘ ਨਵਾਂਪਿੰਡ, ਜਸਵੰਤ ਸਿੰਘ ਨਵਾਂਪਿੰਡ, ਸਵਰਨ ਸਿੰਘ ਡਲੀਰੀ, ਗੁਰਸਾਹਬ ਸਿੰਘ ਡਲੀਰੀ, ਦਿਲਬਾਗ ਸਿੰਘ ਵੀਰਮ, ਹਰਪਾਲ ਸਿੰਘ ਕਲਸੀਆਂ, ਮੇਜਰ ਸਿੰਘ ਕਲਸੀਆਂ, ਜਗਜੀਤ ਸਿੰਘ ਮੱਲ੍ਹੀ, ਸੁਖਦੇਵ ਸਿੰਘ ਮੱਲ੍ਹੀ, ਪ੍ਰਤਾਪ ਸਿੰਘ ਚੂੰਘ, ਕੁਲਵੰਤ ਸਿੰਘ ਚੂੰਘ, ਰਸਾਲ ਸਿੰਘ ਮਾਣਕਪੁਰਾ, ਜੋਗਿੰਦਰ ਸਿੰਘ ਪਹੂਵਿੰਡ, ਜਗਜੀਤ ਸਿੰਘ ਪਹੂਵਿੰਡ, ਨਿਰਵੈਲ ਸਿੰਘ ਚੇਲਾ, ਸੁਖਦੇਵ ਸਿੰਘ ਚੇਲਾ, ਗੁਰਚਰਨ ਸਿੰਘ ਥੇਹ ਨੌਸ਼ਹਿਰਾ, ਬਿੱਕਰ ਸਿੰਘ ਮੱਖੀ ਕਲਾਂ, ਸੁਬੇਗ ਸਿੰਘ ਮੱਖੀ ਕਲਾਂ, ਗੁਰਨਾਮ ਸਿੰਘ ਮਰਗਿੰਦਪੁਰਾ, ਮਨਜੀਤ ਸਿੰਘ ਅਮੀਸ਼ਾਹ, ਬਾਜ ਸਿੰਘ ਖਾਲੜਾ, ਬਲਕਾਰ ਸਿੰਘ ਖਾਲੜਾ, ਸੁਖਪਾਲ ਸਿੰਘ ਦੋਦੇ, ਬਲਵਿੰਦਰ ਸਿੰਘ ਦੋਦੇ, ਦਿਲਬਾਗ ਸਿੰਘ ਵਾੜਾ ਠੱਠੀ, ਅੰਗਰੇਜ਼ ਸਿੰਘ ਵਾਂ, ਅਮਰਜੀਤ ਸਿੰਘ ਵਾਂ, ਹੀਰਾ ਸਿੰਘ ਮੱਦਰ, ਜੈਮਲ ਸਿੰਘ ਮੱਦਰ, ਬਲਦੇਵ ਸਿੰਘ ਉੱਦੋਕੇ ਆਦਿ ਕਿਸਾਨ ਵੀਰ ਹਾਜ਼ਰ ਸਨ।

# ਹਰੀਕੇ ਝੀਲ 'ਤੇ ਬਣੇਗਾ ਸ਼ਾਨਦਾਰ ਡਿਜੀਟਲ ਵਿਆਖਿਆ ਕੇਂਦਰ: ਕਟਾਰੂਚੱਕ

**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਹਰੀਕੇ ਝੀਲ 'ਤੇ 01 ਕਰੋੜ ਰੁਪਏ ਦੀ ਲਾਗਤ ਨਾਲ ਸੈਲਾਨੀਆਂ ਲਈ ਸ਼ਾਨਦਾਰ ਡਿਜੀਟਲ ਵਿਆਖਿਆ ਕੇਂਦਰ ਬਣਾਇਆ ਜਾਵੇਗਾ, ਜਿੱਥੇ ਆਉਣ ਵਾਲੇ ਸੈਲਾਨੀਆਂ ਨੂੰ ਹਰੀਕੇ ਝੀਲ, ਇੱਥੇ ਸਰਦ ਰੁੱਤ ਦੇ ਮਹਿਮਾਨ ਪ੍ਰਵਾਸੀ ਪੰਛੀਆਂ ਤੇ ਜੀਵ-ਜੰਤੂਆਂ, ਡਾਲਫਿਨ ਅਤੇ ਘੜਿਆਲ ਆਦਿ ਬਾਰੇ ਵਿਸਥਾਰ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। ਇਹ ਜਾਣਕਾਰੀ ਜੰਗਲਾਤ ਅਤੇ ਜੰਗਲੀ ਜੀਵ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਨੇ ਕੈਨਾਲ ਰੈਸਟ ਹਾਊਸ ਹਰੀਕੇ ਵਿਖੇ ਕਰਵਾਏ ਗਏ ਚੌਥੇ ਰਾਜ ਪੱਧਰੀ ਪੰਛੀਆਂ ਦਾ ਤਿਉਹਾਰ-ਬਰਡ ਫੈਸਟ-2023 ਮੌਕੇ ਸੰਬੋਧਨ ਕਰਦਿਆਂ ਦਿੱਤੀ। ਇਸ ਮੌਕੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ, ਹਲਕਾ ਵਿਧਾਇਕ ਖਡੂਰ ਸਾਹਿਬ ਸ੍ਰੀ ਮਨਜਿੰਦਰ ਸਿੰਘ ਲਾਲਪੁਰਾ, ਹਲਕਾ ਵਿਧਾਇਕ ਜ਼ੀਰਾ ਨਰੇਸ਼ ਕਟਾਰੀਆ, ਵਧੀਕ ਮੁੱਖ ਸਕੱਤਰ ਰਾਜੀ ਪੀ. ਸ਼੍ਰੀਵਾਸਤਵਾ, ਡਿਪਟੀ ਕਮਿਸ਼ਨਰ ਤਰਨ ਤਾਰਨ ਰਿਸ਼ੀਪਾਲ ਸਿੰਘ ਤੋਂ ਇਲਾਵਾ ਸਬੰਧਿਤ ਵਿਭਾਗਾਂ ਦੇ ਉੱਚ ਅਧਿਕਾਰੀ ਤੇ ਪਤਵੰਤੇ ਵੀ ਹਾਜ਼ਰ ਸਨ।

ਆਪਣੇ ਸੰਬੋਧਨ ਵਿੱਚ ਮੰਤਰੀ ਕਟਾਰੂਚੱਕ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਪੰਛੀਆਂ, ਜੀਵ-ਜੰਤੂਆਂ ਅਤੇ ਰੁੱਖਾਂ ਤੇ ਜੰਗਲਾਂ ਦੀ ਦੇਖ-ਭਾਲ ਉਸੇ ਤਰ੍ਹਾਂ ਕਰਨ ਜਿਸ ਤਰ੍ਹਾਂ ਉਹ ਆਪਣੇ ਧੀਆਂ-ਪੁੱਤਰਾਂ ਦੀ ਕਰਦੇ ਹਨ ਕਿਉਂਕਿ ਇਨ੍ਹਾਂ ਸਭ ਦੀ ਸਾਡੇ ਜੀਵਨ ਵਿੱਚ ਬਹੁਤ ਵੱਡੀ ਭੂਮਿਕਾ ਹੈ ਅਤੇ ਸਾਡੇ ਸੱਭਿਆਚਾਰ ਤੇ ਵਿਰਾਸਤ ਦਾ ਪ੍ਰਮੁੱਖ ਹਿੱਸਾ ਹਨ। ਇਸ ਮੌਕੇ ਸੰਬੋਧਨ ਕਰਦਿਆਂ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਸਮੂਹ ਪੰਜਾਬੀਆਂ ਤੇ ਖਾਸ ਕਰਕੇ ਹਰੀਕੇ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਅਸੀਂ ਪ੍ਰਕਿਰਤੀ ਨਾ ਖਿਲਵਾੜ ਨਾ ਕਰੀਏ ਅਤੇ ਕੁਦਰਤ ਨੂੰ ਪਿਆਰ ਕਰੀਏ। ਉਹਨਾਂ ਕਿਹਾ ਕਿ ਜੇਕਰ ਅਸੀਂ ਪੰਛੀਆਂ, ਜੀਵਾਂ-ਜੰਤੂਆਂ ਤੇ ਕੁਦਰਤ ਨਾਲ ਪਿਆਰ ਕਰਾਂਗੇ ਤਾਂ ਪ੍ਰਕਿਰਤੀ ਵੀ ਸਾਡੇ ਨਾਲ ਪਿਆਰ ਕਰੇਗੀ।



ਇਸ ਮੌਕੇ ਧਰਮਿੰਦਰ ਸ਼ਰਮਾ ਮੁੱਖ ਜੰਗਲੀ ਜੀਵ ਵਾਰਡਨ ਪੰਜਾਬ, ਗਨਾਨਾ ਪ੍ਰਕਾਸ਼ ਵਣਪਾਲ, ਲਖਵਿੰਦਰ ਸਿੰਘ ਗਿੱਲ ਡੀ. ਐੱਫ ਓ. ਜੰਗਲੀ ਜੀਵ ਮੰਡਲ ਫਿਰੋਜ਼ਪੁਰ, ਵਣ ਰੇਂਜ ਅਫ਼ਸਰ ਕਮਲਜੀਤ ਸਿੰਘ, ਕੁਲਰਾਜ ਸਿੰਘ ਸਹੋਤਾ ਡੀ. ਐੱਫ. ਓ. ਅਤੇ ਗੀਤਾਂਜਲੀ ਕੰਵਰ ਸੀਨੀਅਰ ਕੋਆਰਡੀਨੇਟਰ ਪੰਜਾਬ ਡਬਲਯੂ. ਡਬਲਯੂ .ਐੱਫ਼.ਚੇਅਰਮੈਨ ਸ਼ਮਿੰਦਰ ਸਿੰਘ ਖਿੰਡਾ ਗੁਰਬਿੰਦਰ ਸਿੰਘ ਗਿੱਲ, ਦਿਲਬਾਗ ਸਿੰਘ ਪੀਏ, ਮੀਡੀਆ ਇੰਚਾਰਜ ਅਵਤਾਰ ਸਿੰਘ ਢਿੱਲੋ ਗੁਰਪਿੰਦਰ ਸਿੰਘ ਉੱਪਲ, ਤਹਿਸੀਲਦਾਰ ਸਰਬਜੀਤ ਸਿੰਘ ਥਿੰਦ, ਗੁਰਸੇਵਕ ਸਿੰਘ, ਇੰਦਰਜੀਤ ਸਿੰਘ, ਨਿਸ਼ਾਨ ਸਿੰਘ ਬੁੱਟਰ ਪ੍ਰਧਾਨ ਟਰੱਕ ਯੂਨੀਅਨ, ਗੁਲਸ਼ਨ ਮਲਹੋਤਰਾ, ਅੰਗਰੇਜ ਸਿੰਘ ਗਿੱਲ, ਪ੍ਰਗਟ ਸਿੰਘ ਹਰੀਕੇ, ਸਰਬਜੀਤ ਸਿੰਘ ਭੁੱਲਰ, ਸੋਨੂੰ ਕਿਰਤੋਵਾਲ, ਰੌਸ਼ਨ ਲਾਲ ਪੁਰੀ, ਗਗਨਦੀਪ ਸਿੰਘ ਭਾਟੀਆ, ਡੀਐੱਫਓ ਲਖਵਿੰਦਰ ਸਿੰਘ ਐਸਡੀਓ ਸਤਪਾਲ ਸਿੰਘ, ਪਰਮਜੀਤ ਸਿੰਘ ਕਰੀਰ, ਧਰਮਵੀਰ ਸਿੰਘ ਰੀਕੂ, ਸ਼ੁਭਮ ਪੁਰੀ, ਕੁਲਵੰਤ ਸਿੰਘ, ਅਨਿਲ ਕੁਮਾਰ, ਕਮਲਜੀਤ ਸਿੰਘ ਸਿੱਧੂ ਰੇਂਜ ਅਫਸਰ, ਮਨਬੀਰ ਸਿੰਘ ਹਰੀਕੇ, ਸੁਖਵਿੰਦਰ ਸਿੰਘ, ਸੁਖਦੀਪ ਸਿੰਘ ਗਿੱਲ, ਹਰਪ੍ਰੀਤ ਸਿੰਘ ਪੰਨੂ, ਬਲਜੀਤ ਕੌਰ ਸੰਧੂ, ਗੁਰਭੇਜ ਸਿੰਘ, ਸੁਖਦੇਵ ਰਾਜ ਚੌਧਰੀ, ਡਾਕਟਰ ਬੇਅੰਤ ਸਿੰਘ ਅਤੇ ਵਿਕਰਮਜੀਤ ਸਿੰਘ ਬੂਹ ਆਦਿ ਹਾਜ਼ਰ ਸਨ।

## ਭਗਤ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਗੀਆਂ ਰੌਣਕਾਂ

**ਗੁਰਦਾਸਪੁਰ (ਜਨਕ ਮਹਾਜਨ)**-ਪਿੰਡ ਭੁੱਲੇਚੱਕ ਕਾਲੋਨੀ 'ਚ ਸ੍ਰੀ ਗੁਰੂ ਰਵਿਦਾਸ ਮੰਦਿਰ ਵਿਖੇ ਸ਼੍ਰੀ ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਸੰਗਤਾਂ ਵਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਪਿੰਡ ਭੁੱਲੇਚੱਕ ਦੇ ਗੁਰਦੁਆਰਾ ਸਾਹਿਬ ਵਿਚ ਰੱਖੇ ਗਏ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਉਣ ਉਪਰੰਤ ਰਾਗੀ ਸਿੰਘਾਂ ਵਲੋਂ ਕਥਾ ਕੀਰਤਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਕਰਨੈਲ ਸਿੰਘ, ਮਹਿੰਦਰ ਸਿੰਘ, ਹਰੀ ਮਿਤਲ, ਮੁਖਤਿਆਰ ਚੰਦ, ਪ੍ਰਕਾਸ਼ ਚੰਦ, ਕੇਵਲ ਕੁਮਾਰ ਅਤੇ ਹੋਰ ਸਾਥੀਆਂ ਨੇ ਦੱਸਿਆ ਕਿ ਪਹਿਲਾਂ ਮੰਦਿਰ ਵਿਖੇ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ ਅਤੇ ਫਿਰ ਦੋ ਘੰਟੇ ਸਤਿਸੰਗ ਕਰਨ ਤੋਂ ਬਾਅਦ ਸੰਗਤਾਂ ਵਾਸਤੇ ਆਤੁੱਟ ਲੰਗਰ ਵਰਤਾਏ ਗਏ।

## ਚਾਵਾ ਦੇ ਰਾਮ ਮੰਦਿਰ ਤੋਂ ਕਲਸ਼ ਯਾਤਰਾ ਦਾ ਆਯੋਜਨ

**ਗੁਰਦਾਸਪੁਰ (ਜਨਕ ਮਹਾਜਨ)**-ਪਿੰਡ ਚਾਵਾ ਦੇ ਰਾਮ ਮੰਦਿਰ ਵਿਖੇ 18 ਫਰਵਰੀ ਨੂੰ ਸ਼ਿਵ ਪਰਿਵਾਰ ਦੀ ਮੂਰਤੀ ਸਥਾਪਨਾ ਕੀਤੀ ਜਾ ਰਹੀ ਹੈ ਅਤੇ ਉਸਦੇ ਸਬੰਧ ਵਿਚ 16 ਫਰਵਰੀ ਨੂੰ ਕਲਸ਼ ਯਾਤਰਾ ਦਾ ਆਯੋਜਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮੰਦਿਰ ਕਮੇਟੀ ਪ੍ਰਧਾਨ ਰਾਜੇਸ਼ ਕੁਮਾਰ, ਠਾਕੁਰ ਗੋਪਾਲ ਸਿੰਘ, ਭਵਾਨੀ ਸਿੰਘ, ਕੈਪਟਨ ਹੇਮ ਰਾਜ, ਮੰਗਾ ਮਿਨਹਾਸ, ਸੂਬੇਦਾਰ ਬਲਵਿੰਦਰ ਸਿੰਘ, ਰਾਜੂ ਪਠਾਨੀਆਂ ਆਦਿ ਨੇ ਦੱਸਿਆ ਕਿ ਸ਼ਿਵ ਪਰਿਵਾਰ ਦੀ ਰਾਮ ਮੰਦਿਰ ਵਿਖੇ ਪੂਜਾ ਅਰਚਨਾ ਚਲ ਰਹੀ ਹੈ ਅਤੇ ਦਿਨ-ਰਾਤ ਪੰਡਤਾਂ ਵਲੋਂ ਕਥਾ ਦਾ ਉਚਾਰਨ ਮੰਤਰਾਂ ਨਾਲ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕਲਸ਼ ਯਾਤਰਾ ਵਿਚ ਪਿੰਡ ਦੀਆਂ ਵਿਆਹੁਤਾ ਔਰਤਾਂ ਤੇ ਲੜਕੀਆਂ ਨੇ ਭਾਗ ਲਿਆ ਅਤੇ ਇਹ ਕਲਸ਼ ਯਾਤਰਾ ਸੇਮ ਨਹਿਰ ਤੱਕ ਕੱਢੀ ਗਈ।

# ਸਕੂਲ ਵੈਨ ਤੇ ਮੋਟਰਸਾਈਕਲ ਦੀ ਭਿਆਨਕ ਟੱਕਰ 'ਚ ਵਿਦਿਆਰਥੀ ਦੀ ਮੌਤ, ਦੋ ਗੰਭੀਰ ਜ਼ਖਮੀ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਥਾਣਾ ਖਾਲੜਾ ਅਧੀਨ ਪੈਂਦੇ ਪਿੰਡ ਮਾੜੀਮੇਘਾ ਅਤੇ ਡਲੀਰੀ ਵਿਚਕਾਰ ਇੱਕ ਸਕੂਲ ਵੈਨ ਅਤੇ ਤਿੰਨ ਮੋਟਰਸਾਈਕਲ ਸਵਾਰ ਸਕੂਲ ਵਿਦਿਆਰਥੀਆਂ ਦੀ ਭਿਆਨਕ ਟੱਕਰ ਹੋ ਗਈ, ਜਿਸ ਦੌਰਾਨ ਇੱਕ ਵਿਦਿਆਰਥੀ ਦੀ ਮੌਤ ਅਤੇ ਦੂਸਰੇ ਦੋ ਵਿਦਿਆਰਥੀਆਂ ਦੇ ਗੰਭੀਰ ਰੂਪ 'ਚ ਜਖਮੀ ਹੋ ਜਾਣ ਦੀ ਦੁਖਦਾਈ ਖਬਰ ਸਾਹਮਣੇ ਆਈ ਹੈ।



ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਉਪਰੋਕਤ ਹਾਦਸਾ ਮਿਤੀ 17 ਫਰਵਰੀ ਨੂੰ ਸਮਾਂ ਕਰੀਬ 8:30 ਵਜੇ ਉਸ ਸਮੇਂ ਵਾਪਰਿਆ ਜਦੋਂ ਤਿੰਨ ਮੋਟਰਸਾਈਕਲ ਸਵਾਰ ਸਕੂਲ ਵਿਦਿਆਰਥੀ ਜੋ ਭਿੱਖੀਵਿੰਡ ਦੇ ਇੱਕ ਨਿੱਜੀ ਸਕੂਲ 'ਚ ਪੜ੍ਹਦੇ ਹਨ, ਸਕੂਲ ਵੈਨ ਨਾਲ ਜਾ ਟਕਰਾਏ। ਕਥਿਤ ਤੌਰ 'ਤੇ ਰਸਤੇ ਵਿੱਚ ਗਲਤ ਦਿਸ਼ਾ ਵੱਲੋਂ ਆਉਂਦੀ ਸਕੂਲ ਵੈਨ ਦੀ ਟੱਕਰ ਉਪਰੋਕਤ ਵਿਦਿਆਰਥੀਆਂ ਦੇ ਮੋਟਰਸਾਈਕਲ ਨਾਲ ਹੋ ਗਈ, ਜਿਸ ਦੌਰਾਨ ਵਿਦਿਆਰਥੀ ਗੁਰਸਾਜਨ ਸਿੰਘ (17) ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਡੱਲ ਦੀ ਮੌਤ ਹੋ ਗਈ। ਜਦਕਿ ਸੁਖਦੀਪ ਸਿੰਘ ਪੁੱਤਰ ਨਿਰਵੈਲ ਸਿੰਘ ਵਾਸੀ ਡੱਲ ਅਤੇ ਅਰਸਦੀਪ ਸਿੰਘ ਵਾਸੀ ਡੱਲ ਗੰਭੀਰ ਜਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਭਿੱਖੀਵਿੰਡ ਦੇ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਸੂਤਰਾਂ ਅਨੁਸਾਰ ਮੋਟਰਸਾਈਕਲ ਨੂੰ ਟੱਕਰ ਮਾਰਨ ਵਾਲੀ ਵੈਨ ਪਹੂਵਿੰਡ ਦੇ ਇੱਕ ਨਿੱਜੀ ਸਕੂਲ ਦੀ ਦੱਸੀ ਜਾ ਰਹੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਥਾਣਾ ਖਾਲੜਾ ਦੇ ਮੁਖੀ ਚਰਨ ਸਿੰਘ ਨੇ ਦੱਸਿਆ ਨੇ ਮ੍ਰਿਤਕ ਨੌਜਵਾਨ ਗੁਰਸਾਜਨ ਸਿੰਘ ਦੇ ਪਿਤਾ ਰਣਜੀਤ ਸਿੰਘ ਪੁੱਤਰ ਚਾਨਣ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਸਕੂਲ ਵੈਨ ਪੀ.ਬੀ 09 ਜੀ 9396 ਨੂੰ ਕਬਜੇ ਵਿੱਚ ਲੈ ਕੇ ਉਕਤ ਸਕੂਲ ਵੈਨ ਦੇ ਡਰਾਈਵਰ ਭੋਲਾ ਸਿੰਘ ਪੁੱਤਰ ਪ੍ਰਗਟ ਸਿੰਘ ਵਾਸੀ ਪਿੰਡ ਸਿੱਧਵਾਂ 'ਤੇ ਧਾਰਾ 304ਏ, 279,337,338 ਅਤੇ 427 ਤਹਿਤ ਮੁਕੱਦਮਾ ਦਰਜ ਕਰਕੇ ਕਾਰਵਾਈ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਅਜਿਹਾ ਹੀ ਇੱਕ ਹੋਰ ਹਾਦਸਾ ਤਰਨਤਾਰਨ ਦੇ ਨਜਦੀਕ ਪਿੰਡ ਮੀਆਂਵਿੰਡ ਵਿਖੇ ਵਾਪਰਿਆ ਹੈ, ਜਿਸ ਵਿੱਚ 13 ਸਾਲਾ ਨੌਜਵਾਨ ਸਾਹਿਲ ਸਿੰਘ ਦੀ ਮੌਤ ਹੋ ਗਈ ਹੈ। ਜਦਕਿ ਸਕੂਲ ਵੈਨ ਦੇ ਚਾਲਕ ਸਤਨਾਮ ਸਿੰਘ ਦੀਆਂ ਲੱਤਾਂ ਟੁੱਟ ਗਈਆਂ ਹਨ। ਇਨ੍ਹਾਂ ਦੋਵੇਂ ਹਾਦਸਿਆ ਨਾਲ ਪੂਰੇ ਜ਼ਿਲ੍ਹੇ ਅੰਦਰ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ।

## ਸਵਰਨ ਸਿੰਘ ਮੀਰਾਂਕੋਟ ਨੂੰ ਸਦਮਾ, ਪਤਨੀ ਦਾ ਦਿਹਾਂਤ

**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਸਵਰਨ ਸਿੰਘ ਮੀਰਾਂਕੋਟ ਨੂੰ ਉਸ ਵੇਲੇ ਗਹਿਰਾ ਸਦਮਾ ਪੁੱਜਾ ਜਦੋਂ ਉਨ੍ਹਾਂ ਧਰਮ ਪਤਨੀ ਕਸ਼ਮੀਰ ਕੌਰ ਦਾ ਸੰਖੇਪ ਬਿਮਾਰੀ ਤੋਂ ਬਾਅਦ ਦਿਹਾਂਤ ਹੋ ਗਿਆ। ਉਨ੍ਹਾਂ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਨ ਵਾਲਿਆਂ 'ਚ ਹਲਕਾ ਵਿਧਾਇਕ ਡਾ. ਜਸਬੀਰ ਸਿੰਘ ਜਹਾਂਗੀਰ, ਹਲਕਾ ਅਟਾਰੀ ਐੱਮਐੱਲਏ ਜਸਵਿੰਦਰ ਸਿੰਘ ਏਡੀਸੀ, ਐੱਮਪੀ ਗੁਰਜੀਤ ਸਿੰਘ ਔਜਲਾ, ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ, ਐੱਸਪੀ ਗੁਰਪ੍ਰੀਤ ਸਿੰਘ, ਜਸਬੀਰ ਸਿੰਘ, ਸਬ ਇੰਸ ਕਸ਼ਮੀਰ ਸਿੰਘ, ਵਰਿਆਮ ਸਿੰਘ, ਦਿਲਬਾਗ ਸਿੰਘ, ਦਿਆਲ ਸਿੰਘ ਨੰਬਰਦਾਰ, ਬੌਬੀ, ਕਾਬੁਲ ਸਿੰਘ ਲੁਹਾਰਕਾ, ਸੋਨੂੰ ਲੁਹਾਰਕਾ, ਮਨਜੀਤ ਸਿੰਘ ਵਿੱਕੀ, ਲੁਭਾਇਆ ਸਿੰਘ ਬੱਜੂਮਾਨ, ਸੁਖਜੀਤ ਸਿੰਘ, ਧਰਮ ਸਿੰਘ ਮੀਰਾਂਕੋਟ, ਹਰਜੀਤ ਸਿੰਘ, ਮਲੂਕ ਸਿੰਘ, ਸੁਖਰਾਜ ਸਿੰਘ ਮੀਰਾਂਕੋਟ, ਵੀਰੋ, ਰਾਜੂ, ਅਰਸ਼ਦੀਪ ਸਿੰਘ ਬੱਜੂਮਾਨ, ਸੁਰਜੀਤ ਸਿੰਘ, ਬੰਟੀ , ਤੇਗ ਸਿੰਘ, ਗੁਰਦੇਵ ਸਿੰਘ ਲੁਹਾਰਕਾ, ਜੋਬਨਜੀਤ ਸਿੰਘ, ਬਲਜੀਤ ਸਿੰਘ ਮੀਰਾਂਕੋਟ, ਲਾਲੀ ਫੌਜੀ, ਨਿਸ਼ਾਨ ਸਿੰਘ, ਮੇਜਰ ਸਿੰਘ ਆਦਿ ਸ਼ਾਮਲ ਸਨ ਜਿਨ੍ਹਾਂ ਇਸ ਵਿਛੋੜੇ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ।



# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਦੋ ਰੋਜ਼ਾ ਜੂਨੀਅਰ ਸਪੋਰਟਸ ਮੀਟ

**ਤਰਨਤਾਰਨ (ਪ੍ਰਿਤਪਾਲ ਸਿੰਘ)**-ਸ੍ਰੀ ਗੁਰੂ ਹਰਿਕ੍ਰਿਸਨ ਪਬਲਿਕ ਸਕੂਲ ਤਰਨ ਤਾਰਨ ਵਿਖੇ ਸਕੂਲ ਦੇ ਪ੍ਰਿੰਸੀਪਲ ਰਣਜੀਤ ਭਾਟੀਆ ਦੀ ਅਗਵਾਈ ਹੇਠ ਦੋ ਰੋਜ਼ਾ ਜੂਨੀਅਰ ਸਪੋਰਟਸ ਮੀਟ ਕਰਵਾਈ ਗਈ। ਇਸ ਮੌਕੇ ਚੀਫ ਖਾਲਸਾ ਦੀਵਾਨ ਦੇ ਅਡੀਸ਼ਨਲ ਸਕੱਤਰ, ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ, ਚੀਫ ਖਾਲਸਾ ਦੀਵਾਨ ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਗੁਰਿੰਦਰ ਸਿੰਘ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਸਪੋਰਟਸ ਮੀਟ ਵਿੱਚ ਨਰਸਰੀ ਤੋਂ ਚੌਥੀ ਜਮਾਤ ਦੇ ਬੱਚਿਆਂ ਨੇ ਭਾਗ ਲਿਆ। ਸਕੂਲ ਦੇ ਬੱਚਿਆਂ ਨੇ ਰੰਗ ਬਰੰਗੀਆਂ ਪੁਸ਼ਾਕਾਂ ਵਿੱਚ ਵੈਲਕਮ ਡਾਂਸ ਅਤੇ ਪੰਜਾਬੀ ਲੋਕ ਨਾਚ ਨਾਲ ਸਭ ਦਾ ਮਨ ਮੋਹ ਲਿਆ। ਬੱਚਿਆਂ ਵੱਲੋਂ ਫਲੈਟ ਦੌੜ, ਪਾਸਿੰਗ ਦਾ ਬਾਲ, ਕੈਚ ਤੇ ਰਨ, ਪਿੱਕ ਤੇ ਰਨ, ਲੈਮਨ ਸਪੂਨ ਦੌੜ ਅਤੇ ਥ੍ਰੀ ਲੈੱਗ ਦੌੜ, ਰੱਸੀ ਟੱਪਣਾ ਆਦਿ ਖੇਡਾਂ ਵਿੱਚ ਵਧ-ਚੜ੍ਹ ਕੇ ਭਾਗ ਲਿਆ ਗਿਆ। ਬੱਚਿਆਂ ਦੇ ਮਾਪਿਆਂ ਨੇ ਵੀ ਬੁੱਕ ਬੈਲਸਿੰਗ ਖੇਡ ਅਤੇ ਰੱਸਾ-ਕਸ਼ੀ ਵਿੱਚ ਭਾਗ ਲਿਆ। ਪ੍ਰੀ-ਪ੍ਰਾਇਮਰੀ ਅਤੇ ਪ੍ਰਾਇਮਰੀ ਵਿੰਗ ਦੀ ਅਕਾਦਮਿਕ ਅਫਸਰ (ਏਓ) ਕਿਰਨਬੀਰ ਕੌਰ, ਮੋਨਿਕਾ ਸਰਮਾ, ਸਕੂਲ ਅਧਿਆਪਕਾਂ ਅਤੇ ਆਏ ਹੋਏ ਬੱਚਿਆਂ ਦੇ ਮਾਪਿਆਂ ਵੱਲੋਂ ਇਨਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਸਕੂਲ ਦੇ ਮੈਂਬਰ ਇੰਚਾਰਜ ਅਤੇ ਸਕੂਲ ਪ੍ਰਿੰਸੀਪਲ ਵੱਲੋਂ ਜੇਤੂ ਖਿਡਾਰੀਆਂ ਨੂੰ ਇਨਾਮ ਵੰਡੇ ਗਏ ਅਤੇ ਮਾਪਿਆਂ ਨੂੰ ਵੀ ਸਰਟੀਫਿਕੇਟ ਦਿੱਤੇ ਗਏ। ਚੀਫ ਖਾਲਸਾ ਦੀਵਾਨ ਦੇ ਅਡੀਸ਼ਨਲ ਸਕੱਤਰ, ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ ਨੇ ਖਿਡਾਰੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਖੇਡਾਂ ਮਨੁੱਖੀ ਮਨ ਵਿੱਚ ਟਿਕਾਓ ਅਤੇ ਇਕਾਗਰਤਾ ਪੈਦਾ ਕਰਦੀਆਂ ਹਨ। ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਗੁਰਿੰਦਰ ਸਿੰਘ ਨੇ ਜੇਤੂ ਖਿਡਾਰੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਖੇਡਾਂ ਸਾਡੇ ਜੀਵਨ ਦਾ ਅਹਿਮ ਹਿੱਸਾ ਹਨ। ਪ੍ਰਿੰ. ਰਣਜੀਤ ਭਾਟੀਆ ਨੇ ਖੇਡਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਖੇਡਾਂ ਵਿੱਚ ਭਾਗ ਲੈਣ ਵਾਲਾ ਹਰ ਖਿਡਾਰੀ ਹਮੇਸ਼ਾ ਆਸ਼ਾਵਾਦੀ, ਅਰੋਗ ਅਤੇ ਫੁਰਤੀਲਾ ਹੋਣ ਦੇ ਨਾਲ-ਨਾਲ ਹਰ ਪਾਸੇ ਮਹਿਕਾਂ ਖਿਲਾਰਦਾ ਹੈ।

## ਲਾਈਨਮੈਨ ਸੁਖਵੰਤਪਾਲ ਕੰਗ ਬਣੇ ਜੇ ਈ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪਾਵਰਕਾਮ ਵਿਭਾਗ ਦੀ ਸਬਡਵੀਜ਼ਨ ਧਾਰੀਵਾਲ ਵਿਖੇ ਬਤੌਰ ਲਾਈਨਮੈਨ ਸੇਵਾ ਨਿਭਾਅ ਰਹੇ ਸੁਖਵੰਤ ਪਾਲ ਕੰਗ ਨੂੰ ਅੱਜ ਵਿਭਾਗ ਵਲੋਂ ਪਦਉਨਤ ਕਰਕੇ ਜੇਈ ਬਣਾ ਦਿੱਤਾ ਗਿਆ ਹੈ। ਇਸ ਮੌਕੇ ਐੱਸਡੀਓ ਸਰਬਜੀਤ ਸਿੰਘ ਢਿੱਲੋਂ ਸਮੇਤ ਸਮੂਹ ਸਟਾਫ ਨੇ ਸੁਖਵੰਤ ਪਾਲ ਕੰਗ ਨੂੰ ਜੇਈ ਬਣਨ 'ਤੇ ਉਨ੍ਹਾਂ ਨੂੰ ਸਨਮਾਨਿਤ ਕਰਦਿਆਂ ਮੁਬਾਰਕਬਾਦ ਦਿੱਤੀ! ਇਸ ਮੌਕੇ ਜੇਈ ਸੁਖਵੰਤ ਪਾਲ ਕੰਗ ਨੇ ਵਿਭਾਗੀ ਸਾਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਇਸ ਡਿਊਟੀ ਨੂੰ ਪੂਰੀ ਮਿਹਨਤ, ਲਗਨ ਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਹਰ ਖਪਤਕਾਰ ਦਾ ਵਾਜਿਬ ਕੰਮ ਪਹਿਲ ਦੇ ਅਧਾਰ ਤੇ ਹੱਲ ਕਰਨ ਨੂੰ ਤਰਜੀਹ ਦੇਣਗੇ। ਇਸ ਮੌਕੇ ਅੰਮ੍ਰਿਤਪਾਲ ਸਿੰਘ ਜੇਈ, ਦਿਲਬਾਗ ਸਿੰਘ ਜੇਈ, ਜਤਿੰਦਰ ਸਿੰਘ ਲਾਈਨਮੈਨ, ਹਰਦੇਵ ਸਿੰਘ, ਰਜਿੰਦਰ ਭਗਤ ਬਿਧੀਪੁਰ, ਗੁਰਦੀਪ ਸਿੰਘ, ਮਨਜੀਤ ਸਿੰਘ, ਚੈਂਚਲ ਸਿੰਘ, ਸਤਨਾਮ ਸਿੰਘ, ਮਲਕੀਤ ਸਿੰਘ, ਦਲਬੀਰ ਸਿੰਘ, ਜਵਾਹਰ ਸਿੰਘ, ਨਜੀਰ ਮਸੀਹ, ਨਿਸ਼ਾਨ ਸਿੰਘ, ਦਵਿੰਦਰ ਸਿੰਘ, ਬਲਵਿੰਦਰ ਸਿੰਘ, ਨਾਨਕ ਸਿੰਘ, ਵਿਜੇ ਕੁਮਾਰ, ਸਲਵਿੰਦਰ ਕੁਮਾਰ, ਗੁਰਮੀਤ ਸਿੰਘ ਆਦਿ ਹਾਜ਼ਰ ਸਨ।



## ਰਾਜਪਾਲ ਤੇ ਮੁੱਖ ਮੰਤਰੀ ਦੇ ਸੁਖਾਵੇਂ ਸੰਬੰਧ ਹੀ ਸੂਬੇ ਦੇ ਹਿੱਤ 'ਚ ਹੁੰਦੇ : ਡਾ. ਵੇਰਕਾ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**—ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੇਜਰੀਵਾਲ ਦੀ ਚਾਪਲੂਸੀ ਕਰਦੇ ਹੋਏ ਪੰਜਾਬ ਦੇ ਮਾਨਯੋਗ ਰਾਜਪਾਲ ਨਾਲ ਕੀਤਾ ਜਾ ਰਿਹਾ ਦੁਰ-ਵਿਵਹਾਰ ਸ਼ਰਮਨਾਕ ਹੈ, ਇਸ ਲਈ ਮੁੱਖ ਮੰਤਰੀ ਪੰਜਾਬ ਨੂੰ ਆਪਣੀ ਗਲਤੀ ਦਾ ਸੁਧਾਰ ਕਰਦਿਆਂ ਰਾਜਪਾਲ ਦੇ ਨਾਲ ਚੰਗੇ ਸਬੰਧ ਬਣਾਉਣੇ ਚਾਹੀਦੇ ਹਨ। ਇਹ ਪ੍ਰਗਟਾਵਾ ਸਾਬਕਾ ਵਿਧਾਇਕ ਅਤੇ ਹਲਕਾ ਜੰਡਿਆਲਾ ਗੁਰੂ ਦੇ ਸੀਨੀਅਰ ਭਾਜਪਾ ਆਗੂ ਡਾਕਟਰ ਦਲਬੀਰ ਸਿੰਘ ਵੇਰਕਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਡਾਕਟਰ ਵੇਰਕਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਬਹੁਮਤ ਦੇ ਕੇ ਪੰਜਾਬ ਵਿੱਚ ਭਗਵੰਤ ਮਾਨ ਦੀ ਅਗਵਾਈ ਹੇਠਲੀ ਸਰਕਾਰ ਬਣਾਈ ਜਿਸ ਦੇ ਰਾਜ ਵਿੱਚ ਨਸ਼ਿਆਂ ਦਾ ਵੱਧ ਰਿਹਾ ਰੁਝਾਨ ਅਤੇ ਗੁੰਡਾਗਰਦੀ ਨੂੰ ਰੋਕਣ ਵਿੱਚ ਪੰਜਾਬ ਸਰਕਾਰ ਨਾਕਾਮ ਰਹਿਣ ਤੇ ਮਾਣਯੋਗ ਅਹੁਦੇ ਤੇ ਬੈਠੇ ਪੰਜਾਬ ਦੇ ਰਾਜਪਾਲ ਵੱਲੋਂ ਸਰਕਾਰ ਤੋ ਜਵਾਬ ਜਵਾਬਦੇਹੀ ਮੰਗੀ ਗਈ ਹੈ ਉਹ ਪੰਜਾਬੀਆਂ ਦੇ ਭਲੇ ਲਈ ਮੰਗੀ ਗਈ ਹੈ ਪਰ ਕੇਜਰੀਵਾਲ ਵਾਂਗ ਮੁਖ ਮੰਤਰੀ ਮਾਨ ਨੇ ਵੀ ਅੜੀਅਲ ਵਤੀਰਾ ਅਖਤਿਆਰ ਕੀਤਾ ਹੋਇਆ। ਉਨ੍ਹਾਂ ਕਿਹਾ ਹਮੇਸ਼ਾ ਹੀ ਸੂਬੇ ਦੇ ਰਾਜਪਾਲ ਅਤੇ ਮੁੱਖ ਮੰਤਰੀ ਦੇ ਸੰਬੰਧ ਬਹੁਤ ਹੀ ਵਧੀਆ ਹੁੰਦੇ ਹਨ ਪਰ ਦਿੱਲੀ ਦੀ ਕੇਜਰੀਵਾਲ ਸਰਕਾਰ ਕੇਂਦਰ ਦੀ ਮੋਦੀ ਸਰਕਾਰ ਨਾਲ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਪੰਜਾਬ ਦੇ ਰਾਜਪਾਲ ਨਾਲ ਵਿਵਾਦ ਖੜਾ ਕਰ ਕੇ ਪੰਜਾਬ ਦੇ ਲੋਕਾਂ ਨੂੰ ਅਸਲ ਮੁੱਦਿਆਂ ਤੋਂ ਭਟਕਾਉਣ ਚਾਹੁੰਦੇ ਹਨ ਜਿਸਨੂੰ ਪੰਜਾਬ ਦੇ ਲੋਕ ਕਦੇ ਵੀ ਬਰਦਾਸ਼ਤ ਨਹੀ ਕਰਨਗੇ। ਇਸ ਮੌਕੇ ਗੁਰਵਿੰਦਰ ਸਿੰਘ, ਜਗਜੀਤ ਸਿੰਘ, ਨਵਜੋਤ ਸਿੰਘ, ਦਲੇਰ ਸਿੰਘ ਜੌਹਲ, ਨਿੰਦਰਜੀਤ ਸਿੰਘ ਮੈਹਣੀਆਂ ਅਤੇ ਬਿਕਰਮਜੀਤ ਸਿੰਘ ਤੇ ਹੋਰ ਆਗੂ ਹਾਜ਼ਰ ਸਨ।

# 2023 ਦੇ 'ਸੁਨੱਖੀ ਪੰਜਾਬਣ ਮੁਟਿਆਰ' ਮੁਕਾਬਲੇ ਦੇ ਪੰਜ ਪੁਰਸਕਾਰੀ ਨਾਵਾਂ ਦਾ ਐਲਾਨ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਪੰਜਾਬ ਦੀ ਰਹਿਣੀ ਬਹਿਣੀ ਦੇ ਖਿੰਡੇ ਹੋਏ ਤੀਲਿਆਂ ਨੂੰ ਇਕੱਠੇ ਕਰਨ ਦੀ ਜੱਦੋ ਜਹਿਦ ਕਰ ਰਹੇ ਲੋਕ ਸੱਭਿਆਚਾਰਕ ਪਿੜ (ਰਜਿ:) ਗੁਰਦਾਸਪੁਰ ਵੱਲੋਂ ਪੰਜਾਬ ਦੇ ਸੱਭਿਆਚਾਰਕ ਵਿਰਸ਼ੇ ਨਾਲ ਜੋੜਨ ਵਾਲੇ ਪੁਰਾਤਨ ਮੁਕਾਬਲਿਆਂ ਵਿੱਚ ਵੱਖਰੀ ਪਛਾਣ ਰੱਖਣ ਵਾਲਾ 'ਸੁਨੱਖੀ ਪੰਜਾਬਣ ਮੁਟਿਆਰ' ਮੁਕਾਬਲਾ 24 ਫਰਵਰੀ 2023 ਦਿਨ ਸ਼ੁੱਕਰਵਾਰ ਨੂੰ ਰਾਮ ਸਿੰਘ ਦੱਤ ਹਾਲ ਗੁਰਦਾਸਪੁਰ ਦੇ ਵਿਹੜੇ ਵਿੱਚ ਕਰਵਾਇਆ ਜਾ ਰਿਹਾ ਹੈ। ਪੰਜਾਬੀ ਸੱਭਿਆਚਾਰ ਦੇ ਪ੍ਰਚਾਰ ਤੇ ਪ੍ਰਸਾਰ ਵਾਸਤੇ ਸੁਨੱਖੀ ਪੰਜਾਬਣ ਮੁਟਿਆਰ ਮੁਕਾਬਲੇ ਦੇ ਸ਼ੁੱਭ ਮੌਕੇ ਤੇ ਦਿੱਤੇ ਜਾਣ ਵਾਲੇ ਪੁਰਸਕਾਰ ਸਾਲ 2023 ਦੇ ਪੰਜਾਬ ਭਰ ਦੀਆਂ 5 ਹਸਤੀਆਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਲੋਕ ਸੱਭਿਆਚਾਰਕ ਪਿੜ ਗੁਰਦਾਸਪੁਰ ਦੇ ਮੁੱਖ ਪ੍ਰਬੰਧਕ ਤੇ ਭੰਗੜਾ ਕੋਚ ਜੈਕਬ ਮਸੀਹ ਤੇਜਾ ਨੇ ਦੱਸਿਆ ਕਿ ਮੁਕਾਬਲੇ ਦੇ ਸ਼ੁੱਭ ਮੌਕੇ ਉੱਤੇ ਪੰਜਾਬ ਭਰ ਤੋਂ 5 ਵੱਖ-ਵੱਖ ਖੇਤਰਾਂ ਨਾਲ ਜੁੜੀਆਂ ਹੋਈਆਂ ਪ੍ਰਸਿੱਧ ਸ਼ਖਸੀਅਤਾਂ ਨੂੰ ਪਿੜ ਦੇ ਕੁਨਬੇ ਵੱਲੋਂ ਬੜੇ ਰੀਝਾਂ ਤੇ ਚਾਵਾਂ ਨਾਲ ਪੁਰਸਕਾਰ ਦਿੱਤੇ ਜਾ ਰਹੇ ਹਨ। ਪੰਜਾਬੀ ਸੱਭਿਆਚਾਰ ਬਗੀਚੇ ਦੇ ਇਨਾਂ ਖੂਬਸੂਰਤ ਫੁੱਲਾਂ ਨੇ ਜਿੱਥੇ ਆਪਣੀ ਸਖ਼ਤ ਮਿਹਨਤ, ਲਗਨ, ਪ੍ਰਤੀਬੱਧਤਾ, ਸ਼ਿੱਦਤ, ਸੁਹਿਰਦਤਾ ਸਮਰਪਿਤ ਭਾਵਨਾ ਅਤੇ ਸਮਾਜਕ ਸਰੋਕਾਰਾਂ ਨੂੰ ਆਪਣੀ ਕਲਾ ਨਾਲ ਮਹਿਕਾਂ ਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਨਾਂਅ ਦੁਨੀਆਂ ਭਰ ਵਿੱਚ ਆਪਣੇ-ਆਪਣੇ ਸੱਭਿਆਚਾਰਕ ਖੇਤਰ ਵਿੱਚ ਚਮਕਾਇਆ ਅਤੇ ਤਨ-ਮਨ ਨਾਲ ਨੌਜਵਾਨ ਪੀੜ੍ਹੀ ਨੂੰ ਚੰਗੀ ਸੱਭਿਆਚਾਰ ਸੋਚ ਨਾਲ ਗੰਢਿਆਂ। ਇਨਾਂ ਉੱਚੇ ਪੱਧਰ ਦੀਆਂ ਸਖਸ਼ੀਅਤਾਂ ਦੇ ਨਾਂ ਸਾਹਿਤਕਾਰ ਤਰਸੇਮ ਚੰਦ ਕਲੇਹੜੀ, ਗਗਨ ਸਿੱਧੂ, ਬੀਬੀ ਅਮਰੀਕ ਕੌਰ, ਅਜੈਬ ਸਿੰਘ ਚਾਹਲ ਅਤੇ ਯੂਕਬ ਗਿੱਲ ਹਨ। ਜੈਕਬ ਤੇਜਾ ਨੇ ਕਿਹਾ ਕਿ ਇਹਨਾਂ 5 ਪਿਆਰੀਆਂ ਤੇ ਖੂਬਸੂਰਤ ਹਸਤੀਆਂ ਦੀ ਝੋਲੀ ਵਿੱਚ ਕੈਂਠਾ, ਦੁਸ਼ਾਲਾ, ਸਨਮਾਨ ਪੱਤਰ ਅਤੇ ਪਿੜ ਦੀ ਯਾਦ ਨਿਸ਼ਾਨੀ ਢਾਲ 2023 ਦੇ ਐਵਾਰਡ ਭੇਂਟ ਕਰਕੇ ਸਨਮਾਨਿਤ ਕਰਾਂਗੇ। ਲੋਕ ਨਾਚ ਭੰਗੜੇ ਦੇ ਬੇਤਾਜ ਬਾਦਸ਼ਾਹ ਸ੍ਰੀ ਤਰਸੇਮ ਚੰਦ ਕਲੇਹੜੀ ਨੂੰ ਉਨ੍ਹਾਂ ਦੀਆਂ ਭੰਗੜੇ ਦੇ ਖੇਤਰ ਵਿੱਚ ਸਲਾਹੁਣਯੋਗ ਪ੍ਰਾਪਤੀਆਂ ਅਤੇ ਜੀਵਨ ਦੇ ਵੱਖ-ਵੱਖ ਖੇਤਰਾਂ ਵਿੱਚ ਪਾਏ ਵਿਲੱਖਣ ਯੋਗਦਾਨ ਲਈ ਸਵ: ਗੁਰਪ੍ਰੀਤ ਸਿੰਘ ਚਾਹਲ ਯਾਦਗਾਰੀ ਪੁਰਸਕਾਰ 'ਭੰਗੜੇ ਦਾ ਅਲੰਬੜਦਾਰ' ਦਿੱਤਾ ਜਾਵੇਗਾ। ਪਿੜ ਦਾ ਖਾਨਦਾਨ ਉਨ੍ਹਾਂ ਨੂੰ ਇਹ ਐਵਾਰਡ ਦੇ ਕੇ ਆਪਣੇ ਆਪ ਨੂੰ ਵੱਡਭਾਗਾ ਸਮਝੇਗਾ।

ਪੰਜਾਬ ਦੀ ਲੋਕ ਗਾਇਕੀ ਦਾ ਚਾਨਣ ਮੁਨਾਰਾ ਗਗਨ ਸਿੱਧੂ ਨੂੰ ਸਵ: ਹੈਪੀ ਮਾਨ ਯਾਦਗਾਰੀ ਐਵਾਰਡ 'ਸੁਰਾਂ ਦਾ ਵਣਜਾਰਾ' ਦੇ ਕੇ ਇਸ ਅਜੀਮ ਦਰਵੇਸ਼ ਸੁਭਾਅ ਦੀ ਸ਼ਖਸੀਅਤ ਦਾ ਸਨਮਾਨ ਕਰਦਿਆਂ ਪਿੜ ਦੀ ਪ੍ਰਬੰਧਕੀ ਟੀਮ ਆਪਣੇ ਆਪ ਨੂੰ ਖੁਸ਼ਕਿਸਮਤ ਸਮਝੇਗੀ। ਪੰਜਾਬ ਦੇ ਲੋਕ ਨਾਚਾਂ ਤੇ ਵਿਰਸੇ ਨੂੰ ਨੌਜਵਾਨ ਪੀੜ੍ਹੀ ਨੂੰ ਸਿਖਾਉਣ ਦੇ ਖੇਤਰ 'ਚ ਵਡਮੁੱਲਾ ਯੋਗਦਾਨ ਪਾਉਣ ਲਈ ਅਜੈਬ ਸਿੰਘ ਚਾਹਲ ਨੂੰ ਸਵ:ਭਾਗ ਸਿੰਘ ਯਾਦਗਾਰੀ ਪੁਰਸਕਾਰ 'ਵਿਰਸੇ ਦਾ ਜ਼ੈਲਦਾਰ' ਦੇ ਕੇ ਨਿਵਾਜਿਆ ਜਾਵੇਗਾ। ਬੀਬੀ ਅਮਰੀਕ ਕੌਰ ਨੂੰ ਉਨ੍ਹਾਂ ਦੀਆਂ ਪੰਜਾਬ ਦੇ ਸੱਭਿਆਚਾਰ ਅਤੇ ਪੁਰਾਤਨ ਵਿਰਸ਼ੇ ਸਾਂਭਣ ਦੇ ਖੇਤਰ ਵਿੱਚ ਸਲਾਹੁਣਯੋਗ ਪ੍ਰਾਪਤੀਆਂ ਅਤੇ ਜੀਵਨ ਦੇ ਵੱਖ-ਵੱਖ ਖੇਤਰਾਂ ਵਿੱਚ ਪਾਏ ਵਿਲੱਖਣ ਯੋਗਦਾਨ ਲਈ ਸਵ: ਗੁਰਮੀਤ ਬਾਵਾ ਯਾਦਗਾਰੀ ਪੁਰਸਕਾਰ 'ਵਿਰਸ਼ੇ ਦਾ ਮੁੱਢ' ਦਿੱਤਾ ਜਾਵੇਗਾ। ਯੂਕਬ ਗਿੱਲ ਨੂੰ ਸਵ. ਅਮਰਜੀਤ ਗੁਰਦਾਸਪੁਰੀ ਯਾਦਗਾਰੀ ਪੁਰਸਕਾਰ 'ਪਰਿਵਾਰਿਕ ਗੀਤਾਂ ਦਾ ਮਹਿਰਮ' ਦੇ ਕੇ ਪਿੜ ਦੀ ਕਾਰਜਕਾਰਨੀ ਉਨ੍ਹਾਂ ਦਾ ਸਨਮਾਨਤ ਕਰ ਕੇ ਆਪਣੇ ਆਪ ਨੂੰ ਬਹੁਤ ਨਿਰਾਲਾ ਸਮਝੇਗੀ।

# ਪ੍ਰਾਚੀਨ ਸ਼ਿਵ ਮੰਦਿਰ ਜਿੱਥੇ ਭਗਵਾਨ ਸ਼ਿਵ ਨੇ ਖੁਦ ਨੂੰ ਕੀਤਾ ਪ੍ਰਗਟ



**ਕਲਾਨੌਰ, (ਮਨਦੀਪ ਕੋਹਲੀ)**-ਕਲਾਨੌਰ ਸ਼ਿਵ ਮੰਦਰ ਉਹ ਹੈ ਜਿੱਥੇ ਭਗਵਾਨ ਸ਼ਿਵ ਦੀ ਸਥਾਪਨਾ ਨਹੀਂ ਕੀਤੀ ਗਈ ਸੀ ਪਰ ਉਹ ਖੁਦ ਪ੍ਰਗਟ ਹੋਏ ਸਨ। ਇਹ ਪ੍ਰਾਚੀਨ ਮੰਦਿਰ ਭਾਰਤ-ਪਾਕਿ ਸਰਹੱਦ ਤੋਂ 5-6 ਕਿਲੋਮੀਟਰ ਦੀ ਦੂਰੀ 'ਤੇ ਅਤੇ ਗੁਰਦਾਸਪੁਰ-ਡੇਰਾ ਬਾਬਾ ਨਾਨਕ ਸੜਕ 'ਤੇ ਗੁਰਦਾਸਪੁਰ ਤੋਂ ਪੱਛਮ ਵੱਲ 26 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਜਿੱਥੇ ਹਰ ਸਾਲ ਮਹਾਂ ਸ਼ਿਵਰਾਤਰੀ ਦਾ ਮੇਲਾ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ ਅਤੇ ਦੇਸ਼ ਦੇ ਕੋਨੇ-ਕੋਨੇ ਤੋਂ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਅਤੇ ਮਹਾਂਪੁਰਸ ਅਰਦਾਸ ਕਰਨ ਲਈ ਪਹੁੰਚਦੇ ਹਨ ਅਤੇ ਇਹ ਵੀ ਇੱਕ ਹਕੀਕਤ ਹੈ ਕਿ ਇਸ ਦਿਨ ਸੱਚੇ ਦਿਲ ਤੋਂ ਅਗਲੇ ਸਾਲ ਲਈ ਅਰਦਾਸ ਕੀਤੀ ਜਾਂਦੀ ਹੈ। ਇਹ ਮਹਾਂ ਸ਼ਿਵਰਾਤਰੀ ਦੇ ਆਉਣ ਤੱਕ ਪੂਰਾ ਹੋ ਜਾਂਦਾ ਹੈ। ਸ਼ਿਵਾਲਾ ਸ਼ਿਵਜੀ ਮਹਾਰਾਜ ਮੰਦਿਰ ਕਮੇਟੀ ਕਲਾਨੌਰ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਦਾਨ ਕੀਤੇ ਲੱਖਾਂ ਰੁਪਏ ਖਰਚ ਕੇ ਸ਼ਿਵ ਮੰਦਰ ਦਾ ਵਿਕਾਸ ਕੀਤਾ ਜਾ ਰਿਹਾ ਹੈ ਅਤੇ ਹੁਣ ਉਹ ਦਿਨ ਦੂਰ ਨਹੀਂ ਜਦੋਂ ਇਹ ਮੰਦਿਰ ਭਾਰਤ ਦਾ ਸਭ ਤੋਂ ਖੂਬਸੂਰਤ ਮੰਦਿਰ ਬਣ ਜਾਵੇਗਾ ਅਤੇ ਅਟੁੱਟ ਵਿਸ਼ਵਾਸ ਦੇ ਕੇਂਦਰ ਵਜੋਂ ਉੱਭਰੇਗਾ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 18 ਫਰਵਰੀ ਨੂੰ ਮਹਾਂ ਸ਼ਿਵਰਾਤਰੀ ਦਾ ਮੇਲਾ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।

# ਰੋਹੀ ਦੇ ਅਧੂਰੇ ਪੁਲ ਨੂੰ ਮੁਕੰਮਲ ਕਰਵਾਉਣ ਦੀ ਮੰਗ

**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਸਥਾਨਕ ਸਹਿਰ ਦੇ ਨਜ਼ਦੀਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਛਾਉਣੀ ਨੂੰ ਜਾਂਦੇ ਰਸਤੇ ਉੱਪਰ ਰੋਹੀ ਵਾਲਾ ਪੁੱਲ ਬਹੁਤ ਪੁਰਾਣਾ ਤੇ ਖਸਤਾ ਅਤੇ ਚੌੜਾਈ ਬਹੁਤ ਘੱਟ ਹੋਣ ਕਾਰਨ ਇਲਾਕਾ ਨਿਵਾਸੀਆਂ ਦੀ ਮੰਗ ਉਪਰ ਤਤਕਾਲੀ ਸਰਕਾਰ ਵੱਲੋਂ 5 ਕਰੋੜ ਰੁਪਏ ਦੀ ਲਾਗਤ ਨਾਲ ਨਵੇਂ ਪੁਲ ਦਾ ਨਿਰਮਾਣ ਆਰੰਭ ਕਰਵਾਇਆ ਸੀ ਬੀਤੇ ਕਈ ਮਹੀਨਿਆਂ ਤੋਂ ਬੰਦ ਪਿਆ ਹੋਇਆ ਹੈ ਜਿਸ ਕਾਰਨ ਇਲਾਕਾ ਨਿਵਾਸੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਡਾਕਟਰ ਗੁਰਮੇਜ ਸਿੰਘ ਬੱਠੇਭੈਣੀ, ਗੁਰਸੇਵਕ ਸਿੰਘ ਸ਼ਾਹ ਬੱਠੇ ਭੈਣੀ,ਵਿਕੀ ਨੰਬਰਦਾਰ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਰੋਹੀ ਵਾਲਾ ਪੁੱਲ ਲੱਗਭੱਗ ਦਰਜਨ ਦੇ ਕਰੀਬ ਪਿੰਡ ਜਿਨ੍ਹਾਂ ਵਿਚ ਖਾਸ ਕਰਕੇ ਬੈਠੇ ਭੈਣੀ, ਪਰਿਗੜ੍ਹੀ ਸੈਦਪੁਰ, ਨਦੋਹਰ, ਪੰਗੋਟਾ, ਰੱਤਾ ਗੁੱਦਾ,ਦਦੇਹਰ ਸਾਹਿਬ, ਸਰਹਾਲੀ,ਨੌਸਿਹਰਾ ਪੰਨੂ ਆਦਿ ਪਿੰਡਾਂ ਨੂੰ ਜੋੜਦਾ ਹੈ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪੁੱਲ ਉਪਰੋ ਇਕੱਠੇ ਚਾਰ ਪਹੀਆ ਵਹੀਕਲ ਦੋਵੇਂ ਨਹੀ ਗੁਜਰ ਸਕਦੇ ਅਤੇ ਇਸ ਪੁਰਾਣੇ ਪੁੱਲ ਦੀ ਹਾਲਤ ਤਰਸਯੋਗ ਹੈ ਕਿਸੇ ਸਮੇਂ ਵੀ ਕੋਈ ਹਾਦਸਾ ਵਾਪਰ ਸਕਦਾ ਹੈ। ਆਗੂਆਂ ਨੇ ਦੋਸ਼ ਲਾਇਆ ਕਿ ਇਹ ਪੁੱਲ ਬਣਾਉਣ 'ਚ ਵੱਡੇ ਪੱਧਰ ਉੱਪਰ ਗ੍ਰਾਂਟ ਖੁਰਦ ਬੇ-ਖੁਰਦ ਕੀਤੀ ਗਈ ਹੈ। ਮਟੀਰੀਅਲ ਵੀ ਘਟੀਆ ਕੁਆਲਿਟੀ ਦਾ ਕਿਸਮ ਦਾ ਵਰਤਿਆ ਗਿਆ ਹੈ। ਉਨਾਂ ਪੱਟੀ ਤੋਂ ਹਲਕਾ ਵਿਧਾਇਕ ਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਤੋਂ ਮੰਗ ਕੀਤੀ ਕਿ ਇਸ ਪੁੱਲ ਦੇ ਟੈਂਡਰਾਂ ਦੀ ਜਾਂਚ ਕਰਵਾਈ ਕਿ ਕਿੰਨੇ ਪੈਸਿਆਂ ਦਾ ਪੁਲ ਦੀ ਉਸਾਰੀ ਦਾ ਟੈਂਡਰ ਪਾਸ ਹੋਇਆ, ਕਿੰਨੇ ਪੈਸੇ ਆਏ ਕਿੰਨੇ ਲਾਗਤ ਆਈ, ਨੇਪਰੇ ਅਜੇ ਤੱਕ ਕਿਉਂ ਨਹੀਂ ਚੜ੍ਹਿਆ, ਸਾਰੇ ਮਾਮਲੇ ਦੀ ਜਾਂਚ ਕਰਵਾਈ ਜਾਵੇ ਤੇ ਅਧੂਰੇ ਕੰਮ ਨੂੰ ਪੂਰਾ ਕਰਵਾਇਆ ਜਾਵੇ ਤਾਂ ਜੋ ਰਾਤ ਦਿਨ ਲੰਘਦੇ ਰਾਹਗੀਰਾਂ ਨੂੰ ਪ੍ਰੇਸ਼ਾਨੀਆਂ ਤੋਂ ਰਾਹਤ ਦਿਵਾਈ ਜਾਵੇ।



## ਸਾਕਾ ਸ੍ਰੀ ਨਨਕਾਣਾ ਸਾਹਿਬ ਦੀ ਯਾਦ 'ਚ ਵਿਸ਼ੇਸ਼ ਸਮਾਗਮ ਕਰਵਾਉਣ ਦਾ ਅਹਿਦ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸਿੱਖ ਪੰਥ ਦੀ ਸਿਰਮੌਰ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾਕਟਰ ਇੰਦਰਬੀਰ ਸਿੰਘ ਨਿੱਜਰ ਅਤੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪ੍ਰੋਫੈਸਰ ਹਰੀ ਸਿੰਘ ਨੇ ਚੀਫ਼ ਖ਼ਾਲਸਾ ਦੀਵਾਨ ਦੀਆਂ ਸਮੂਹ ਸੰਸਥਾਵਾਂ ਵਿਚ ਸਾਕਾ ਸ੍ਰੀ ਨਨਕਾਣਾ ਸਾਹਿਬ ਦੀ ਯਾਦ ਵਿੱਚ ਵਿਸ਼ੇਸ਼ ਸਮਾਗਮ ਕਰਨ ਦਾ ਫੈਸਲਾ ਕੀਤਾ ਹੈ। ਪ੍ਰੋਫੈਸਰ ਹਰੀ ਸਿੰਘ ਨੇ ਕਿਹਾ ਕਿ ਇਤਿਹਾਸ ਦੇ ਇਨ੍ਹਾਂ ਪੰਨਿਆਂ ਨੇ ਵਰਤਮਾਨ ਸਿੱਖ ਸਮਾਜ, ਸਿੱਖ ਜਥੇਬੰਦੀਆਂ ਅਤੇ ਸਿੱਖ ਗੁਰਦੁਆਰਿਆਂ ਦੇ ਸੁਧਾਰ ਲਈ ਜੋ ਪੈੜਾਂ ਪਾਈਆਂ ਹਨ, ਉਨ੍ਹਾਂ ਨੂੰ ਹੀ ਅਪਣਾਇਆ ਗਿਆ ਹੈ।

ਗੁਰੂ ਸਾਹਿਬਾਨ ਦੀਆਂ ਸ਼ਹਾਦਤਾਂ ਨੇ ਵੀ ਇਹ ਮਾਰਗ ਹੀ ਦਿੱਤੇ ਹਨ। ਇਤਿਹਾਸ ਦੇ ਪੰਨਿਆਂ 'ਤੇ ਪੰਛੀ ਝਾਤ ਮਾਰੀ ਜਾਵੇ ਤਾਂ ਅਜਿਹੀ ਕੋਈ ਵੀ ਹੋਰ ਘਟਨਾ ਨਹੀਂ ਮਿਲਦੀ ਕਿ ਆਪਣੇ ਧਾਰਮਿਕ ਅਸਥਾਨਾਂ ਦੀ ਰੱਖਿਆ ਲਈ ਜਿਊਂਦੇ ਜੀਅ ਜੰਡ ਨਾਲ ਬੰਨ੍ਹ ਕੇ ਕਿਸੇ ਨੂੰ ਸਾੜਿਆ ਗਿਆ ਹੋਵੇ ਜਦਕਿ ਇਹ ਨਿਵੇਕਲਾ ਇਤਿਹਾਸ ਵੀ ਸਿੱਖ ਪੰਥ ਦੇ ਹਿੱਸੇ ਹੀ ਆਇਆ ਹੈ। ਅਜਿਹੀਆਂ ਕਰੋਪੀਆਂ ਨੂੰ ਆਧਾਰ ਬਣਾ ਕੇ ਧਾਰਮਿਕ ਅਸਥਾਨਾਂ 'ਤੇ ਕਾਬਜ਼ ਐਸ਼ਪ੍ਰਸਤੀ ਦਾ ਜੀਵਨ ਬਤੀਤ ਕਰ ਰਹੇ ਲੋਕਾਂ ਤੋਂ ਆਪਣੇ ਧਰਮ ਅਸਥਾਨ ਆਜ਼ਾਦ ਕਰਵਾਏ ਹੋਣ। ਜੇ ਸ੍ਰੀ ਨਨਕਾਣਾ ਸਾਹਿਬ ਦੀ ਘਟਨਾ ਨਾ ਵਾਪਰੀ ਹੁੰਦੀ ਤਾਂ ਸ਼ਾਇਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਸੰਸਥਾਵਾਂ ਹੋਂਦ ਵਿੱਚ ਨਾ ਆਉਂਦੀਆਂ ਤੇ ਉਨ੍ਹਾਂ ਮਸੰਦਾਂ ਦਾ ਅੱਜ ਵੀ ਇਨ੍ਹਾਂ ਧਾਰਮਿਕ ਅਸਥਾਨਾਂ 'ਤੇ ਕਬਜ਼ਾ ਹੁੰਦਾ। ਨਨਕਾਣਾ ਸਾਹਿਬ ਦਾ ਸਾਕਾ ਹਰ ਜਥੇਬੰਦੀ, ਹਰ ਸਕੂਲ/ਕਾਲਜ ਵਿੱਚ ਇਸ ਢੰਗ ਨਾਲ ਮਨਾਉਣਾ ਚਾਹੀਦਾ ਹੈ ਕਿ ਸਿੱਖ ਪੰਥ ਦੇ ਵਾਰਸਾਂ ਨੂੰ ਇਤਿਹਾਸ ਦਾ ਪੰਨਾ-ਪੰਨਾ ਯਾਦ ਰਹੇ। ਵਰਤਮਾਨ ਸਮੇਂ ਵਿੱਚ ਨੌਜਵਾਨ ਨਸ਼ਿਆਂ ਤੋਂ ਬਚ ਕੇ ਆਪਣੇ ਧਰਮ ਦੀ ਪਾਲਣਾ ਕਰਨੀ ਚਾਹੀਦੀ ਹੈ। ਚੀਫ਼ ਖ਼ਾਲਸਾ ਦੀਵਾਨ ਦੀਆਂ ਸਮੂਹ ਸੰਸਥਾਵਾਂ ਕਾਲਜਾਂ ਵਿੱਚ ਵੀ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਦਾ ਦਿਨ 21 ਫਰਵਰੀ 2023 ਨੂੰ ਮਨਾਇਆ ਜਾਵੇਗਾ ਜਿਸ ਵਿੱਚ ਸਮੂਹ ਧਾਰਮਿਕ ਅਧਿਆਪਕ ਸਮੂਹ ਅਹੁਦੇਦਾਰ ਅਤੇ ਮੈਂਬਰ ਸਾਹਿਬਾਨ ਦੇ ਸਹਿਯੋਗ ਨਾਲ ਵਿਦਿਆਰਥੀਆਂ ਨੂੰ ਇਤਿਹਾਸ ਦੇ ਇਹਨਾਂ ਪੰਨਿਆਂ ਤੋਂ ਜਾਣੂ ਕਰਵਾਉਣਗੇ।

## ਦਿਨ-ਦਿਹਾੜੇ ਕੌਂਸਲਰ 'ਤੇ ਜਾਨਲੇਵਾ ਹਮਲਾ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਚਿੱਟੇ ਦਿਨ ਵਾਰਡ ਨੰਬਰ 4 ਦੇ ਕੌਂਸਲਰ ਕੁਲਵਿੰਦਰ ਸਿੰਘ ਬੱਬਾ 'ਤੇ ਚਾਰ ਨੌਜਵਾਨਾਂ ਵੱਲੋਂ ਜਾਨਲੇਵਾ ਹਮਲਾ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਸਿਵਲ ਹਸਪਤਾਲ ਪੱਟੀ ਵਿਖੇ ਗੰਭੀਰ ਜ਼ਖਮੀ ਕੁਲਵਿੰਦਰ ਸਿੰਘ ਬੱਬਾ ਨੇ ਦੱਸਿਆ ਕਿ ਉਹ ਆਪਣੀ ਰੇਲਵੇ ਰੋਡ ਸਥਿਤ ਜਿਊਲਰਜ਼ ਦੀ ਦੁਕਾਨ 'ਤੇ ਕੰਮ ਕਰ ਰਿਹਾ ਸੀ ਕਿ ਅਚਾਨਕ ਚਾਰ ਨੌਜਵਾਨ ਜਿਨ੍ਹਾਂ ਨੇ ਆਪਣੇ ਮੂੰਹ ਢੱਕੇ ਹੋਏ ਸਨ, ਨੇ ਮੇਰੇ ਉਪਰ ਬੇਸਬਾਲਾਂ ਨਾਲ ਹਮਲਾ ਕਰ ਦਿੱਤਾ ਅਤੇ ਇਕ ਨੌਜਵਾਨ ਨੇ ਮੇਰੇ 'ਤੇ ਦਾਤਰ ਨਾਲ ਹਮਲਾ ਕੀਤਾ ਜਿਸ ਨਾਲ ਮੇਰੀ ਲੱਤ 'ਤੇ ਸੱਟ ਲੱਗ ਗਈ। ਕੌਂਸਲਰ ਨੇ ਦੱਸਿਆ ਕਿ ਹਮਲਾਵਰਾਂ ਵਿਚੋਂ ਇਕ ਦੀ ਮੈਨੂੰ ਥੋੜ੍ਹੀ ਥੋੜ੍ਹੀ ਪਹਿਚਾਣ ਹੈ। ਜ਼ਿਕਰਯੋਗ ਹੈ ਕਿ ਪੱਟੀ ਇਲਾਕੇ ਵਿਚ ਇਹ ਕੋਈ ਪਹਿਲੀ ਵਾਰਦਾਤ ਨਹੀਂ ਹਰ ਰੋਜ਼ ਲੁੱਟ ਖੋਹਾਂ ਡਕੈਤੀਆਂ ਹੋ ਰਹੀਆਂ ਹਨ। ਪੁਲਸ ਪ੍ਰਸ਼ਾਸ਼ਨ ਮੂਕਦਰਸ਼ਕ ਬਣ ਕੇ ਸਾਰਾ ਤਮਾਸ਼ਾ ਵੇਖ ਰਿਹਾ। ਇਸ ਮੌਕੇ ਕੌਂਸਲਰ ਨੇ ਐੱਸਐੱਸਪੀ ਤਰਨਤਾਰਨ, ਡਿਪਟੀ ਕਮਿਸ਼ਨਰ ਤਰਨਤਾਰਨ ਤੋਂ ਮੰਗ ਕੀਤੀ ਕਿ ਮੇਰੇ 'ਤੇ ਜਾਨਲੇਵਾ ਹਮਲਾ ਕਰਨ ਵਾਲਿਆਂ ਨੂੰ ਜਲਦੀ ਤੋਂ ਜਲਦੀ ਗ੍ਰਿਫਤਾਰ ਕੀਤਾ ਜਾਵੇ ਅਤੇ ਇਨਸਾਫ ਦਿਵਾਇਆ ਜਾਵੇ। ਇਸ ਮੌਕੇ ਸਿਵਲ ਹਸਪਤਾਲ ਪੱਟੀ 'ਚ ਗੁਰਦੇਵ ਸਿੰਘ ਬੰਟੀ, ਰਜਿੰਦਰ ਸਿੰਘ ਸਰਾਫ, ਦਲਬੀਰ ਸਿੰਘ ਸੇਖੋਂ ਸਾਬਕਾ ਪ੍ਰਧਾਨ, ਬੌਬੀ ਧੁੰਨ, ਸ਼ੋਭਾ ਸਿੰਘ ਪ੍ਰਧਾਨ ਅਤੇ ਪਵਨ ਧਵਨ ਮੌਜੂਦ ਸਨ।

## ਪਿੰਡ 'ਚ ਵਿਕਾਸ ਕਾਰਜ ਪਾਰਦਰਸ਼ਤਾ ਨਾਲ ਕਰਵਾਏ ਜਾਣਗੇ : ਜਗਰੂਪ ਕਲੇਰ

**ਨੌਸ਼ਹਿਰਾ ਮੱਝਾ ਸਿੰਘ, (ਮਲਕੀਤ ਸਿੰਘ)**- ਵਿਧਾਨ ਸਭਾ ਹਲਕਾ ਬਟਾਲਾ ਤੋਂ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਪ੍ਰਾਪਤ ਵਿਕਾਸ ਗ੍ਰਾਂਟ ਨਾਲ ਪਿੰਡ ਕਲੇਰ ਖੁਰਦ 'ਚ ਅਧੂਰੇ ਪਏ ਵਿਕਾਸ ਕਾਰਜਾਂ ਨੂੰ ਪਾਰਦਰਸਤਾ ਨਾਲ ਬਿਨਾ ਕਿਸੇ ਪੱਖਪਾਤ ਦੇ ਮੁਕੰਮਲ ਕੀਤਾ ਜਾਵੇਗਾ। ਇਹ ਪ੍ਰਗਟਾਵਾ ਪਿੰਡ ਕਲੇਰ ਖੁਰਦ ਦੇ ਰਹਿਣ ਵਾਲੇ ਆਮ ਆਦਮੀ ਪਾਰਟੀ ਦੇ ਸੀਨੀਅਰ ਯੂਥ ਆਗੂ ਜਗਰੂਪ ਸਿੰਘ ਸੋਨੂੰ ਕਲੇਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਆਪ ਸਰਕਾਰ ਵਲੋਂ ਲੋਕਾਂ ਨਾਲ ਕੀਤੇ ਚੋਣ ਵਾਅਦੇ ਮੁਤਾਬਿਕ ਘਰੇਲੂ ਵਰਤੋਂ ਲਈ ਹਰੇਕ ਵਰਗ ਨੂੰ ਪ੍ਰਤੀ ਮਹੀਨਾ 300 ਯੂਨਿਟ ਬਿਜਲੀ ਮੁਫਤ, ਬਕਾਇਆ ਬਿਜਲੀ ਬਿੱਲ ਮੁਆਫ ਕਰਨ ਅਤੇ ਭ੍ਰਿਸ਼ਟਾਚਾਰ ਰਹਿਤ ਪ੍ਰਸ਼ਾਸਨ ਮੁਹੱਈਆ ਕਰਵਾ ਕੇ ਲੋਕ ਹਿਤੈਸ਼ੀ ਕਾਰਜ ਕੀਤੇ ਹਨ। ਉਨ੍ਹਾਂ ਆਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵਲੋਂ ਲੋਕਹਿਤ ਕੀਤੇ ਜਾ ਰਹੇ ਕਾਰਜਾਂ ਤੋਂ ਪੰਜਾਬ ਵਾਸੀ ਖੁਸ਼ ਹਨ ਅਤੇ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਲੋਕ ਧੜਾ ਧੜ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ। ਸੋਨੂੰ ਕਲੇਰ ਨੇ ਕਿਹਾ ਕਿ ਮਾਨ ਸਰਕਾਰ ਨੇ ਜੋ ਕੰਮ ਪਿਛਲੇ 10 ਮਹੀਨਿਆਂ ਵਿੱਚ ਕਰ ਵਿਖਾਏ ਹਨ। ਇਹ ਕੰਮ ਅਕਾਲੀ ਦਲ ਅਤੇ ਕਾਂਗਰਸ ਦੀਆਂ ਸਰਕਾਰਾਂ ਆਪਣੇ ਕਾਰਜਕਾਲ ਦੌਰਾਨ ਸੁਪਨੇ ਵਿਚ ਵੀ ਨਹੀਂ ਸੀ ਸੋਚ ਸਕੀਆਂ।

## ਮਾਨ ਸਰਕਾਰ 17,500 ਤੋਂ 23,100 ਰੁਪਏ ਪ੍ਰਤੀ ਦੁਧਾਰੂ ਪਸ਼ੂ ਦੇਵੇਗੀ ਵਿੱਤੀ ਸਹਾਇਤਾ: ਸੇਖਵਾਂ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪੰਜਾਬ ਸਰਕਾਰ ਪੇਂਡੂ ਨੌਜਵਾਨਾਂ ਨੂੰ ਡੇਅਰੀ ਕਿੱਤੇ ਰਾਹੀਂ ਸਵੈ-ਰੋਜ਼ਗਾਰ ਦੇ ਕਾਬਲ ਬਣਾਉਣ ਲਈ ਵਿਸ਼ੇਸ਼ ਯਤਨ ਕਰ ਰਹੀ ਹੈ ਜਿਸ ਤਹਿਤ ਡੇਅਰੀ ਵਿਕਾਸ ਵਿਭਾਗ ਵੱਲੋਂ ਡੇਅਰੀ ਉੱਦਮ ਸਿਖਲਾਈ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ। ਇਸ ਸਿਖਲਾਈ ਪ੍ਰੋਗਰਾਮ ਤਹਿਤ ਇਸ ਵਰੇ ਹੁਣ ਤੱਕ 6116 ਕਿਸਾਨਾਂ ਨੇ ਐਡਵਾਂਸ ਡੇਅਰੀ ਫ਼ਾਰਮਿੰਗ ਦੀ ਸਿਖਲਾਈ ਪ੍ਰਾਪਤ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਸ. ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਸੂਬੇ ਦੇ 9 ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰਾਂ ਵਿੱਚ ਨੌਜਵਾਨਾਂ ਨੂੰ ਦੁਧਾਰੂ ਪਸ਼ੂਆਂ ਦੀ ਖ਼ਰੀਦ ਤੋਂ ਲੈ ਕੇ ਰੱਖ-ਰਖਾਅ, ਖਾਧ ਖੁਰਾਕ, ਨਸਲ ਸੁਧਾਰ, ਮਨਸੂਈ ਗਰਭਦਾਨ, ਗੱਭਣ ਚੈਕ ਕਰਨ, ਸਾਰਾ ਸਾਲ ਹਰਾ ਚਾਰਾ ਪੈਦਾ ਕਰਨ, ਦੁੱਧ ਪਦਾਰਥ ਬਣਾਉਣ, ਪਸ਼ੂਆਂ ਦੀਆਂ ਮੌਸਮੀ ਬਿਮਾਰੀਆਂ, ਘਰੇਲੂ ਪਸ਼ੂ ਫੀਡ ਤਿਆਰ ਕਰਨ ਅਤੇ ਸੁੱਚਜੇ ਮੰਡੀਕਰਨ ਆਦਿ ਦੀਆਂ ਨਵੀਨਤਮ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਉਨਾਂ ਦੱਸਿਆ ਕਿ ਡੇਅਰੀ ਉੱਦਮ ਸਿਖਲਾਈ ਪ੍ਰੋਗਰਾਮ ਤਹਿਤ ਸਰਟੀਫ਼ਕੇਟ ਪ੍ਰਾਪਤ ਕਰਨ ਵਾਲੇ ਕਿਸਾਨਾਂ ਨੂੰ ਨਵਾਂ ਡੇਅਰੀ ਯੂਨਿਟ ਸਥਾਪਤ ਕਰਨ ਅਤੇ ਲੋੜੀਂਦੀਆਂ ਮਸ਼ੀਨਾਂ ਖ਼ਰੀਦਣ ਲਈ ਵਿਭਾਗ ਦੀ ਸਕੀਮ ਅਧੀਨ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਕਿਸਾਨਾਂ ਅਤੇ ਦੁੱਧ ਉਤਪਾਦਕਾਂ ਨੂੰ ਕਿਸਾਨੀ ਦੇ ਨਾਲ-ਨਾਲ ਖੇਤੀਬਾੜੀ ਦੇ ਸਹਾਇਕ ਕਿੱਤੇ ਅਪਨਾਉਣ ਦੀ ਅਪੀਲ ਕਰਦਿਆਂ ਉਨਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਗੁਣਵੱਤਾ ਭਰਪੂਰ ਦੁੱਧ ਉਤਪਾਦਨ ਲਈ ਸਿਖਲਾਈ ਦੇਣ ਅਤੇ ਡੇਅਰੀ ਕਿੱਤਾ ਸ਼ੁਰੂ ਕਰਨ ਲਈ ਵਿੱਤੀ ਸਹਾਇਤਾ ਸਕੀਮਾਂ ਚਲਾਈਆਂ ਜਾ ਰਹੀਆਂ ਹਨ, ਜਿਨਾਂ ਵਿੱਚ 50 ਫ਼ੀਸਦੀ ਤੱਕ ਸਬਸਿਡੀ ਦਿੱਤੀ ਜਾ ਰਹੀ ਹੈ। ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਨਵਾਂ ਡੇਅਰੀ ਯੂਨਿਟ ਸਥਾਪਤ ਕਰਨ ਲਈ 2 ਤੋਂ 20 ਦੁਧਾਰੂ ਪਸ਼ੂਆਂ ਦੀ ਖ਼ਰੀਦ ਵਾਸਤੇ ਜਨਰਲ ਵਰਗ ਨੂੰ 17,500 ਰੁਪਏ ਪ੍ਰਤੀ ਪਸ਼ੂ ਅਤੇ ਅਨੁਸੂਚਿਤ ਜਾਤੀ ਦੇ ਲਾਭਪਾਤਰੀ ਨੂੰ 23,100 ਰੁਪਏ ਪ੍ਰਤੀ ਪਸ਼ੂ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਇਸੇ ਤਰਾਂ ਦੁੱਧ ਉਤਪਾਦਕਾਂ ਨੂੰ ਸਾਫ਼ ਦੁੱਧ ਪੈਦਾ ਕਰਨ ਲਈ ਉਤਸ਼ਾਹਿਤ ਕਰਨ ਵਾਸਤੇ ਡਬਲ ਟੀਟ ਕੱਪ ਮਿਲਕਿੰਗ ਮਸ਼ੀਨ 'ਤੇ 50 ਫ਼ੀਸਦੀ (ਵੱਧ ਤੋਂ ਵੱਧ 24,366 ਰੁਪਏ) ਸਬਸਿਡੀ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਹਰੇ ਚਾਰੇ ਦੀਆਂ ਗੱਠਾਂ ਬਣਾਉਣ ਵਾਲੀ ਮਸ਼ੀਨ 'ਤੇ 5.60 ਲੱਖ ਰੁਪਏ ਦੀ ਸਬਸਿਡੀ ਦਿੱਤੀ ਜਾ ਰਹੀ ਹੈ। ਦੁੱਧ ਉਤਪਾਦਕ/ਕਿਸਾਨ ਵਾਧੂ ਹਰੇ ਚਾਰੇ ਵਾਲੇ ਮਹੀਨਿਆਂ ਦੌਰਾਨ ਹਰੇ ਚਾਰੇ ਤੋਂ ਸਾਈਲੇਜ ਜਾਂ ਆਚਾਰ ਬਣਾ ਕੇ, ਚਾਰੇ ਦੀ ਤੋਟ ਵਾਲੇ ਮਹੀਨਿਆਂ ਦੌਰਾਨ ਇਨਾਂ ਗੱਠਾਂ ਨੂੰ ਵੇਚ ਸਕਦੇ ਹਨ। ਹਰੇ ਚਾਰੇ ਦੇ ਆਚਾਰ ਦੀਆਂ ਗੱਠਾਂ ਨੂੰ ਪੰਜਾਬ ਦੇ ਨਾਲ-ਨਾਲ ਹੋਰਨਾਂ ਰਾਜਾਂ ਵਿੱਚ ਵੀ ਭੇਜ ਕੇ ਮੁਨਾਫ਼ਾ ਕਮਾਇਆ ਜਾ ਸਕਦਾ ਹੈ। ਇਸ ਤਰਾਂ ਛੋਟੇ ਅਤੇ ਸ਼ਹਿਰੀ ਡੇਅਰੀ ਫ਼ਾਰਮਰਾਂ ਨੂੰ ਵਾਜਬ ਕੀਮਤ ਉੱਤੇ ਸਾਰਾ ਸਾਲ ਸੰਤੁਲਿਤ ਪਸ਼ੂ ਖ਼ੁਰਾਕ ਉਪਲਬਧ ਹੋ ਸਕਦੀ ਹੈ ਅਤੇ ਨੌਜਵਾਨ ਨੂੰ ਰੋਜ਼ਗਾਰ ਹਾਸਲ ਹੋਵੇਗਾ। ਉਨਾਂ ਦੱਸਿਆ ਕਿ ਵਧੇਰੇ ਜਾਣਕਾਰੀ ਲਈ ਡੇਅਰੀ ਵਿਕਾਸ ਵਿਭਾਗ ਦੇ ਹੈਲਪਲਾਈਨ ਨੰਬਰ 0172-5027285 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਮੇਅਰ ਤੇ ਵਪਾਰ ਮੰਡਲ ਦੇ ਅਧਿਕਾਰੀਆਂ ਨਾਲ ਮੀਟਿੰਗ

**ਪਠਾਨਕੋਟ (ਦਵਿੰਦਰ ਸਿੰਘ)**–ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ 21 ਫਰਵਰੀ, 2023 ਤੱਕ ਸਮੁੱਚੇ ਪੰਜਾਬ ਰਾਜ ਵਿੱਚ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਨੂੰ ਵਧੇਰੇ ਮਹੱਤਤਾ ਦੇਣ ਲਈ ਸਮੂਹ ਸਰਕਾਰੀ, ਅਰਧ ਸਰਕਾਰੀ ਦਫ਼ਤਰਾਂ/ ਵਿਭਾਗਾਂ/ ਅਦਾਰਿਆਂ/ਸੰਸਥਾਵਾਂ/ਵਿੱਦਿਅਕ ਅਦਾਰਿਆਂ/ਬੋਰਡਾਂ/ਨਿਗਮਾਂ ਅਤੇ ਗੈਰ ਸਰਕਾਰੀ ਸੰਸਥਾਵਾਂ/ਪਬਲਿਕ ਅਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਿਕ ਅਦਾਰਿਆਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਮ/ਨਾਮ ਪੱਟੀਆਂ/ਮੀਲ ਪੱਥਰ/ਸਾਈਨ ਬੋਰਡ ਲਿਖਣ ਸਮੇਂ ਸਭ ਤੋਂ ਪਹਿਲਾਂ ਉੱਪਰਲੇ ਪਾਸੇ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਵਿੱਚ ਲਿਖੇ ਜਾਣ ਦੀ ਹਦਾਇਤ ਕੀਤੀ ਗਈ ਹੈ।



ਇਸੇ ਕੜੀ ਤਹਿਤ ਜ਼ਿਲ੍ਹਾ ਭਾਸ਼ਾ ਦਫ਼ਤਰ ਵੱਲੋਂ ਪਠਾਨਕੋਟ ਦੇ ਨਗਰ ਨਿਗਮ ਦੇ ਮੇਅਰ ਪੰਨਾ ਲਾਲ ਭਾਟੀਆ ਅਤੇ ਪਠਾਨਕੋਟ ਵਪਾਰ ਮੰਡਲ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ । ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੁਰੇਸ਼ ਮਹਿਤਾ ਨੇ ਬੜੇ ਸੁਚੱਜੇ ਢੰਗ ਨਾਲ ਵਪਾਰ ਮੰਡਲ ਦੇ ਅਹੁਦੇਦਾਰਾਂ ਨੂੰ ਬੋਰਡ ਪੰਜਾਬੀ ਵਿੱਚ ਲਿਖਵਾਉਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਇਸ ਦਾ ਉਦੇਸ਼ ਕੇਵਲ ਆਪਣੀ ਮਾਤ ਭਾਸ਼ਾ ਨੂੰ ਮਾਣ ਦੇਣਾ ਹੈ । ਇਸ ਮੌਕੇ 'ਤੇ ਵਪਾਰ ਮੰਡਲ ਦੇ ਅਹੁਦੇਦਾਰਾਂ ਵੱਲੋਂ ਸਾਕਾਰਾਤਮਕ ਤੇ ਹਾਂ ਪੱਖੀ ਹੁੰਗਾਰਾ ਮਿਲਿਆ ਅਤੇ ਉਨ੍ਹਾਂ ਕਿਹਾ ਕਿ ਉਹ ਜਲਦੀ ਤੋਂ ਜਲਦੀ ਪਹਿਲ ਦੇ ਅਧਾਰ 'ਤੇ ਇਸ ਕੰਮ ਨੂੰ ਨੇਪਰੇ ਚਾੜ੍ਹਨਗੇ। ਇਸ ਮੀਟਿੰਗ ਵਿੱਚ ਜ਼ਿਲ੍ਹਾ ਭਾਸ਼ਾ ਦਫ਼ਤਰ ਤੋਂ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੁਰੇਸ਼ ਮਹਿਤਾ, ਖੋਜ ਅਫ਼ਸਰ ਰਾਜੇਸ਼ ਕੁਮਾਰ, ਸਹਾਇਕ ਕਮਿਸ਼ਨਰ ਸੁਰਜੀਤ ਸਿੰਘ, ਨਗਰ ਨਿਗਮ ਸੁਪਰਡੰਟ ਦਰਸ਼ਨਾ ਧੀਮਾਨ ਅਤੇ ਸੁਮਨਦੀਪ ਸ਼ਰਮਾ ਮੌਜੂਦ ਸਨ। ਵਪਾਰ ਮੰਡਲ ਅਹੁਦੇਦਾਰਾਂ ਵਿੱਚੋਂ ਸ਼ਾਮ ਮਹਾਜਨ, ਇੰਦਰਜੀਤ ਗੁਪਤਾ, ਮਨਿੰਦਰ ਸਿੰਘ, ਅਨਿਲ ਮਹਾਜਨ, ਕੁਲਦੀਪ ਕੁਮਾਰ, ਐੱਲ.ਆਰ. ਸੋਢੀ, ਨਵੀਨ ਮਹਾਜਨ, ਭਾਰਤ ਮਹਾਜਨ, ਰਾਮਪਾਲ ਭੰਡਾਰੀ, ਸੁਰੇਸ਼ ਗੁਪਤਾ, ਨਰਿੰਦਰ ਅਤੇ ਰਾਜੇਸ਼ ਕੁਮਾਰ ਹਾਜ਼ਰ ਸਨ ।

## ਮੁਠੱਡਾ ਕਲਾਂ 'ਚ ਸੰਤ ਬਾਬਾ ਜਸਪਾਲ ਨੇ ਗੁਰਦੁਆਰਾ ਦੀ ਇਮਾਰਤ ਦਾ ਕੀਤਾ ਉਦਘਾਟਨ



**ਫਿਲੌਰ (ਨਿਰਮਲ)**- ਗੁਰਦੁਆਰਾ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਨਵੀਂ ਬਣ ਰਹੀ ਇਮਾਰਤ ਦਾ ਉਦਘਾਟਨ ਸੰਤ ਬਾਬਾ ਜਸਪਾਲ ਗੱਦੀਨਸ਼ੀਨ ਡੇਰਾ ਬਾਬਾ ਬ੍ਰਹਮਦਾਸ ਨੇ ਅਰਦਾਸ ਉਪਰੰਤ ਰੀਬਨ ਕੱਟ ਕੇ ਕੀਤਾ ਗਿਆ। ਇਸ ਮੌਕੇ ਸੰਤ ਬਾਬਾ ਜਸਪਾਲ ਨੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ 'ਤੇ ਨਵੀ ਬਣੀ ਇਮਾਰਤ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ ਅਤੇ ਕਿਹਾ ਕਿ ਗੁਰੂ ਸਾਹਿਬ ਦੀ ਵਿਚਾਰਧਾਰਾ 'ਤੇ ਚੱਲ ਕੇ ਆਪਣੇ ਬੱਚਿਆਂ ਨੂੰ ਵਿੱਦਿਆ ਦਾ ਅਨਮੋਲ ਗਹਿਣਾ ਦਿਓ। ਗੁਰਦੁਆਰਾ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ, ਸਮੂਹ ਨਗਰ ਨੇ ਸਿਰੋਪਾਓ ਪਾ ਕੇ ਸਨਮਾਨ ਕੀਤਾ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ, ਗ੍ਰਾਮ ਪੰਚਾਇਤ, ਸਮੂਹ ਨਗਰ ਨਿਵਾਸੀ ਹਾਜ਼ਰ ਸਨ।

## ਗੁਰਬਿੰਦਰ ਸਿੰਘ ਅਟਵਾਲ ਵੱਲੋਂ ਪਿੰਡਾਂ ਦਾ ਦੌਰਾ

**ਫਿਲੌਰ (ਬੀ ਐਸ ਕੈਨੈਡੀ)**- ਭਾਵੇਂ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ 'ਚ ਆ ਗਈ ਹੈ, ਪਰ ਫਿਰ ਵੀ ਹਲਕਾ ਨਿਵਾਸੀ ਗੁਰਬਿੰਦਰ ਸਿੰਘ ਅਟਵਾਲ ਸਾਬਕਾ ਮੰਤਰੀ ਪੰਜਾਬ ਨੂੰ ਆਪਣੇ ਕੰਮਾਂ ਲਈ ਯਾਦ ਕਰ ਰਹੇ ਹਨ। ਗੁਰਬਿੰਦਰ ਸਿੰਘ ਅਟਵਾਲ ਨੇ ਪਿੰਡ ਮੁਆਈ, ਬਿਲਗਾ, ਨੂਰਮਹਿਲ, ਨਕੋਦਰ ਦਾ ਦੌਰਾ ਕੀਤਾ ਤੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਅਤੇ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਉਹਨਾ ਨਾਲ ਸਤਪਾਲ ਸੁਮਨ, ਦਰਸ਼ਨ ਰਾਮ ਸਾਬਕਾ ਸਰਪੰਚ ਪਿੰਡ ਸੈਫਾਬਾਦ, ਕਾਮਰੇਡ ਪੰਮਾ ਹਾਜ਼ਰ ਸਨ।

## ਅਲਾਵਲਪੁਰ 'ਚ ਮਹਾਂਸ਼ਿਵਰਾਤਰੀ ਧੂਮਧਾਮ ਨਾਲ ਮਨਾਈ ਜਾਵੇਗੀ

**ਅਲਾਵਲਪੁਰ (ਮਦਨ ਬੰਗੜ)**- ਮਹਾਂਸ਼ਿਵਰਾਤਰੀ ਦਾ ਤਿਉਹਾਰ ਕਸਬਾ ਅਲਾਵਲਪੁਰ ਵਿਖੇ ਬੜੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਜਾਵੇਗਾ ਇਸ ਸੰਬੰਧੀ ਮਹਾਕਾਲ ਨੌਜਵਾਨ ਸਭਾ ਮੁਹੱਲਾ ਸਰੀਂਹਾ ਅਲਾਵਲਪੁਰ ਵੱਲੋਂ 18 ਫਰਵਰੀ ਦਿਨ ਸ਼ਨੀਵਾਰ ਨੂੰ ਸ਼ਿਵ ਭੋਲੇ ਦੇ ਜੀਵਨ ਨਾਲ ਸੰਬੰਧਿਤ ਵੱਖ ਵੱਖ ਝਾਕੀਆਂ ਨਾਲ ਵਿਸ਼ਾਲ ਸ਼ੋਭਾ ਯਾਤਰਾ ਸਜਾਈ ਜਾਵੇਗੀ ਜਿਸ ਵਿਚ ਮੁੱਖ ਮਹਿਮਾਨ ਮਹੰਤ ਦੀਪਕਾ ਸ਼ਿਰਕਤ ਕਰਨਗੇ ਤੋਂ ਇਲਾਵਾ ਇਲਾਕੇ ਭਰ ਦੀਆਂ ਵਿਸ਼ੇਸ਼ ਸਖਸ਼ੀਅਤਾਂ ਹਾਜਰ ਹੋਣਗੀਆਂ।

## ਅੱਜ ਮਨਾਈ ਜਾਵੇਗੀ ਮਹਾਂਸ਼ਿਵਰਾਤਰੀ

**ਫਿਲੌਰ (ਨਿਰਮਲ)**- ਮਹਾਂਸ਼ਿਵਰਾਤਰੀ ਦਾ ਪਵਿੱਤਰ ਤਿਉਹਾਰ ਪ੍ਰਚੀਨ ਸ਼ਿਵ ਮੰਦਰ ਬਗੀਚੀ ਨਾਥਾਂ ਦੀ ਨਜਦੀਕ ਰੇਲਵੇ ਸਟੇਸ਼ਨ ਰਾਮਗੜ੍ਹ ਬਾਈਪਾਸ ਫਿਲੌਰ ਵਿਖੇ 18,19 ਫਰਵਰੀ ਨੂੰ ਬੜੀ ਧੂਮ-ਧਾਮ ਨਾਲ ਮਨਾਇਆ ਜਾਵੇਗਾ। ਪ੍ਰਧਾਨ ਗੁਲਸ਼ਨ ਕੁਮਾਰ ਅਹੂਜਾ ਨੇ ਦੱਸਿਆ ਕਿ 18 ਫਰਵਰੀ ਨੂੰ ਸ਼ਿਵਰਾਤਰੀ ਦਾ ਮਹਾਂ ਉਤਸਵ ਬੜੀ ਧੂਮ-ਧਾਮ ਨਾਲ ਮਨਾਇਆ ਜਾਵੇਗਾ ਤੇ ਭਜਨ ਪਾਰਟੀਆਂ ਸ਼ਿਵ ਸ਼ੰਕਰ ਭੋਲੇ ਦੀ ਮਹਿਮਾ ਦਾ ਗੁਣਗਾਨ ਕਰਨਗੀਆਂ। 19 ਫਰਵਰੀ ਨੂੰ ਝੰਡੇ ਦੀ ਰਸਮ ਹੋਵੇਗੀ ਅਤੇ ਸੰਗਤਾਂ ਲਈ ਅਤੁੱਟ ਲੰਗਰ ਵਰਤਾਇਆ ਜਾਵੇਗਾ। ਉਨ੍ਹਾਂ ਨੇ ਮਹਾਂਸ਼ਿਵਰਾਤਰੀ ਦੀਆਂ ਦੇਸ਼ ਵਿਦੇਸ਼ ਦੇ ਸਰਧਾਲੂਆਂ ਨੂੰ ਲੱਖ-ਲੱਖ ਵਧਾਈਆਂ ਦਿੱਤੀਆਂ । ਇਸ ਮੌਕੇ ਪੰਡਿਤ ਦੇਵਾ ਨੰਦ , ਡਕਾਟਰ ਬਲੀ ਬਹਾਦਰ, ਰਾਜਾ ਧੀਮਾਨ, ਗੋਪਾਲ ਨਾਥ ਤੇ ਸ਼ਰਧਾਲੂ ਵੱਡੀ ਗਿਣਤੀ 'ਚ ਹਾਜਰ ਸਨ।

## ਨਾਇਬ ਤਹਿਸੀਲਦਾਰ ਪਵਨ ਕੁਮਾਰ ਸ਼ਰਮਾ ਨੇ ਖੂਨ ਦਾਨ ਕਰਕੇ ਦਿੱਤੀ ਮਹਾਸ਼ਿਵਰਾਤਰੀ ਦੀ ਵਧਾਈ

**ਫਗਵਾੜਾ (ਡਾ. ਰਮਨ)**- ਫਗਵਾੜਾ ਦੇ ਨਾਇਬ ਤਹਿਸੀਲਦਾਰ ਪਵਨ ਕੁਮਾਰ ਸ਼ਰਮਾ ਨੇ ਖੂਨਦਾਨ ਕਰਕੇ ਸਮੂਹ ਇਲਾਕਾ ਨਿਵਾਸੀਆਂ ਨੂੰ ਮਹਾਂਸ਼ਿਵਰਾਤਰੀ ਉਤਸਵ ਦੀ ਵਧਾਈ ਦਿੱਤੀ। ਇਸ ਮੌਕੇ ਉਹਨਾਂ ਨੇ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ



ਫਗਵਾੜਾ ਸਮੇਤ ਉਹਨਾਂ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਦੀ ਪ੍ਰਸ਼ੰਸਾ ਕੀਤੀ ਜਿਹੜੀਆਂ ਨੌਜਵਾਨਾਂ ਨੂੰ ਖੂਨ ਦਾਨ ਕਰਨ ਲਈ ਪ੍ਰੇਰਿਤ ਕਰਦੀਆਂ ਹਨ ਅਤੇ ਹੋਰ ਲੋਕ ਸੇਵਾ ਦੇ ਕੰਮ ਕਰ ਰਹੀਆਂ ਹਨ। ਉਹਨਾਂ ਨੇ ਖਾਸ ਤੌਰ 'ਤੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਹਰ ਤਿਓਹਾਰ ਅਤੇ ਆਪਣੇ ਖ਼ੁਸ਼ੀ ਦੇ ਮੌਕਿਆਂ ਸਮੇਂ ਖੂਨ ਦਾਨ ਜਰੂਰ ਕਰਨ ਤਾਂ ਜੋ ਖੂਨ ਦੀ ਘਾਟ ਦੇ ਚਲਦਿਆਂ ਕਿਸੇ ਮਰੀਜ ਦੀ ਜਾਨਂ ਬਚਾਈ ਜਾ ਸਕੇ। ਇਸ ਮੌਕੇ ਖਾਸ ਤੌਰ 'ਤੇ ਮੌਜੂਦ ਰਹੇ ਪ੍ਰਿੰ: ਗੁਰਮੀਤ ਸਿੰਘ ਪਲਾਹੀ ਅਤੇ ਸਮਾਜ ਸੇਵੀ ਸੰਸਥਾ ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਨਾਇਬ ਤਹਿਸੀਲਦਾਰ ਪਵਨ ਕੁਮਾਰ ਸ਼ਰਮਾ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਖੂਨਦਾਨ ਮਹਾਂਦਾਨ ਹੈ ਅਤੇ ਹਰ ਵਿਅਕਤੀ ਨੂੰ ਆਪਣਾ ਫਰਜ਼ ਸਮਝਦਿਆਂ ਖੂਨਦਾਨ ਕਰਨਾ ਚਾਹੀਦਾ ਹੈ। ਉਹਨਾਂ ਨੇ ਕਿਹਾ ਕਿ ਖੂਨਦਾਨ ਸਬੰਧੀ ਗਲਤ ਮਿੱਥਾਂ ਕਾਰਨ ਕਈ ਲੋਕ ਖੂਨਦਾਨ ਨਹੀਂ ਕਰਦੇ। ਵਲੰਟੀਅਰ ਸੰਸਥਾਵਾਂ ਨੂੰ ਵੀ ਖੂਨਦਾਨ ਸਬੰਧੀ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਨਾਇਬ ਤਹਿਸੀਲਦਾਰ ਪਵਨ ਕੁਮਾਰ ਸ਼ਰਮਾ ਦੇ ਨਾਲ ਉਹਨਾਂ ਦੇ ਕ੍ਰਮਚਾਰੀ ਗੁਰਿੰਦਰ ਸਿੰਘ ਸੰਨੀ ਨੇ ਵੀ ਖੂਨ ਦਾਨ ਕੀਤਾ। ਇਸ ਮੌਕੇ ਵਿਕਰਮਜੀਤ ਵਿੱਕੀ, ਜਗਜੀਤ ਸੇਠ, ਮੈਡਮ ਪੂਜਾ ਸੈਣੀ, ਨਰੇਸ਼ ਕੁਮਾਰ ਟੈਕਨੀਕਲ ਸੁਪਰਵਾਈਜ਼ਰ, ਸੁਮਨਦੀਪ ਨਰਸ, ਸੰਦੀਪ ਕੌਰ ਲੈਬ ਟੈਕਨੀਸ਼ਨ ਆਦਿ ਹਾਜ਼ਰ ਹਨ।



ਮਹਾਂਸ਼ਿਵਰਾਤਰੀ ਮੌਕੇ ਸ਼ਿਵ ਮੰਦਰ ਬਜ਼ਾਰ ਪਾਧਿਆਂ ਵੱਲੋਂ ਸ਼ੋਭਾ ਯਾਤਰਾ ਮੌਕੇ ਸ੍ਰੀ ਅਮਰਨਾਥ ਬ੍ਰਫਾਨੀ ਸੇਵਾ ਸਮਿਤੀ (ਰਜਿ) ਕਰਤਾਰਪੁਰ ਵੱਲੋਂ ਬਾਰਾਂਦਰੀ ਕਰਤਾਰਪੁਰ ਵਿਖੇ ਲੰਗਰ ਲਗਾਇਆ ਗਿਆ। (ਫੋਟੋ ਤੇ ਵੇਰਵਾ : ਹਰਮੇਸ਼ ਦੱਤ)

## ਘੁਗਸ਼ੋਰ ਨੂੰ ਸਾਜਿਸ਼ ਦੇ ਅਧੀਨ ਗ੍ਰਿਫਤਾਰ ਕੀਤਾ : ਪੇਂਡੂ ਮਜ਼ਦੂਰ ਯੂਨੀਅਨ

**ਨੂਰਮਹਿਲ (ਬਾਲੀ)**-ਪੇਂਡੂ ਮਜਦੂਰ ਯੂਨੀਅਨ ਪੰਜਾਬ ਦੇ ਪ੍ਰੈੱਸ ਸਕੱਤਰ ਸਾਥੀ ਕਸ਼ਮੀਰ ਸਿੰਘ ਘੁਗਸ਼ੋਰ ਨੂੰ ਇਕ ਸਾਜਿਸ਼ ਦੇ ਅਧੀਨ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਪੇਂਡੂ ਮਜਦੂਰ ਯੂਨੀਅਨ ਅਤੇ ਲਤੀਫਪੁਰਾ ਮੁੜ ਵਸਾਊ ਮੋਰਚਾ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪੁਲਸ ਪ੍ਰਸ਼ਾਸ਼ਨ ਦੀ ਸਖ਼ਤ ਸ਼ਬਦਾ ਵਿੱਚ ਨਿਖੇਧੀ ਕੀਤੀ ਅਤੇ ਰੋਸ ਵਜੋਂ ਨੂਰਮਹਿਲ -ਫਿਲੌਰ ਰੋਡ 'ਤੇ ਪੰਜਾਬ ਸਰਕਾਰ ਅਤੇ ਪੰਜਾਬ ਪੁਲਸ ਦਾ ਪੁਤਲਾ ਫੂਕਿਆ ਗਿਆ। ਪ੍ਰਦਰਸ਼ਨਕਾਰੀ ਮੰਗ ਕਰ ਰਹੇ ਹਨ ਕਿ ਘੁਗਸ਼ੋਰ ਦੀ ਬਿਨਾਂ ਸ਼ਰਤ ਰਿਹਾਈ ਕੀਤੀ ਜਾਵੇ ਤੇ ਲਤੀਫਪੁਰਾ ਦੇ ਲੋਕਾਂ ਦਾ ਮੜ ਵਸੇਬਾ ਉਸੇ ਜਗਾਹ ਕੀਤਾ ਜਾਵੇ। ਸਾਥੀ ਘੁਗਸ਼ੋਰ ਲਤੀਫਪੁਰ ਮੋਰਚੇ ਵਿੱਚ ਪੰਜਾਬ ਸਰਕਾਰ ਦੇ ਧੱਕੇ ਦੇ ਖਿਲਾਫ, ਲੋਕਾਂ ਦੇ ਘਰ ਬਣਾਉਣ ਲਈ ਅਹਿਮ ਭੂਮਿਕਾ ਨਿਭਾਅ ਰਹੇ ਸਨ। ਸਰਕਾਰ ਅਤੇ ਪੁਲਸ ਪ੍ਰਸ਼ਾਸਨ ਨੇ ਇਹ ਕਾਰਵਾਈ ਬੁਖਲਾਹਟ ਵਿੱਚ ਆ ਕੇ ਕੀਤੀ ਹੈ। ਹਾਲਾਂਕਿ ਲੋਕ ਹਿੱਤਾਂ ਲਈ ਲੜਦੇ ਲੋਕ ਆਗੂਆਂ 'ਤੇ ਬਣਾਏ ਗਏ ਕੇਸ ਰੱਦ ਕਰਨ ਦਾ ਸਰਕਾਰ ਵਾਅਦਾ ਕਰ ਚੁੱਕੀ ਹੈ। ਪਾਕਿਸਤਾਨ ਤੋਂ ਉਜੜ ਕੇ ਆਏ ਲੋਕਾਂ ਦੇ ਘਰ ਢਾਹ ਕੇ, ਬਦਲਾਅ ਲਿਆਉਣ ਵਾਲੀ ਸਰਕਾਰ ਨੇ ਇਸ ਤਰ੍ਹਾਂ ਕਰਕੇ ਦੱਸਿਆ ਕਿ ਸਾਡਾ ਕੰਮ ਇੰਝ ਬੋਲਦਾ ਹੈ। ਉਨ੍ਹਾਂ ਦਾ ਉਜਾੜਾ ਪਹਿਲਾਂ 1947 ਵਿੱਚ ਹੋਇਆ, ਹੁਣ 2023 ਵਿੱਚ ਭਗਵੰਤ ਮਾਨ ਦੀ ਸਰਕਾਰ ਨੇ ਕਰ ਦਿੱਤਾ। ਸਰਕਾਰ ਨੇ ਲੋਕਾਂ ਦੀ ਰੋਟੀ, ਕੱਪੜੇ ਦੀ ਸਮੱਸਿਆ ਹੱਲ ਕਰਨੀ ਹੁੰਦੀ ਹੈ, ਪਹਿਲਾਂ ਹੀ ਉਜੜ ਕੇ ਆਏ ਲੋਕਾਂ ਨੂੰ ਜਿਥੇ ਬਿਠਾ ਦਿੱਤਾ ਸੀ, ਉਸ ਥਾਂ ਦੇ ਜੇ ਪਹਿਲੀਆਂ ਸਰਕਾਰਾਂ ਨੇ ਰਜਿਸਟਰੀਆਂ ਨਹੀਂ ਬਣਾਈਆਂ ਤਾਂ ਲੋਕਾਂ ਦਾ ਕੀ ਕਸੂਰ ਸੀ। ਭਗਵੰਤ ਮਾਨ ਦੀ



ਸਰਕਾਰ ਦਾ ਇਮਪਰੂਵਮੈਂਟ ਟਰੱਸਟ ਦਾ ਚੇਅਰਮੈਨ ਜਗਤਾਰ ਸੰਘੇੜਾ ਵੀ ਬੇਈਮਾਨ ਹੋ ਗਿਆ ਕਿ ਇਹ ਥਾਂ ਮਾਡਲ ਟਾਊਨ ਵਿਚ ਆ ਗਏ ਅਤੇ ਮਹਿੰਗੇ ਹੋ ਗਏ, ਇਸ ਥਾਂ ਤੇ ਮੌਲ ਬਣਾ ਕੇ ਭੂ ਮਾਫੀਆ ਨੂੰ ਮਹਿੰਗੇ ਵੇਚਣੇ ਹਨ। ਜਦੋਂ ਕਸ਼ਮੀਰ ਘੁਗਸ਼ੋਰ ਲਤੀਫਪੁਰ ਮੋਰਚਾ ਬਣਾਕੇ ਪੀੜਤ ਲੋਕਾਂ ਦੇ ਹੱਕ ਵਿੱਚ ਖੜਦਾ ਹੈ ਤਾਂ ਸਰਕਾਰ ਅਤੇ ਪਲਿਸ ਪ੍ਰਸ਼ਾਸ਼ਨ ਦੀਆਂ ਅੱਖਾਂ ਵਿਚ ਰੜਕਦਾ ਹੈ। ਅੱਜ ਦੇ ਪੁਤਲਾ ਫੂਕ ਪ੍ਰਦਰਸ਼ਨ ਦੀ ਅਗਵਾਈ ਸਾਥੀ ਹੰਸ ਰਾਜ ਪੱਬਵਾ, ਕੇ ਕੇ ਯੂ ਦੇ ਆਗੂ ਮੱਖਣ ਸਿੰਘ ਕੰਧੋਲਾ, ਸੇਵਾ ਰਾਮ, ਸਤਨਾਮ ਸੱਤਾ, ਗੁਰਮੇਲ ਬੈਨਾਪੁਰੀਆ, ਮਨਜਿੰਦਰ ਹਰੀ ਸਿੰਘ ਸਿੱਧਮ ਨੇ ਕੀਤੀ।

**ਕਰਤਾਰਪੁਰ (ਹਰਮੇਸ ਦੱਤ)**- ਪੇਂਡੂ ਮਜਦੂਰ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੂੰ ਗ੍ਰਿਫਤਾਰ ਕਰਨ ਦੇ ਵਿਰੋਧ 'ਚ ਕਰਤਾਰਪੁਰ ਵਿੱਚ ਪੁਤਲਾ ਫੂਕ ਪ੍ਰਦਰਸ਼ਨ ਕੀਤਾ ਗਿਆ ਤੇ ਸਰਕਾਰ ਖਿਲਾਫ ਨਾਅਰੇਬਾਜੀ ਕਰਦਿਆਂ ਬਿਨਾਂ ਸ਼ਰਤ ਰਿਹਾਈ ਦੀ ਮੰਗ ਕੀਤੀ ਗਈ। ਇਸ ਮੌਕੇ ਆਗੂਆਂ ਸੰਬੋਧਨ ਕਰਦਿਆਂ ਕਿਹਾ ਕਿ ਲਤੀਫਪੁਰਾ ਮੋਰਚਾ ਸਰਕਾਰ ਦੇ ਗਲੇ ਦੀ ਹੱਡੀ ਬਣਿਆ ਹੋਇਆ ਹੈ। ਕਸ਼ਮੀਰ ਸਿੰਘ ਘੁੱਗਸ਼ੋਰ ਇਸ ਮੋਰਚੇ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਸਨ। ਉਨ੍ਹਾਂ ਮਜ਼ਦੂਰ ਆਗੂ ਨੂੰ ਫੌਰੀ ਰਿਹਾਅ ਕਰਨ ਦੀ ਮੰਗ ਕਰਦਿਆਂ ਲਤੀਫਪੁਰ ਦੇ ਲੋਕਾਂ ਨੂੰ ਮੁੜ ਉਸ ਥਾਂ ਵਸਾਉਣ ਦੀ ਮੰਗ ਕੀਤੀ। ਇਸ ਮੌਕੇ ਆਗੂਆ ਨੇ ਸੂਬਾਈ ਸੱਦੇ 'ਤੇ 20 ਫਰਵਰੀ ਨੂੰ ਤਹਿਸੀਲ ਅੱਗੇ ਦਿੱਤੇ ਜਾਣ ਵਾਲੇ ਧਰਨੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਮੌਕੇ ਪੇਂਡੂ ਮਜਦੂਰ ਯੂਨੀਅਨ ਯੂਥ ਵਿੰਗ ਦੇ ਸੂਬਾ ਆਗੂ ਗੁਰਪ੍ਰੀਤ ਸਿੰਘ ਚੀਦਾ , ਮੈਂਬਰ ਇਸਤ੍ਰੀ ਲਿੰਗ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਹਰਪ੍ਰੀਤ ਕੌਰ ਨੁੱਸੀ, ਇਸਤਰੀ ਜਾਗ੍ਰਿਤੀ ਮੰਚ ਦੇ ਸੂਬਾ ਆਗੂ ਜਸਵੀਰ ਕੌਰ ਜੱਸੀ , ਪੇਂਡੂ ਮਜਦੂਰ ਯੂਨੀਅਨ ਆਗੂ ਬਲਵਿੰਦਰ ਦਿਆਲਪੁਰ, ਬਲਵੀਰ ਸਿੰਘ ਧੀਰਪੁਰ,ਜਸਵੀਰ ਸਿੰਘ ਗੋਰਾ, ਸ਼੍ਰੋਮਣੀ ਰੰਗਰੇਟਾ ਦਲ ਦੇ ਸੂਬਾ ਪ੍ਰਧਾਨ ਬਲਵੀਰ ਸਿੰਘ ਚੀਮਾ,ਲਤੀਫਪੁਰ ਵਾਸੀ ਮਿੰਟੂ ,ਗੁਰਦੀਪ ਸਿੰਘ, ਸਰਬਜੀਤ ਕੁਦੋਵਾਲ ਆਦਿ ਨੇ ਸੰਬੋਧਨ ਕੀਤਾ।

## ਕਾਮਰੇਡ ਰੁਲਦੂ ਖਾਂ ਦੀ ਬਰਸੀ ਭਲਕੇ

**ਨਿਹਾਲ ਸਿੰਘ ਵਾਲਾ (ਨਵਾਂ ਜ਼ਮਾਨਾ ਸਰਵਿਸ)**-ਭਾਰਤੀ ਕਮਿਊਨਿਸਟ ਪਾਰਟੀ ਬਲਾਕ ਨਿਹਾਲ ਸਿੰਘ ਵਾਲਾ ਵੱਲੋਂ 19 ਫਰਵਰੀ ਦਿਨ ਐਤਵਾਰ ਨੂੰ ਉੱਘੇ ਦੇਸ਼ ਭਗਤ ਅਤੇ ਹਰਮਨ ਪਿਆਰੇ ਖੇਤ ਮਜ਼ਦੂਰ ਆਗੂ ਕਾਮਰੇਡ ਰੁਲਦੂ ਖਾਂ ਦੀ 17ਵੀਂ ਬਰਸੀ ਮਨਾਈ ਜਾ ਰਹੀ ਹੈ। ਬਰਸੀ ਸਮਾਗਮ ਉਨ੍ਹਾਂ ਦੇ ਪਿੰਡ ਖੋਟੇ ਵਿਖੇ ਸਰਕਾਰੀ ਸਕੂਲ ਨੇੜੇ ਬਣੀ ਉਨ੍ਹਾਂ ਦੀ ਯਾਦਗਾਰ 'ਚ ਮਨਾਇਆ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਨੌਜਵਾਨ ਆਗੂ ਗੁਰਦਿੱਤ ਸਿੰਘ ਦੀਨਾ ਸਾਹਿਬ ਨੇ ਦੱਸਿਆ ਕਿ ਇਸ ਸਮਾਗਮ ਦੌਰਾਨ ਪੰਜਾਬ ਦੇ ਖੇਤੀ ਸੰਕਟ, ਧਰਤੀ ਹੇਠਲੇ ਪਾਣੀ ਦੀ ਬਰਬਾਦੀ ਅਤੇ ਨਹਿਰੀ ਪਾਣੀ ਦੇ ਪ੍ਰਬੰਧ, ਬੇਰੁਜ਼ਗਾਰੀ ਦਾ ਸ਼ਿਕਾਰ ਜਵਾਨੀ, ਗੁਰਬਤ ਵੱਲ ਧੱਕੇ ਜਾ ਰਹੇ ਖੇਤ ਮਜ਼ਦੂਰ, ਪੰਜਾਬ ਦੇ ਆਰਥਕ ਪੱਖੋਂ ਉਜਾੜੇ ਤੇ ਕਰਜ਼ੇ ਸਮੇਤ ਕੇਂਦਰ ਸਰਕਾਰ ਦੀ ਵੰਡਵਾਦੀ ਨੀਤੀ ਆਦਿ ਮਸਲਿਆਂ 'ਤੇ ਵਿਚਾਰ ਚਰਚਾ ਕੀਤੀ ਜਾਵੇਗੀ। ਪਾਰਟੀ ਦੇ ਕੌਮੀ ਆਗੂ ਕਾਮਰੇਡ ਜਗਰੂਪ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਬਲਕਰਨ ਸਿੰਘ ਬਰਾੜ, ਪਾਰਟੀ ਦੇ ਕੰਟਰੋਲ ਕਮਿਸ਼ਨ ਦੇ ਮੈਂਬਰ ਕਾਮਰੇਡ ਜਗਜੀਤ ਸਿੰਘ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਸਕੱਤਰ ਕੁਲਦੀਪ ਸਿੰਘ ਭੋਲਾ, ਖੇਤ ਮਜ਼ਦੂਰ ਆਗੂ ਸ਼ੇਰ ਸਿੰਘ ਸਰਪੰਚ, ਨੌਜਵਾਨ ਆਗੂ ਕਰਮਵੀਰ ਕੌਰ ਬੱਧਨੀ, ਵਿਦਿਆਰਥੀ ਆਗੂ ਵਿੱਕੀ ਮਹੇਸ਼ਰੀ, ਨਰੇਗਾ ਆਗੂ ਜਗਸੀਰ ਸਿੰਘ ਖੋਸਾ ਆਦਿ ਸੰਬੋਧਨ ਕਰਨਗੇ ਅਤੇ ਅਵਤਾਰ ਚੜਿੱਕ ਦੀ ਨਿਰਦੇਸ਼ਨਾਂ ਹੇਠ ਨਾਟਕ, ਗੀਤ, ਕਵਿਤਾਵਾਂ ਆਦਿ ਵੀ ਪੇਸ਼ ਕੀਤੇ ਜਾਣਗੇ। ਸਾਥੀ ਦੀਨਾ ਨੇ ਇਲਾਕੇ ਭਰ ਦੇ ਕਿਰਤੀ-ਕਾਮੇ ਮਜ਼ਦੂਰਾਂ ਕਿਸਾਨਾਂ ਅਤੇ ਕਾਮਰੇਡ ਰੁਲਦੂ ਖਾਂ ਨੂੰ ਚਾਹੁਣ ਵਾਲੇ ਸਭ ਲੋਕਾਂ ਨੂੰ ਸਮਾਗਮ 'ਚ ਹੁੰਮ-ਹੁਮਾਂ ਕੇ ਪਹੁੰਚਣ ਦਾ ਸੱਦਾ ਦਿੱਤਾ ਹੈ।



## ਮਾਈਨਿੰਗ ਮਾਫੀਆ ਖਿਲਾਫ ਹੁਣ ਤੱਕ 84 ਐੱਫ ਆਈ ਆਰ ਦਰਜ : ਨੀਲ ਗਰਗ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵੱਲੋਂ ਪੰਜਾਬ ਸਰਕਾਰ 'ਤੇ ਲਗਾਏ ਦੋਸ਼ਾਂ 'ਤੇ ਪਲਟਵਾਰ ਕਰਦਿਆਂ ਆਮ ਆਦਮੀ ਪਾਰਟੀ (ਆਪ) ਨੇ ਇਨ੍ਹਾਂ ਨੂੰ ਬੇਤੁਕੇ ਅਤੇ ਬੇਬੁਨਿਆਦ ਕਰਾਰ ਦਿੱਤਾ ਅਤੇ ਕਿਹਾ ਕਿ 'ਆਪ' ਸਰਕਾਰ ਪਿਛਲੀਆਂ ਸਰਕਾਰਾਂ ਨਾਲੋਂ ਮਾਫੀਆ ਖਿਲਾਫ ਕਿਤੇ ਜਿਆਦਾ ਸਖਤ ਹੈ ਅਤੇ ਇਸ ਦਾ ਹੀ ਨਤੀਜਾ ਹੈ ਕਿ ਹੁਣ ਤੱਕ ਮਾਈਨਿੰਗ ਮਾਫੀਆ ਖਿਲਾਫ 84 ਐੱਫ ਆਈ ਆਰ ਦਰਜ ਕੀਤੀਆਂ ਜਾ ਚੁੱਕੀਆਂ ਹਨ। ਜਾਰੀ ਇੱਕ ਬਿਆਨ ਵਿੱਚ 'ਆਪ' ਦੇ ਬੁਲਾਰੇ ਨੀਲ ਗਰਗ ਨੇ 'ਆਪ' ਸਰਕਾਰ ਦੌਰਾਨ ਪੰਜਾਬ ਵਿੱਚ ਮਾਈਨਿੰਗ ਦੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਕਿ ਰਾਕੇਸ਼ ਚੌਧਰੀ ਨੂੰ ਮਾਈਨਿੰਗ ਦਾ ਠੇਕਾ ਪਿਛਲੀਆਂ ਸਰਕਾਰਾਂ ਵੱਲੋਂ ਦਿੱਤਾ ਗਿਆ ਸੀ। ਉਨ੍ਹਾਂ ਅੱਗੇ ਕਿਹਾ ਕਿ 'ਆਪ' ਨੇ ਸੱਤਾ 'ਚ ਆਉਣ ਦੇ ਤੁਰੰਤ ਬਾਅਦ ਉਹ ਠੇਕਾ ਰੱਦ ਕਰ ਦਿੱਤਾ ਸੀ, ਪਰ ਰਾਕੇਸ਼ ਚੌਧਰੀ ਨੇ ਆਪਣਾ ਠੇਕਾ ਰੱਦ ਕਰਨ ਵਿਰੁੱਧ ਹਾਈਕੋਰਟ ਤੋਂ ਸਟੇਅ ਲੈ ਲਈ। ਮਜੀਠੀਆ 'ਤੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਦੇ ਦੋਸ਼ ਲਗਾਉਂਦਿਆਂ ਗਰਗ ਨੇ ਕਿਹਾ ਕਿ 'ਆਪ' ਜਲਦ ਹੀ ਨਵੀਂ ਮਾਈਨਿੰਗ ਨੀਤੀ ਪੇਸ਼ ਕਰੇਗੀ। ਮਾਈਨਿੰਗ ਮਾਫੀਆ ਨਾਲ ਅਕਾਲੀ-ਕਾਂਗਰਸ ਪਾਰਟੀਆਂ ਦੇ ਗਠਜੋੜ 'ਤੇ ਸਵਾਲ ਕਰਦਿਆਂ ਗਰਗ ਨੇ ਕਿਹਾ ਕਿ ਇਹ ਜਵਾਬ ਦੇਣ ਕੇ ਇਨ੍ਹਾਂ ਨੇ ਕਿਉਂ ਮਾਫੀਆ ਦੇ ਪੈਰ ਪੰਜਾਬ 'ਚ ਜੰਮਣ ਦਿੱਤੇ। ਉਨ੍ਹਾਂ ਅੱਗੇ ਕਿਹਾ ਕਿ ਰਾਕੇਸ਼ ਚੌਧਰੀ ਦੇ ਠੇਕੇ ਨੂੰ ਜਾਰੀ ਰੱਖਣ ਦਾ ਹੁਕਮ ਮਾਣਯੋਗ ਅਦਾਲਤ ਦਾ ਸੀ ਅਤੇ ਨਾਲ ਹੀ ਅਦਾਲਤ ਨੇ ਅਕਤੂਬਰ 2022 ਨੂੰ ਉਨ੍ਹਾਂ ਨੂੰ 6 ਕਰੋੜ ਰੁਪਏ ਵਿਭਾਗ ਕੋਲ ਜਮ੍ਹਾਂ ਕਰਵਾਉਣ ਦਾ ਹੁਕਮ ਵੀ ਦਿੱਤਾ। ਜਿਸਨੂੰ ਪਿਛਲੀ ਸਰਕਾਰ ਨੇ ਮੁਆਫ ਕਰ ਦਿੱਤਾ ਸੀ। ਮਾਈਨਿੰਗ ਮਾਫੀਆ ਦੇ ਖਾਤਮੇ ਲਈ ਆਪਣੀ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਉਂਦਿਆਂ ਗਰਗ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਹੇਠ 'ਆਪ' ਪੰਜਾਬ ਦੇ ਲੋਕਾਂ ਦੀ ਲੁੱਟ ਬਰਦਾਸਤ ਨਹੀਂ ਕਰੇਗੀ ਅਤੇ ਸੂਬੇ 'ਚ ਰੇਤਾ-ਬੱਜਰੀ ਸਸਤੇ ਰੇਟਾਂ 'ਤੇ ਮੁਹੱਈਆ ਕਰਵਾਏਗੀ।



## ਇੰਡੀਅਨ ਆਇਲ ਪੰਜਾਬ ਸਟੇਟ ਮਾਸਟਰਸ ਬੈਡਮਿੰਟਨ ਚੈਂਪੀਅਨਸ਼ਿਪ ਸ਼ੁਰੂ

**ਜਲੰਧਰ (ਸੁਰਿੰਦਰ ਕੁਮਾਰ, ਸ਼ੈਲੀ ਐਲਬਰਟ)**

ਡਿਸਟ੍ਰਿਕਟ ਬੈਡਮਿੰਟਨ ਐਸੋਸੀਏਸ਼ਨ (ਡੀ ਬੀ ਏ) ਵੱਲੋਂ ਰਾਇਜਾਦਾ ਹੰਸਰਾਜ ਬੈਟਮਿੰਟਨ ਸਟੇਡੀਅਮ 'ਚ ਕਰਵਾਈ ਜਾ ਰਹੀ ਇੰਡੀਅਨ ਆਇਲ ਪੰਜਾਬ ਸਟੇਟ ਮਾਸਟਰਸ ਬੈਡਮਿੰਟਨ ਚੈਂਪੀਅਨਸ਼ਿਪ 2023 ਸ਼ੁੱਕਰਵਾਰ ਤੋਂ ਸ਼ੁਰੂ ਹੋ ਗਈ। ਚੈਂਪੀਅਨਸ਼ਿਪ ਦੀ ਸ਼ੁਰੂਆਤ ਸਾਬਕਾ ਅੰਤਰਰਾਸ਼ਟਰੀ ਵੈਟਰਨ ਖਿਡਾਰੀ ਸਤੀਸ਼ ਕੋਹਲੀ ਨੇ ਕੀਤੀ। ਚੈਂਪੀਅਨਸ਼ਿਪ ਦੇ ਪਹਿਲੇ ਦਿਨ ਕੁੱਲ 65 ਮੈਚ ਖੇਡੇ ਗਏ। ਇਹ ਮੈਚ 35+ ਤੋਂ ਲੈ ਕੇ 65+ ਦੀ ਉਮਰ ਦੇ ਖਿਡਾਰੀਆਂ ਦਰਮਿਆਨ ਖੇਡੇ ਗਏ। ਇਸ ਉਮਰ 'ਚ ਵੀ ਖਿਡਾਰੀਆਂ 'ਚ ਖੇਡ ਪ੍ਰਤੀ ਜੋਸ਼ ਨੇ ਸਾਰਿਆਂ ਨੂੰ ਰੋਮਾਂਚਿਤ ਕਰ ਦਿੱਤਾ। ਸਤੀਸ਼ ਕੋਹਲੀ ਨੇ ਡੀ ਬੀ ਏ ਦੀ ਪੂਰੀ ਟੀਮ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਮਰ ਦੇ ਇਸ ਪੜਾਅ 'ਚ ਖੁਦ ਨੂੰ ਫਿੱਟ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ ਅਤੇ ਅਜਿਹੇ ਆਯੋਜਨ ਖਿਡਾਰੀਆਂ ਨੂੰ ਫਿੱਟ ਰੱਖਣ ਦਾ ਅਵਸਰ ਪ੍ਰਦਾਨ ਕਰਦੇ ਹਨ। ਉਨ੍ਹਾਂ ਕਿਹਾ ਕਿ ਇਹ ਆਯੋਜਨ ਇਸ ਗੱਲ ਦਾ ਪ੍ਰਤੀਕ ਹੈ ਕਿ ਡੀ ਬੀ ਏ ਹਰ ਉਮਰ ਦੇ ਖਿਡਾਰੀ ਦੀ ਫਿਟਨੈੱਸ ਅਤੇ ਉਸ ਦੇ ਖੇਡ ਪ੍ਰਤੀ ਉਤਸ਼ਾਹ ਨੂੰ ਬਰਕਰਾਰ ਰੱਖਣ ਪ੍ਰਤੀ ਸੰਜੀਦਾ ਹੈ। ਇਸ ਮੌਕੇ ਡੀ ਬੀ ਏ ਦੇ ਸਕੱਤਰ ਅਤੇ ਸਾਬਕਾ ਨੈਸ਼ਨਲ ਖਿਡਾਰੀ ਰਿਤਿਨ ਖੰਨਾ, ਵਿਨੀਤ ਜੁਨੇਜਾ, ਪੰਜਾਬ ਮਸੀਹ, ਰਾਮ ਲਖਨ, ਧੀਰਜ ਸ਼ਰਮਾ, ਸੁਧਾਕਰ ਸ਼ਰਮਾ ਅਤੇ ਹੋਰ ਹਾਜ਼ਰ ਸਨ। ਟੂਰਨਾਮੈਂਟ ਦੇ ਚੀਫ ਰੈਫਰੀ ਦੀ ਭੂਮਿਕਾ ਵਰੁਣ ਕੁਮਾਰ ਅਤੇ ਡਿਪਟੀ ਚੀਫ ਰੈਫਰੀ ਦੀ ਭੂਮਿਕਾ ਸ਼ਹਜਾਨ ਖਾਨ ਨਿਭਾ ਰਹੇ ਹਨ। ਸ਼ਨੀਵਾਰ ਨੂੰ ਚੈਂਪੀਅਨਸ਼ਿਪ ਦੇ ਕੁਆਰਟਰ ਫਾਈਨਲ ਅਤੇ ਸੈਮੀ ਫਾਈਨਲ ਮੁਕਾਬਲੇ ਖੇਡੇ ਜਾਣਗੇ। ਟੂਰਨਾਮੈਂਟ 'ਚ ਖਿਡਾਰੀਆਂ ਦੇ ਖਾਣ-ਪੀਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਜੇਤੂਆਂ ਨੂੰ 19 ਫਰਵਰੀ ਨੂੰ ਪੁਰਸਕਾਰ ਵੰਡੇ ਜਾਣਗੇ ਅਤੇ ਜੇਤੂ ਖਿਡਾਰੀ ਗੋਆ 'ਚ 19 ਤੋਂ 28 ਮਾਰਚ ਨੂੰ ਹੋਣ ਵਾਲੀ ਇੰਡੀਅਨ ਮਾਸਟਰਸ ਨੈਸ਼ਨਲ ਬੈਡਮਿੰਟਨ ਚੈਂਪੀਅਨਸ਼ਿਪ 2022-23 'ਚ ਪੰਜਾਬ ਦੀ ਪ੍ਰਤੀਨਿਧਤਾ ਕਰਨਗੇ। ਚੈਂਪੀਅਨਸ਼ਿਪ 'ਚ ਕਰੀਬ 250 ਖਿਡਾਰੀ ਹਿੱਸਾ ਲੈ ਰਹੇ ਹਨ।



## ਨਸ਼ੀਲੇ ਪਦਾਰਥ ਸਮੇਤ ਇੱਕ ਗ੍ਰਿਫਤਾਰ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਟਾਂਡਾ ਪੁਲਸ ਨੇ ਇਕ ਵਿਅਕਤੀ ਨੂੰ ਨਸ਼ੀਲੇ ਪਦਾਰਥ ਸਮੇਤ ਕਾਬੂ ਕੀਤਾ ਹੈ ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਟਾਂਡਾ ਐਸ ਆਈ ਮਲਕੀਅਤ ਸਿੰਘ ਨੇ ਦੱਸਿਆ ਕਿ ਜਿਲ੍ਹਾ ਪੁਲਸ ਮੁਖੀ ਸਰਤਾਜ ਸਿੰਘ ਚਾਹਲ ਦੇ ਦਿਸ਼ਾ-ਨਿਰਦੇਸ਼ਾਂ 'ਤੇ ਜਿਲ੍ਹੇ ਅੰਦਰ ਨਸ਼ਾ ਵੇਚਣ ਵਾਲੇ ਮਾੜੇ ਅਨਸਰਾਂ ਉੱਪਰ ਕਾਬੂ ਪਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਹੋਈ ਹੈ ਇਸੇ ਦੌਰਾਨ ਡੀ ਐੱਸ ਪੀ ਟਾਂਡਾ ਕੁਲਵੰਤ ਸਿੰਘ ਦੀ ਅਗਵਾਈ ਹੇਠ ਏ ਐਸ ਆਈ ਮਨਿੰਦਰ ਕੌਰ , ਥਾਣਾ ਟਾਂਡਾ ਵੱਲੋਂ ਪਰਮਜੀਤ ਸਿੰਘ ਉਰਫ਼ ਭੂਰੀ ਵਾਸੀ ਮੇਨ ਬਾਜ਼ਾਰ ਉੜਮੁੜ ਟਾਂਡਾ, ਥਾਣਾ ਟਾਂਡਾ ਨੂੰ ਕਾਬੂ ਕਰਕੇ ਉਸ ਕੋਲੋਂ 520 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਕੀਤਾ ਹੈ। ਟਾਂਡਾ ਪੁਲਸ ਨੇ ਨਸ਼ਾ ਤਸਕਰ ਖਿਲਾਫ ਐਨ ਡੀ ਪੀ ਐਸ ਐਕਟ ਅਧੀਨ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਕਿਸਾਨ-ਮਜ਼ਦੂਰ ਆਗੂਆਂ 'ਤੇ ਨਾਜ਼ਾਇਜ਼ ਪਰਚੇ ਕਰਨ ਦਾ ਦੌਰ ਲੰਬੇ ਸਮੇਂ ਤੋਂ ਜਾਰੀ : ਥੰਮੂਵਾਲ

**ਸ਼ਾਹਕੋਟ (ਗਿਆਨ ਸੈਦਪੁਰੀ)**- ਮਜ਼ਦੂਰ ਆਗੂ ਕਸ਼ਮੀਰ ਸਿੰਘ ਘੁੱਗਸ਼ੋਰ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜਣ ਦੀ ਵੱਖ-ਵੱਖ ਜਥੇਬੰਦੀਆਂ ਵੱਲੋਂ ਨਿਖੇਧੀ ਕੀਤੀ ਜਾ ਰਹੀ। ਇਸੇ ਸਿਲਸਲੇ ਵਿੱਚ ਸੀ ਪੀ ਆਈ ਤਹਿਸੀਲ ਸ਼ਾਹਕੋਟ ਨਕੋਦਰ ਦੇ ਸਕੱਤਰ ਕਾਮਰੇਡ ਚਰਨਜੀਤ ਥੰਮੂਵਾਲ ਨੇ ਗ੍ਰਿਫਤਾਰੀ ਵਿਰੁੱਧ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਪੂਰੇ ਪੰਜਾਬ 'ਚ ਕਿਸਾਨ ਅਤੇ ਮਜ਼ਦੂਰ ਆਗੂਆਂ 'ਤੇ ਨਾਜਾਇਜ਼ ਪਰਚੇ ਕਰਨ ਦਾ ਦੌਰ ਲੰਬੇ ਸਮੇਂ ਤੋਂ ਜਾਰੀ, ਉਨ੍ਹਾਂ ਕਿਹਾ ਕਿ ਘੁੱਗਸ਼ੋਰ ਨੂੰ ਜੇਲ੍ਹ ਭੇਜਣ ਵਿਰੁੱਧ ਲਾਮਬੰਦੀ ਕੀਤੀ ਜਾਵੇਗੀ। ਪੰਜਾਬ ਖੇਤ ਮਜ਼ਦੂਰ ਸਭਾ ਜ਼ਿਲ੍ਹਾ ਜਲੰਧਰ ਦੇ ਕਨਵੀਨਰ ਕਾਮਰੇਡ ਸਿਕੰਦਰ ਸਿੰਘ ਸੰਧੂ ਅਤੇ ਭੱਠਾ ਮਜ਼ਦੂਰਾਂ ਦੇ ਆਗੂ ਕਾਮਰੇਡ ਸੁਨੀਲ ਰਾਜੇਵਾਲ ਨੇ ਵੀ ਕਾਮਰੇਡ ਘੁੱਗਸ਼ੋਰ ਦੀ ਗ੍ਰਿਫਤਾਰੀ ਦੀ ਨਿਖੇਧੀ ਕੀਤੀ।



## ਸੀ ਟੀ ਇੰਸਟੀਚਿਊਟ 'ਚ ਭਾਰਤੀ ਮਠਿਆਈਆਂ 'ਤੇ ਵਰਕਸ਼ਾਪ



**ਜਲੰਧਰ (ਸ਼ੈਲੀ ਐਲਬਰਟ)**

ਸੀਟੀ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਵੱਲੋਂ ਭਾਰਤੀ ਮਠਿਆਈਆਂ ਤੇ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦੌਰਾਨ ਕੁੱਲ 10 ਪਕਵਾਨ ਜਿਵੇਂ ਮੋਦਕ, ਗੁਜੀਆ, ਕਾਲਾਕੰਦ, ਰਸਗੁੱਲਾ, ਗੁਲਾਬ ਜਾਮੁਨ, ਜਲੇਬੀ, ਬੇਸਨ ਬਰਫੀ, ਕਾਲਾ ਜਾਮੁਨ ਸਿਖਾਇਆ ਗਿਆ ਅਤੇ ਤਿਆਰ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਕੁੱਲ 30 ਵਿਦਿਆਰਥੀਆਂ ਨੇ ਭਾਗ ਲਿਆ। ਵਰਕਸ਼ਾਪ ਦੀ ਸ਼ੁਰੂਆਤ ਦੀਪ ਜਗ੍ਹਾ ਕੇ ਕੀਤੀ ਗਈ ਅਤੇ ਇਸ ਦਾ ਉਦਘਾਟਨ ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਡਾ: ਗੁਰਪ੍ਰੀਤ ਸਿੰਘ ਸਿੱਧੂ, ਡਾਇਰੈਕਟਰ ਸਾਊਥ ਕੈਂਪਸ ਸ਼ਾਪੁਰ, ਦਿਵਯ ਛਾਬੜਾ, ਪ੍ਰਿੰਸੀਪਲ, ਸੀਟੀ ਇੰਸਟੀਚਿਊਟ ਆਫ਼ ਹੋਸਪਿਟੈਲਿਟੀ ਮੈਨੇਜਮੈਂਟ ਨਿਤਨ ਅਰੋੜਾ, ਡਿਪਟੀ ਡਾਇਰੈਕਟਰ ਸਟੂਡੈਂਟ ਵੈਲਫ਼ੇਅਰ ਅਤੇ ਨੇ ਕੀਤਾ। ਵਿਦਿਆਰਥੀ ਇਸ ਮਿਠਾਈ ਭਾਰਤੀ ਮਠਿਆਈ ਨੂੰ ਬਣਾਉਣ ਵਿੱਚ ਵਰਤੀਆਂ ਜਾਂਦੀਆਂ ਤਕਨੀਕਾਂ ਨੂੰ ਜਾਣ ਕੇ ਬਹੁਤ ਖੁਸ਼ ਹੋਏ ਅਤੇ ਉਨ੍ਹਾਂ ਨੇ ਭਵਿੱਖ ਵਿੱਚ ਅਜਿਹੀਆਂ ਹੋਰ ਵਰਕਸ਼ਾਪਾਂ ਆਯੋਜਿਤ ਕਰਨ ਦੀ ਮੰਗ ਕੀਤੀ। ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਨੇ ਸਟਾਫ਼ ਅਤੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਅਜਿਹੀ ਸ਼ਾਨਦਾਰ ਵਰਕਸ਼ਾਪ ਲਈ ਧੰਨਵਾਦ ਕੀਤਾ।

## ਸਕਿਊਰਿਟੀ ਗਾਰਡਾਂ ਦੀ ਸਿੱਧੀ ਭਰਤੀ ਲਈ ਪਲੇਸਮੈਂਟ ਕੈਂਪ 20 ਤੋਂ

**ਹੁਸ਼ਿਆਰਪੁਰ, (ਓ ਪੀ ਰਾਣਾ)**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਹੁਸ਼ਿਆਰਪੁਰ ਵੱਲੋਂ ਐਸ.ਆਈ.ਐਸ. ਸਕਿਊਰਿਟੀ ਵਿੱਚ ਭਰਤੀ ਲਈ ਮਿਤੀ 20 ਫਰਵਰੀ ਤੋਂ 3 ਮਾਰਚ 2023 ਤੱਕ ਹੁਸ਼ਿਆਰਪੁਰ ਜਿਲ੍ਹੇ ਦੇ ਬਲਾਕ ਪੱਧਰ 'ਤੇ ਪਲੇਸਮੈਂਟ ਕੈਂਪ ਲਗਾਏ ਜਾ ਰਹੇ ਹਨ। ਇਹ ਪਲੇਸਮੈਂਟ ਕੈਂਪ 20 ਫਰਵਰੀ ਨੂੰ ਬੀ.ਡੀ.ਪੀ.ਓ. ਦਫਤਰ ਮੁਕੇਰੀਆਂ, 21 ਫਰਵਰੀ ਨੂੰ ਬੀ.ਡੀ.ਪੀ.ਓ. ਦਫਤਰ ਦਸੂਹਾ, 22 ਫਰਵਰੀ ਨੂੰ ਬੀ.ਡੀ.ਪੀ.ਓ. ਦਫਤਰ ਟਾਂਡਾ, 23 ਫਰਵਰੀ ਨੂੰ ਬੀ.ਡੀ.ਪੀ.ਓ. ਦਫਤਰ ਭੂੰਗਾ, 24 ਫਰਵਰੀ ਨੂੰ ਬੀ.ਡੀ.ਪੀ.ਓ. ਦਫਤਰ ਬਲਾਕ 2 ਹੁਸ਼ਿਆਰਪੁਰ ਅਤੇ 27 ਫਰਵਰੀ ਨੂੰ ਬੀ.ਡੀ.ਪੀ.ਓ. ਦਫਤਰ ਬਲਾਕ 1 ਹੁਸ਼ਿਆਰਪੁਰ, 28 ਫਰਵਰੀ ਨੂੰ ਬੀ.ਡੀ.ਪੀ.ਓ. ਦਫਤਰ ਮਹਿਲਪੁਰ, 1 ਮਾਰਚ ਨੂੰ ਬੀ.ਡੀ.ਪੀ.ਓ. ਦਫਤਰ ਗੜ੍ਹਸ਼ੰਕਰ, 2 ਮਾਰਚ ਨੂੰ ਬੀ.ਡੀ.ਪੀ.ਓ. ਦਫਤਰ ਹਾਜੀਪੁਰ ਅਤੇ 3 ਮਾਰਚ ਨੂੰ ਬੀ.ਡੀ.ਪੀ.ਓ. ਦਫਤਰ ਤਲਵਾੜਾ ਵਿਖੇ ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਲਗਾਏ ਜਾਣਗੇ। ਜ਼ਿਲ੍ਹਾ ਰੋਜ਼ਗਾਰ ਅਫਸਰ ਗੁਰਮੇਲ ਸਿੰਘ ਵੱਲੋਂ ਦੱਸਿਆ ਗਿਆ ਕਿ ਇਨ੍ਹਾਂ ਪਲੇਸਮੈਂਟਾਂ ਦੀ ਲੜੀ ਵਿੱਚੋਂ 20 ਫਰਵਰੀ ਨੂੰ ਬੀ.ਡੀ.ਪੀ.ਓ. ਦਫਤਰ ਮੁਕੇਰੀਆਂ ਵਿਖੇ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਪਲੇਸਮੈਂਟ ਕੈਂਪ ਵਿੱਚ ਐਸ.ਆਈ.ਐਸ. ਸਕਿਊਰਿਟੀ ਵਲੋਂ ਕੇਵਲ ਲੜਕਿਆਂ ਦੀ ਸਕਿਊਰਿਟੀ ਗਾਰਡ ਦੀਆਂ ਅਸਾਮੀਆਂ ਲਈ ਭਰਤੀ ਕੀਤੀ ਜਾਵੇਗੀ। ਇਸ ਭਰਤੀ ਲਈ ਪੜ੍ਹਾਈ ਘੱਟੋ ਘੱਟ ਦਸਵੀਂ ਪਾਸ, ਉਮਰ 21 ਤੋਂ 37 ਸਾਲ , ਕੱਦ 5' 6" ਹੋਣਾ ਲਾਜ਼ਮੀ ਹੈ। ਕੰਪਨੀ ਵਲੋਂ ਤਨਖਾਹ ਤੋਂ ਇਲਾਵਾ ਕਈ ਹੋਰ ਵਾਧੂ ਸਹੂਲਤਾਂ ਜਿਵੇਂ ਕਿ ਪੀ.ਐਫ. ਅਤੇ ਈ.ਐਸ.ਆਈ.ਸੀ. ਆਦਿ ਮੁਹੱਈਆ ਕਰਵਾਈਆਂ ਜਾਣਗੀਆਂ। ਚਾਹਵਾਨ ਪ੍ਰਾਰਥੀ ਆਪਣਾ ਆਧਾਰ ਕਾਰਡ, ਯੋਗਤਾ ਦੇ ਸਰਟੀਫੀਕੇਟਾਂ ਦੀ ਫੋਟੋ ਕਾਪੀ ਅਤੇ 2 ਪਾਸਪੋਰਟ ਸਾਈਜ਼ ਫੋਟੋਆਂ ਸਮੇਤ ਇਸ ਪਲੇਸਮੈਂਟ ਕੈਂਪ ਵਿੱਚ ਸ਼ਾਮਲ ਹੋ ਸਕਦੇ ਹਨ।

## ਲਾਇਲਪੁਰ ਖ਼ਾਲਸਾ ਕਾਲਜ ਵਿਖੇ ਪਹੁੰਚਣ 'ਤੇ ਨਰਿੰਦਰ ਸਿੰਘ ਭੱਟੀ ਦਾ ਸਨਮਾਨ

**ਜਲੰਧਰ (ਸ਼ੈਲੀ ਐਲਬਰਟ)**

ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਆਪਣੇ ਪੁਰਾਣੇ ਵਿਦਿਆਰਥੀਆਂ ਨੂੰ ਹਮੇਸ਼ਾਂ ਪਿਆਰ ਤੇ ਸਤਿਕਾਰ ਦਿੰਦਾ ਹੈ। । ਇਥੋਂ ਦੇ ਵਿਦਿਆਰਥੀ ਉੱਚ ਪ੍ਰਸ਼ਾਸਨਿਕ ਖੇਤਰ ਵਿਚ ਆਪਣੀਆਂ ਸੇਵਾਵਾਂ ਦੇ ਰਹੇ ਹਨ। ਉੱਚ ਅਹੁਦੇ ਤੇ ਪਹੁੰਚੇ ਕਾਲਜ ਦੇ ਪੁਰਾਣੇ ਵਿਦਿਆਰਥੀ, ਕਾਲਜ ਦਾ ਮਾਣ ਨਰਿੰਦਰ ਸਿੰਘ ਭੱਟੀ, ਅਧੀਨ ਸਕੱਤਰ, ਪੰਜਾਬ ਵਿਧਾਨ ਸਭਾ ਕਾਲਜ ਵਿਖੇ ਪਧਾਰੇ। ਸਰਦਾਰਨੀ ਬਲਬੀਰ ਕੌਰ, ਪ੍ਰਧਾਨ ਗਵਰਨਿੰਗ ਕੌਂਸਲ ਅਤੇ ਪ੍ਰੋ. ਜਸਰੀਨ ਕੌਰ ਪ੍ਰਿੰਸੀਪਲ ਨੇ ਉਨ੍ਹਾਂ ਨੂੰ ਗੁਲਦਸਤਾ ਦੇ ਕੇ ਜੀ ਆਇਆਂ ਕਿਹਾ। ਨਰਿੰਦਰ ਸਿੰਘ ਭੱਟੀ ਨੇ ਉਨ੍ਹਾਂ ਦੇ ਨਿੱਘੇ ਸੁਆਗਤ ਲਈ ਕਾਲਜ ਦਾ ਧੰਨਵਾਦ ਕੀਤਾ। ਪ੍ਰੋ. ਜਸਰੀਨ ਕੌਰ ਨੇ ਇਸ ਮੌਕੇ ਦੱਸਿਆ ਕਿ ਭੱਟੀ ਕਾਲਜ ਦੇ 1988 ਬੈਚ ਦੇ ਵਿਦਿਆਰਥੀ ਰਹੇ ਹਨ।ਉਨ੍ਹਾਂ ਦੇ ਰਾਸ਼ਟਰੀ ਪੱਧਰ ਦੇ ਉੱਚ ਅਹੁਦੇ 'ਤੇ ਬਿਰਾਜਮਾਨ ਹੋਣ ਦਾ ਕਾਲਜ ਪ੍ਰਸ਼ਾਸਨ ਤੇ ਵਿਦਿਆਰਥੀਆਂ ਨੂੰ ਬਹੁਤ ਮਾਣ ਹੈ। ਉਨ੍ਹਾਂ ਕਿਹਾ ਕਿ ਸਾਨੂੰ ਫ਼ਖਰ ਹੈ ਕਿ ਸਾਡੇ ਕਾਲਜ ਦੇ ਪੁਰਾਣੇ ਵਿਦਿਆਰਥੀ ਰਾਸ਼ਟਰ ਨਿਰਮਾਣ ਅਤੇ ਦੇਸ਼ ਦੀਆਂ ਉੱਚ ਪ੍ਰਸ਼ਾਸਨਿਕ ਸੇਵਾਵਾਂ ਵਿਚ ਆਪਣਾ ਯੋਗਦਾਨ ਦੇ ਰਹੇ ਹਨ। ਇਸ ਮੌਕੇ ਜਸਵਿੰਦਰ ਸਿੰਘ ਭੱਟੀ ਕਾਲਜ ਦੇ 1992 ਬੈਚ ਦੇ ਵਿਦਿਆਰਥੀ, ਲਖਵਿੰਦਰ ਸਿੰਘ ਜ਼ਿਲ੍ਹਾ ਭਲਾਈ ਅਫਸਰ ਜਲੰਧਰ ਤੋਂ ਇਲਾਵਾ ਪ੍ਰੋ. ਮਨਪ੍ਰੀਤ ਕੌਰ, ਕਾਲਜ ਰਜਿਸਟਰਾਰ, ਪ੍ਰੋ. ਨਵਦੀਪ ਕੌਰ ਮੁਖੀ ਇਕਨਾਮਿਕਸ ਵਿਭਾਗ ਅਤੇ ਹੋਰ ਸਟਾਫ ਮੈਂਬਰ ਵੀ ਹਾਜ਼ਰ ਸਨ।



## ਸਰਥਲੀ ਮੰਦਰ 'ਚ ਲੋੜਵੰਦ ਪਰਵਾਰਾਂ ਦੀਆਂ ਲੜਕੀਆਂ ਦੇ ਵਿਆਹ ਕਰਵਾਏ

**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**

ਹਿੰਦੂ ਧਰਮ 'ਚ ਵਿਆਹ ਨੂੰ 16 ਸੰਸਕਾਰਾਂ 'ਚੋਂ ਇਕ ਮੰਨਿਆ ਗਿਆ ਹੈ। ਇਹ ਉਹ ਰਿਸ਼ਤਾ ਹੈ ਜਿਸ ਨਾਲ ਇਸਤਰੀ ਤੇ ਪੁਰਸ਼ ਅਗਨੀ ਦੇ 7 ਫੇਰੇ ਲੈ ਕੇ ਅਤੇ ਧਰੂੰਵ ਤਾਰਾ ਨੂੰ ਸਾਕਸ਼ੀ ਮੰਨ ਕੇ ਜਨਮ-ਜਨਮਾਂਤਰਾ ਤੱਕ ਇਕ ਪਵਿੱਤਰ ਬੰਧਨ 'ਚ ਬੱਝ ਜਾਂਦੇ ਹਨ। ਉਕਤ ਵਿਚਾਰ ਮੰਦਰ ਪ੍ਰਬੰਧਕ ਮਹੰਤ ਧੀਰਜ ਗਿਰੀ ਨੇ ਸ਼ਿਵ ਮੰਦਰ ਸਰਥਲੀ ਵਿਖੇ ਸਮੂਹ ਪਿੰਡ ਵਾਸੀਆਂ ਤੇ ਸੰਗਤ ਦੇ ਸਹਿਯੋਗ ਨਾਲ 2 ਜ਼ਰੂਰਤਮੰਦ ਜੋੜਿਆਂ ਦੇ ਵਿਆਹ ਕਰਵਾਉਣ ਮੌਕੇ ਸਮਾਗਮ ਦੌਰਾਨ ਪ੍ਰਗਟਾਏ। ਉਨ੍ਹਾ ਸੰਗਤ ਨੂੰ ਉਪਦੇਸ਼ ਦਿੰਦਿਆਂ ਕਿਹਾ ਕਿ ਮਨੁੱਖ ਨੂੰ ਅਪਣੇ ਜੀਵਨ 'ਚ ਕੰਨਿਆ ਦਾਨ ਜ਼ਰੂਰ ਕਰਨਾ ਚਾਹੀਦਾ ਹੈ ਕਿਉਕਿ ਸ਼ਾਸ਼ਤਰਾਂ ਅਨੁਸਾਰ ਇਹ ਮਹਾਦਾਨ ਹੈ। ਇਸਤੋਂ ਪਹਿਲਾਂ ਵਿਆਹ ਸਮਾਰੋਹ ਲਈ ਮੰਦਰ ਦੇ ਬਾਹਰ ਖੁੱਲੇ ਮੈਦਾਨ 'ਚ ਪੰਡਾਲ ਸਜਾਇਆ ਹੋਇਆ ਸੀ ਤੇ ਸਵੇਰ ਤੋਂ ਹੀ ਉਡੀਕ 'ਚ ਖੜੀਆਂ ਸੰਗਤਾਂ ਤੇ ਗ੍ਰਾਮ ਪੰਚਾਇਤ ਨੇ ਵੱਖ-ਵੱਖ ਸਥਾਨਾਂ ਤੋਂ ਪਹੁੰਚੀਆਂ ਬਾਰਾਤਾਂ ਦਾ ਸਵਾਗਤ ਕੀਤਾ। ਇਸ ਮੌਕੇ ਮਹੰਤ ਧੀਰਜ ਗਿਰੀ ਤੇ ਪੰਚਾਇਤ ਨੇ ਮਿਲਣੀਆਂ ਦੀ ਰਸਮ ਕਰਵਾਈ। ਜਿਸ ਤੋਂ ਉਪਰੰਤ ਹਿੰਦੂ ਰਸਮਾਂ ਅਨੁਸਾਰ ਜੋੜਿਆਂ ਦਾ ਵਿਆਹ ਕਾਰਜ ਸੰਪੰਨ ਕਰਵਾਇਆ ਗਿਆ। ਇਸ ਮੌਕੇ ਬਾਰਾਤਾਂ ਦੇ ਖਾਣ-ਪੀਣ ਲਈ ਮੰਦਰ ਵੱਲੋਂ ਸਮੁੱਚੇ ਪ੍ਰਬੰਧਕ ਕੀਤੇ ਗਏ। ਨਵ-ਵਿਆਹੇ ਜੋੜਿਆਂ ਨੂੰ ਮੰਦਰ ਦੀ ਤਰਫ਼ੋਂ ਸੰਗਤ ਤੇ ਹੋਰਨਾਂ ਸਖਸ਼ੀਅਤਾਂ ਦੇ ਸਹਿਯੋਗ ਨਾਲ ਦਾਨ ਵਜੋਂ ਗਹਿਣੇ ਤੇ ਘਰੇਲੂ ਉਪਯੋਗ ਵਾਲਾ ਸਮੁੱਚਾ ਸਮਾਨ ਦਹੇਜ ਵਜੋਂ ਪ੍ਰਦਾਨ ਕੀਤਾ ਗਿਆ। ਦੇਰ ਸ਼ਾਮ ਮਹੰਤ ਧੀਰਜ ਗਿਰੀ ਤੇ ਹੋਰਨਾਂ ਸਖਸ਼ੀਅਤਾਂ ਨੇ ਨਵ-ਵਿਆਹੇ ਜੋੜਿਆਂ ਲਈ ਸੁਖਦ ਵਿਵਾਹਿਕ ਜੀਵਨ ਦੀ ਕਾਮਨਾ ਕਰਦਿਆਂ ਅਸ਼ੀਰਵਾਦ ਦੇ ਕੇ ਡੋਲੀਆਂ ਨੂੰ ਖੁਸ਼ੀ-ਖੁਸ਼ੀ ਵਿਦਾ ਕੀਤਾ। ਇਸ ਮੌਕੇ ਇੰਸ. ਸੰਤ ਕੁਮਾਰ, ਵਿਜੇ ਕੁਮਾਰ, ਸੇਵਾਦਾਸ, ਬਲਜਿੰਦਰ ਬਿੰਦੂ, ਗੁਰਨਾਮ ਦਾਸ, ਸੁਭਾਸ਼ ਸੋਨੀ, ਪੰਚ ਸੋਨੂੰ, ਪੰਚ ਗੋਲਡੀ, ਨੰਬਰਦਾਰ ਰਾਮ ਦਿਆਲ, ਪਿਆਰੇ ਲਾਲ, ਵੇਦ ਪ੍ਰਕਾਸ਼ ਤੇ ਰਾਮ ਪ੍ਰਤਾਪ ਤਾਰੀ ਸਹਿਤ ਭਾਰੀ ਸੰਖਿਆ 'ਚ ਸੰਗਤਾਂ ਹਾਜ਼ਰ ਸਨ।



## ਤੱਖਰ ਪਰਵਾਰ ਨੇ ਦਸ ਨਵ-ਜੰਮੀਆਂ ਬੱਚੀਆਂ ਨੂੰ ਭੇਟ ਕੀਤੀ ਸਨਮਾਨ ਰਾਸ਼ੀ



**ਫਗਵਾੜਾ (ਕਮਲ ਰਾਏ)**

ਫਗਵਾੜਾ ਦੇ ਨੇੜਲੇ ਪਿੰਡ ਰਾਵਲਪਿੰਡੀ ਵਿਖੇ ਸੁਖਵਿੰਦਰ ਸਿੰਘ ਤੱਖਰ ਅਤੇ ਜਤਿੰਦਰ ਸਿੰਘ ਤੱਖਰ ਕੈਨੇਡਾ ਦੇ ਪਰਵਾਰ ਦੀ ਤਰਫੋਂ 10 ਨਵਜੰਮੀਆਂ ਬੱਚੀਆਂ ਨੂੰ ਇਕੱਤੀ-ਇਕੱਤੀ ਸੌ ਰੁਪਏ ਦੀ ਰਾਸ਼ੀ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਪੁੱਜੇ ਹਲਕਾ ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਇਸ ਉਪਰਾਲੇ ਨੂੰ ਸ਼ਲਾਘਾਯੋਗ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਧੀਆਂ ਤੋਂ ਬਿਨਾਂ ਦੁਨੀਆਂ ਅਧੂਰੀ ਹੈ, ਇਸ ਲਈ ਧੀਆਂ ਨੂੰ ਪੁੱਤਰਾਂ ਦੇ ਬਰਾਬਰ ਸਤਿਕਾਰ ਦੇਣਾ ਚਾਹੀਦਾ ਹੈ। ਖਹਿਰਾ ਨੇ ਕਿਹਾ ਕਿ ਜਦੋਂ ਤੋਂ ਸਮਾਜਿਕ ਸੰਸਥਾਵਾਂ ਅਤੇ ਜਾਗਰੂਕ ਲੋਕਾਂ ਨੇ ਧੀਆਂ ਦਾ ਸਤਿਕਾਰ ਕਰਨ ਅਤੇ ਖਾਸ ਕਰਕੇ ਉਨ੍ਹਾਂ ਦੀ ਲੋਹੜੀ ਲੜਕਿਆਂ ਵਾਂਗ ਮਨਾਉਣ ਦਾ ਰਿਵਾਜ਼ ਸਥਾਪਿਤ ਕੀਤਾ ਹੈ, ਉਦੋਂ ਤੋਂ ਹੀ ਸਮਾਜ ਵਿੱਚ ਕਾਫੀ ਜਾਗਰੂਕਤਾ ਆਈ ਹੈ ਅਤੇ ਭਰੂਣ ਹੱਤਿਆ ਵਰਗੀਆਂ ਸਮਾਜਿਕ ਬੁਰਾਈਆਂ ਨੂੰ ਕਾਫੀ ਹੱਦ ਤੱਕ ਠੱਲ੍ਹ ਪਈ ਹੈ। ਸੁਖਵਿੰਦਰ ਸਿੰਘ ਤੱਖਰ, ਜਤਿੰਦਰ ਸਿੰਘ ਤੱਖਰ ਅਤੇ ਸਤਨਾਮ ਕੌਰ ਤੱਖਰ ਨੇ ਦੱਸਿਆ ਕਿ ਕਿ ਨਵਜੰਮੀਆਂ ਬੱਚੀਆਂ ਦੀਆਂ ਮਾਵਾਂ ਨੂੰ ਸਨਮਾਨ ਰਾਸ਼ੀ ਸੌਂਪਦਿਆਂ ਉਹਨਾਂ ਨੂੰ ਬੇਹੱਦ ਖ਼ੁਸ਼ੀ ਮਹਿਸੂਸ ਹੋ ਰਹੀ ਹੈ। ਤੱਖਰ ਪਰਵਾਰ ਵੱਲੋਂ ਵਿਧਾਇਕ ਖਹਿਰਾ ਅਤੇ ਹੋਰਨਾਂ ਪਤਵੰਤਿਆਂ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਪੁਨਰਜੋਤ ਦੇ ਇੰਟਰਨੈਸ਼ਨਲ ਕੋਆਰਡੀਨੇਟਰ ਅਸ਼ੋਕ ਮਹਿਰਾ, ਜਸਵਿੰਦਰ ਸਿੰਘ ਬੈਂਸ, ਹਰਜੋਤ ਤੱਖਰ ਕੈਨੇਡਾ, ਹਰਜੀਤ ਬਾਜਵਾ, ਬਲਵਿੰਦਰ ਸਿੰਘ, ਸੁਸ਼ਮਾ ਰਾਣੀ, ਦਿਹਾਤੀ ਕਾਂਗਰਸ ਪ੍ਰਧਾਨ ਜਸਵੰਤ ਸਿੰਘ ਨੀਟਾ ਜਗਪਾਲਪੁਰ, ਬਲਵੀਰ ਕੰਗ, ਆਂਗਣਵਾੜੀ ਵਰਕਰ, ਸੰਤੋਸ਼ ਕੁਮਾਰੀ, ਸੋਨੀਆ, ਆਸ਼ਾ ਵਰਕਰ ਕੁਲਵੰਤ ਕੌਰ, ਗੁਰਿੰਦਰਬੀਰ ਸਿੰਘ ਕਾਹਲੋਂ, ਅਮਰਜੀਤ ਕੌਰ, ਲਖਬੀਰ ਸਿੰਘ ਸੈਣੀ, ਰਵਿੰਦਰਜੀਤ ਸਿੰਘ ਸੰਧੂ, ਰਾਜਵਿੰਦਰ ਸਿੰਘ, ਰਵੀਨਾ ਆਦਿ ਹਾਜ਼ਰ ਸਨ।

## ਬੇਲਾ ਕਾਲਜ ਨੇ ਜਿੱਤੇ ਰੋਇੰਗ ਮੁਕਾਬਲਿਆਂ 'ਚ ਸੋਨ ਤਮਗੇ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**

ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਦੀ ਰੋਇੰਗ ਟੀਮ ਨੇ ਅੰਤਰ ਕਾਲਜ ਰੋਇੰਗ ਮੁਕਾਬਲਿਆਂ ਵਿੱਚ ਸੁਖਨਾ ਝੀਲ ਚੰਡੀਗੜ੍ਹ ਵਿਖੇ ਭਾਗ ਲਿਆ ਅਤੇ ਵਖ-ਵੱਖ ਈਵੈਂਟਾਂ 'ਚ 3 ਗੋਲਡ ਮੈਡਲ ਤੇ 2 ਸਿਲਵਰ ਮੈਡਲ ਹਾਸਲ ਕੀਤੇ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਸਤਵੰਤ ਕੌਰ ਸ਼ਾਹੀ ਨੇ ਦੱਸਿਆ ਕਿ ਕਾਲਜ ਦੀ ਰੋਇੰਗ ਟੀਮ ਨੇ ਪਹਿਲੀ ਵਾਰ ਇਹਨਾਂ ਮੁਕਾਬਲਿਆਂ ਵਿੱਚ ਭਾਗ ਲਿਆ, ਜਿਸ ਵਿੱਚ ਕਾਲਜ ਦੇ ਕੁੱਲ ਪੰਜ ਖਿਡਾਰੀਆਂ ਨੇ ਹਿੱਸਾ ਲਿਆ। ਕਾਲਜ ਦੀ ਖਿਡਾਰਨ ਅਮਨਦੀਪ ਕੌਰ ਨੇ ਹੈਵੀ ਵੇਟ ਵੂਮੈਨ ਸਿੰਗਲ ਸਕੱਲ ਵਿੱਚ ਗੋਲਡ ਮੈਡਲ ਹਾਸਿਲ ਕੀਤਾ। ਜਸਕਰਨ ਧਾਲੀਵਾਲ ਅਤੇ ਸੰਗਮ ਸਹਾਰਨ ਨੇ ਹੈਵੀ ਵੇਟ ਡਬਲ ਸਕੱਲ ਵਿੱਚ ਗੋਲਡ ਮੈਡਲ, ਰਿਪਨਪ੍ਰੀਤ ਸਿੰਘ, ਜਸਕਰਨ ਧਾਲੀਵਾਲ, ਗੁਰਸੇਵਕ ਸਿੰਘ, ਸੰਗਮ ਸਹਾਰਨ ਨੇ ਲਾਈਟ ਵੇਟ ਵਿੱਚ ਗੋਲਡ ਮੈਡਲ ਹਾਸਿਲ ਕੀਤੇ। ਜਸਕਰਨ ਧਾਲੀਵਾਲ ਨੇ ਲਾਈਟ ਵੇਟ ਸਿੰਗਲ ਸਕੱਲ ਵਿੱਚ ਸਿਲਵਰ, ਗੁਰਸੇਵਕ ਸਿੰਘ ਅਤੇ ਰਿਪਨਪ੍ਰੀਤ ਸਿੰਘ ਨੇ ਪੇਅਰ ਵਿੱਚ ਸਿਲਵਰ ਮੈਡਲ ਹਾਸਿਲ ਕਰਕੇ ਕਾਲਜ ਦੇ ਨਾਮ ਵੱਡੀ ਜਿੱਤ ਦਰਜ ਕਰਵਾਈ। ਖਿਡਾਰੀਆਂ ਦੇ ਕਾਲਜ ਪਹੁੰਚਣ ਤੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ, ਮੈਨੇਜਰ ਸੁਖਵਿੰਦਰ ਸਿੰਘ ਵਿਸਕੀ, ਸਕੱਤਰ ਜਗਵਿੰਦਰ ਸਿੰਘ, ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਵਲੋਂ ਉਨ੍ਹਾ ਨੂੰ ਸਨਮਾਨਿਤ ਕੀਤਾ ਅਤੇ ਸਰੀਰਕ ਸਿੱਖਿਆ ਵਿਭਾਗ ਦੇ ਸਹਾਇਕ ਪ੍ਰੋ. ਲੈਫਟੀਨੈਂਟ ਪ੍ਰਿਤਪਾਲ ਸਿੰਘ, ਸਹਾਇਕ ਪ੍ਰੋ. ਅਮਰਜੀਤ ਸਿੰਘ ਨੂੰ ਇਸ ਪ੍ਰਾਪਤੀ ਤੇ ਮੁਬਾਰਕਬਾਦ ਦਿੱਤੀ। ਇਸ ਮੌਕੇ ਡਾ.ਮਮਤਾ ਅਰੋੜਾ, ਸਹਾਇਕ ਪ੍ਰੋ. ਸੁਨੀਤਾ ਰਾਣੀ ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।



## ਬੀਰਮਪੁਰ 'ਚ 15ਵਾਂ ਸਾਲਾਨਾ ਦੋ ਰੋਜ਼ਾ ਵਾਲੀਬਾਲ ਟੂਰਨਾਮੈਂਟ ਅੱਜ ਤੋਂ

**ਅੱਡਾ ਸਰਾਂ, (ਕਾਜਲ)**

ਦਸਮੇਸ਼ ਸਪੋਰਟਸ ਕਲੱਬ ਵੱਲੋਂ ਪਿੰਡ ਬੀਰਮਪੁਰ 'ਚ 15ਵਾਂ ਸਾਲਾਨਾ ਦੋ ਰੋਜ਼ਾ ਸੂਬਾ ਪੱਧਰੀ ਪਿੰਡ ਪੱਧਰ ਵਾਲੀਬਾਲ ਟੂਰਨਾਮੈਂਟ 18 ਅਤੇ 19 ਫਰਵਰੀ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਅਮਨਦੀਪ ਸਿੰਘ ਅਤੇ ਚਰਨਪ੍ਰੀਤ ਸਿੰਘ ਨੇ ਦੱਸਿਆ ਕਿ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ ਪਰਵਾਸੀ ਪੰਜਾਬੀਆਂ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਟੂਰਨਾਮੈਂਟ ਦੀ ਪ੍ਰਧਾਨਗੀ ਮੁੱਖ ਸਪਾਂਸਰ ਗੁਰਦਰਸ਼ਨ ਸਿੰਘ ਕਨੇਡਾ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਦਾ ਉਦਘਾਟਨ ਹਰਭਜਨ ਸਿੰਘ ਸਵਿਟਜਰਲੈਂਡ, ਸੁਰਜੀਤ ਸਿੰਘ ਸੇਵਾਮੁਕਤ ਜੀ ਐੱਮ ਕਰਨਗੇ। ਜਦਕਿ ਇਨਾਮਾਂ ਦੀ ਵੰਡ ਅਰਜੁਨ ਅਵਾਰਡੀ ਏਸ਼ੀਅਨ ਰਿਕਾਰਡ ਹੋਲਡਰ ਵੇਟਲਿਫਟਰ ਤਾਰਾ ਸਿੰਘ ਅਤੇ ਇੰਟਰਨੈਸ਼ਨਲ ਵੇਟਲਿਫਟਰ ਹਰਦੀਪ ਸਿੰਘ ਦੀਪਾ ਕਰਨਗੇ। ਜਦਕਿ ਅਜਾਇਬ ਸਿੰਘ ਗਰਚਾ, ਜਗਰੂਪ ਸਿੰਘ ਜਰਖੜ ਵਿਸ਼ੇਸ਼ ਮਹਿਮਾਨ ਹੋਣਗੇ। ਉਨ੍ਹਾਂ ਦੱਸਿਆ ਕਿ ਜੇਤੂ ਟੀਮ ਨੂੰ 51 ਹਜ਼ਾਰ ਰੁਪਏ ਦਾ ਨਗਦ ਇਨਾਮ ਅਤੇ ਟ੍ਰਾਫ਼ੀ ਦਿੱਤੀ ਜਾਵੇਗੀ। ਉਪਜੇਤੂ ਟੀਮ ਨੂੰ 31 ਹਜ਼ਾਰ ਰੁਪਏ, ਤੀਜੇ ਸਥਾਨ ਵਾਲੀ ਟੀਮ ਨੂੰ 15 ਹਜ਼ਾਰ ਅਤੇ ਚੌਥੇ ਸਥਾਨ ਤੇ ਰਹਿਣ ਵਾਲੀ ਟੀਮ ਨੂੰ 11 ਹਜ਼ਾਰਾਂ ਰੁਪਏ ਦਿੱਤੇ ਜਾਣਗੇ। ਵਧੀਆ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਐੱਲ ਈ ਡੀ ਦਿੱਤੀਆਂ ਜਾਣਗੀਆਂ।

